@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 26 July 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 26 ਜੁਲਾਈ 2024, 11 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 260, qpatrika@gmail.com ਫੋਨ : 9971359517 www.qaumipatrika.org

## ਕੇਂਦਰ ਦੇ ਆਮ ਬਜਟ ਤੋਂ ਸੁੱਖੂ ਹੋਏ ਨਿਰਾਸ਼, ਹਿਮਾਚਲ ਨੂੰ ਕੁਝ ਨਹੀਂ ਮਿਲਿਆ

ਸ਼ਿਮਲਾ 25 ਜੁਲਾਈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਕਿ ਸੰਸਦ 'ਚ ਪੇਸ਼ ਕੀਤੇ ਗਏ ਕੇਂਦਰੀ ਬਜਟ 'ਚ ਹਿਮਾਚਲ ਨੂੰ ਪੂਰੀ ਤਰ੍ਹਾਂ ਨਜਰਅੰਦਾਜ ਕੀਤਾ ਗਿਆ ਹੈ ਅਤੇ ਉਸ ਨੂੰ ਕੁਝ ਵੀ ਨਹੀਂ ਮਿਲਿਆ। ਹਾਲਾਂਕਿ, ਸੂਬੇ 'ਚ ਮੁੱਖ ਵਿਰੋਧੀ ਪਾਰਟੀ ਭਾਜਪਾ ਨੇ ਬਜਟ ਦੀ ਪ੍ਰਸ਼ੰਸਾ ਕੀਤੀ ਹੈ। ਸੁੱਖੂ ਨੇ ਇਕ ਬਿਆਨ ਵਿਚ ਕਿਹਾ ਕਿ ਬਜਟ ਵਿਚ ਵਿਤਕਰਾ ਸਾਫ ਨਜਰ ਆ ਰਿਹਾ ਹੈ ਕਿਉਂਕਿ ਬਿਹਾਰ ਅਤੇ ਆਂਧਰਾ ਪ੍ਰਦੇਸ ਵਿਚ ਕੌਮੀ ਜਮਹੂਰੀ ਗਠਜੋੜ (ਐੱਨ.ਡੀ.ਏ.) ਦੀਆਂ ਸਹਿਯੋਗੀ ਪਾਰਟੀਆਂ ਨੂੰ ਇਨਾਮ ਦਿੱਤਾ ਗਿਆ ਹੈ ਪਰ ਹਿਮਾਚਲ ਨੂੰ ਪਿਛਲੇ ਸਾਲ ਦੀ ਮਾਨਸੂਨ ਆਫਤ ਲਈ ਵਿਸੇਸ ਪੈਕੇਜ ਤੋਂ ਵਾਂਝੇ ਰੱਖਣ ਦਾ ਕੋਈ ਜਿ਼ਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜੀ.ਐੱਸ.ਟੀ. ਮੁਆਵਜੇ ਦੀ ਸਮਾਪਤੀ ਨੇ ਹਿਮਾਚਲ ਪ੍ਰਦੇਸ ਨੂੰ ਇਕ ਨਾਜੁਕ ਵਿੱਤੀ ਸਥਿਤੀ ਵਿਚ ਪਾ ਦਿੱਤਾ ਹੈ, ਜਿਸਦੇ ਨਤੀਜੇ ਵਜੋਂ ਸਾਲਾਨਾ ਨੁਕਸਾਨ ਹੁੰਦਾ ਹੈ, ਜਿਸ ਨੂੰ ਸੂਬਾ ਬਰਦਾਸਤ ਨਹੀਂ ਕਰ ਸਕਦਾ ਹੈ। ਇਸ ਨੁਕਸਾਨ ਨੂੰ ਘੱਟ ਕਰਨ ਅਤੇ ਸਾਡੇ ਸੂਬੇ ਦੀ ਵਿੱਤੀ ਸਥਿਰਤਾ ਨੂੰ ਸਮਰਥਨ ਦੇਣ ਲਈ ਬਿਹਾਰ ਅਤੇ ਆਂਧਰਾ ਪ੍ਰਦੇਸ ਲਈ ਵਿਸੇਸ ਵਿੱਤੀ ਪੈਕੇਜ ਦੀ ਫੌਰੀ ਲੋੜ ਸੀ। ਇਸ ਦੌਰਾਨ ਸੂਬਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਜੈਰਾਮ ਠਾਕੁਰ ਨੇ ਕੇਂਦਰੀ ਬਜਟ ਨੂੰ "ਵਿਕਸਿਤ ਭਾਰਤ" ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਇਕ ਮੀਲ ਪੱਥਰ ਦੱਸਿਆ ਅਤੇ ਕਿਹਾ ਕਿ ਔਰਤਾਂ, ਨੌਜਵਾਨਾਂ, ਕਿਸਾਨਾਂ ਅਤੇ ਗਰੀਬਾਂ ਦੇ ਸਸਕਤੀਕਰਨ ਲਈ ਕਦਮ ਚੁੱਕੇ ਗਏ ਹਨ।

## ਜਿਮਨੀ ਚੋਣ ਦੀ ਜਿੱਤ ਤੋਂ ਬਾਅਦ ਜਲੰਧਰ ਪਹੁੰਚੇ ਮੁੱਖ ਮੰਤਰੀ ਭਗਵੰਤ ਮਾਨ

ਜਲੰਧਰ 25 ਜੁਲਾਈ। ਜਲੰਧਰ ਵੈਸਟ ਹਲਕੇ ਵਿਚ ਹੋਈ ਜਿਮਨੀ ਚੋਣ ਦੇ ਨਤੀਜੇ ਆਉਣ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਜਲੰਧਰ ਦੇ ਦੌਰੇ 'ਤੇ ਪਹੁੰਚੇ। ਇਸ ਦੌਰਾਨ ਉਨ੍ਹਾਂ ਵੱਲੋਂ ਪਾਰਟੀ ਦੇ ਅਹੁਦੇਦਾਰਾਂ ਅਤੇ ਵਾਲੰਟੀਅਰਾਂ ਨਾਲ ਮੁਲਾਕਾਤ ਕੀਤੀ ਗਈ। ਵੱਡੀ ਲੀਡ ਨਾਲ ਮੋਹਿੰਦਰ ਭਗਤ ਨੂੰ ਜਿਤਾਉਣ ਲਈ ਉਨ੍ਹਾਂ ਵੱਲੋਂ ਜਲੰਧਰ ਵਾਸੀਆਂ ਦਾ ਧੰਨਵਾਦ ਵੀ ਕੀਤਾ ਗਿਆ ਹੈ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਤਸਵੀਰਾਂ ਟਵਿੱਟਰ ਅਕਾਊਂਟ 'ਤੇ ਸ਼ੇਅਰ ਕੀਤੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਲਿਖਿਆ ਕਿ ਅੱਜ ਜਲੰਧਰ ਵਿਖੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਾਲੰਟੀਅਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ ਹਨ। ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਰਿਕਾਰਡ ਤੋੜ ਜਿੱਤ 'ਚ ਤੁਹਾਡੇ



ਸਾਰਿਆਂ ਦਾ ਸਭ ਤੋਂ ਵੱਡਾ ਯੋਗਦਾਨ ਰਿਹਾ ਹੈ। ਤੁਸੀਂ ਸਭ ਨੇ ਘਰ-ਘਰ ਜਾ ਕੇ ਲੋਕਾਂ ਨੂੰ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਜਾਣੂੰ ਕਰਵਾਇਆ ਹੈ। ਆਉਣ ਵਾਲੇ ਦਿਨਾਂ 'ਚ ਤੁਹਾਨੂੰ ਸਭ ਨੂੰ ਸਰਕਾਰ ਅਤੇ ਸੰਗਠਨ ਦੋਵਾਂ 'ਚ ਵੱਡੀਆਂ ਜਿ਼ੰਮੇਵਾਰੀਆਂ ਦਿੱਤੀਆਂ ਜਾਣਗੀਆਂ। ਸਾਰਿਆਂ ਨੂੰ ਭਵਿੱਖ ਲਈ ਬਹੁਤ-ਬਹੁਤ ਸ਼ੁੱਭਕਾਮਨਾਵਾਂ। ਇਕ ਵਾਰ ਫਿ਼ਰ ਜਲੰਧਰ ਵਾਲਿਓ ਤੁਹਾਡਾ ਬਹੁਤ-ਬਹੁਤ ਧੰਨਵਾਦ। ਇਥੇ ਦੱਸ ਦੇਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਅੱਜ ਅਤੇ ਕੱਲ੍ਹ ਜਲੰਧਰ ਦੇ ਦੌਰੇ 'ਤੇ ਹੀ ਰਹਿਣਗੇ ਅਤੇ 'ਆਪ' ਅਹੁਦੇਦਾਰਾਂ ਅਤੇ ਵਾਲੰਟੀਅਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਜਾਰੀ ਰਹੇਗਾ।

## ਜੰਮੂ ਕਸ਼ਮੀਰ 'ਚ ਸਥਿਤੀ ਕੁਝ ਮਹੀਨਿਆਂ 'ਚ ਹੋ ਜਾਵੇਗੀ ਆਮ : ਮਨੋਜ ਸਿਨਹਾ

ਸ਼੍ਰੀਨਗਰ 25 ਜੁਲਾਈ। ਜੰਮੂ ਕਸ਼ਮੀਰ ਦੇ ਉੱਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਦੁਸ਼ਮਣਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਕੁਝ ਮਹੀਨਿਆਂ 'ਚ ਸਥਿਤ ਮੁੜ ਆਮ ਹੋ ਜਾਵੇਗੀ। ਸਿਨਹਾ ਨੇ ਕਿਹਾ,"ਜੋ ਲੋਕ (ਇੱਥੋਂ ਦੇ ਸ਼ਾਂਤੀਪੂਰਵਕ ਮਾਹੌਲ ਨੂੰ) ਪਚਾ ਨਹੀਂ ਪਾ ਰਹੇ ਹਨ, ਉਨ੍ਹਾਂ ਨੂੰ ਆਪਣੇ ਅੰਤ ਲਈ ਤਿਆਰ ਰਹਿਣਾ ਚਾਹੀਦਾ। ਇੱਥੋਂ ਦੇ ਲੋਕਾਂ ਨੇ ਪਹਿਲਾਂ ਵੀ ਉਨ੍ਹਾਂ ਨੂੰ ਕਰਾਰਾ ਜਵਾਬ ਦਿੱਤਾ ਹੈ। ਸਥਿਤੀ ਦੀ ਵੀ ਇਹੀ ਮੰਗ ਹੈ। ਮੈਨੂੰ ਲੱਗਦਾ ਹੈ ਕਿ ਕੁਝ ਮਹੀਨਿਆਂ 'ਚ ਸਥਿਤੀ ਮੁੜ ਆਮ ਹੋ ਜਾਵੇਗੀ।" ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਜੰਮੂ ਖੇਤਰ 'ਚ ਪਿਛਲੇ ਕੁਝ ਮਹੀਨਿਆਂ 'ਚ ਅੱਤਵਾਦ ਨਾਲ ਸੰਬੰਧਤ ਹਿੰਸਾ 'ਚ ਤੇਜੀ ਦੇਖੀ ਗਈ ਹੈ। ਉੱਪ ਰਾਜਪਾਲ ਨੇ ਕੇਂਦਰੀ ਬਜਟ ਦਾ ਵੀ ਸਵਾਗਤ ਕੀਤਾ ਅਤੇ ਇਸ ਨੂੰ ਇਤਿਹਾਸਕ ਦੱਸਿਆ। ਉਨ੍ਹਾਂ ਕਿਹਾ,"ਮੈਂ ਸੰਸਦ 'ਚ ਇਤਿਹਾਸਕ ਬਜਟ ਪੇਸ਼ ਕਰਨ ਲਈ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਨੂੰ ਲੱਗਦਾ ਹੈ ਕਿ ਇਹ ਇਕ ਵਿਕਸਿਤ ਭਾਰਤ ਅਤੇ ਉਸ ਦੇ ਨਾਲ-ਨਾਲ ਇਕ ਵਿਕਸਿਤ ਜੰਮੂ ਕਸ਼ਮੀਰ ਦੀ ਮਜਬੂਤ ਨੀਂਹ ਰੱਖੇਗਾ।" ਸਿਨਹਾ ਨੇ ਕਿਹਾ ਕਿ ਕਿਸਾਨਾਂ, ਨੌਜਵਾਨਾਂ, ਔਰਤਾਂ ਅਤੇ ਗਰੀਬਾਂ 'ਤੇ ਸਰਕਾਰ ਦਾ ਵਿਸ਼ੇਸ਼ ਧਿਆਨ ਹੈ।

# ਪ੍ਰਧਾਨ ਮੰਤਰੀ ਮੋਦੀ 25ਵੇਂ ਵਿਜੇ ਦਿਵਸ 'ਤੇ ਜਾਣਗੇ ਕਾਰਗਿਲ

**ਸਿੰਮੀ ਕੌਰ ਬੱਬਰ**

ਸ਼੍ਰੀਨਗਰ 25 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਰਗਿਲ ਵਿਜੇ ਦਿਵਸ ਦੀ 25ਵੀਂ ਵਰ੍ਹੇਗੰਢ 'ਤੇ ਸ਼ੁੱਕਰਵਾਰ ਨੂੰ ਕਾਰਗਿਲ ਦਾ ਦੌਰਾ ਕਰਨਗੇ ਅਤੇ ਉਨ੍ਹਾਂ ਯੁੱਧ ਨਾਇਕਾਂ ਨੂੰ ਸਰਧਾਂਜਲੀ ਭੇਟ ਕਰਨਗੇ, ਜਿਨ੍ਹਾਂ ਨੇ ਕਰਤੱਵ ਦੀ ਰਾਹ 'ਤੇ ਕੁਰਬਾਨੀ ਦਿੱਤੀ। ਸਾਲ 1999 ਵਿਚ ਕਾਰਗਿਲ ਯੁੱਧ ਵਿਚ ਪਾਕਿਸਤਾਨ 'ਤੇ ਭਾਰਤੀ ਫੌਜ ਦੀ ਜਿੱਤ ਨੂੰ 26 ਜੁਲਾਈ ਨੂੰ ਵਿਜੇ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ 25ਵੇਂ ਕਾਰਗਿਲ ਵਿਜੇ ਦਿਵਸ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਸਵੇਰੇ 9.20 ਵਜੇ ਕਾਰਗਿਲ ਯੁੱਧ ਸਮਾਰਕ ਦਾ ਦੌਰਾ ਕਰਨਗੇ ਅਤੇ ਉਥੇ ਸਰਧਾਂਜਲੀ ਭੇਟ ਕਰਨਗੇ। ਵਿਜੇ ਦਿਵਸ ਮੌਕੇ ਤਿੰਨ ਦਿਨਾਂ ਸਮਾਰੋਹ 24 ਜੁਲਾਈ ਨੂੰ ਕਾਰਗਿਲ ਜਿ਼ਲ੍ਹੇ ਦੇ ਦਰਾਸ ਵਿਚ ਸ਼ੁਰੂ ਹੋਇਆ। ਆਪਣੀ ਫੇਰੀ ਦੌਰਾਨ ਪ੍ਰਧਾਨ ਮੰਤਰੀ ਮੋਦੀ ਸ਼ਿੰਕੁਨ ਲਾ ਸੁਰੰਗ ਪ੍ਰਾਜੈਕਟ ਦਾ ਵੀ ਸੰਚਾਲਨ ਕਰਨਗੇ। ਸ਼ਿੰਕੁਨ ਲਾ ਸੁਰੰਗ ਪ੍ਰਾਜੈਕਟ ਵਿਚ 4.1 ਕਿਲੋਮੀਟਰ ਲੰਬੀ ਟਵਿਨ-ਟਿਊਬ ਸੁਰੰਗ ਸ਼ਾਮਲ ਹੈ, ਜੋ ਕਿ ਲੇਹ ਨੂੰ ਹਰ ਮੌਸਮ 'ਚ



ਸੰਪਰਕ ਪ੍ਰਦਾਨ ਕਰਨ ਲਈ ਨਿਮੂ-ਪਦੁਮ ਦਾਰਚਾ ਰੋਡ 'ਤੇ ਲੱਗਭਗ 15,800 ਫੁੱਟ ਦੀ ਉੱਚਾਈ 'ਤੇ ਕੀਤਾ ਜਾਵੇਗਾ, ਤਾਂ ਕਿ ਲੇਹ ਨੂੰ ਹਰ ਮੌਸਮ ਵਿਚ ਸੰਪਰਕ ਪ੍ਰਦਾਨ ਕੀਤਾ ਜਾ ਸਕੇ। ਇਕ ਵਾਰ ਪੂਰਾ ਹੋਣ ਜਾਣ 'ਤੇ ਇਹ ਦੁਨੀਆ ਦੀ ਸਭ ਤੋਂ ਉੱਚੀ ਸੁਰੰਗ ਹੋਵੇਗੀ। ਬੁਲਾਰੇ ਨੇ ਕਿਹਾ ਕਿ ਸ਼ਿੰਕੁਨ ਲਾ ਸੁਰੰਗ ਨਾ ਸਿਰਫ ਸਾਡੇ ਹਥਿਆਰਬੰਦ ਫੌਜੀਆਂ ਅਤੇ ਉਪਕਰਨਾਂ ਦੀ ਤੇਜ ਆਵਾਜਾਈ ਯਕੀਨੀ ਕਰੇਗੀ, ਸਗੋਂ ਲੱਦਾਖ ਵਿਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਹੁਲਾਰਾ ਦੇਵੇਗੀ। ਜਿ਼ਕਰਯੋਗ ਹੈ ਕਿ 1999 'ਚ ਪਾਕਿਸਤਾਨੀ ਫੌਜੀਆਂ ਅਤੇ ਕਈ ਸਮੂਹਾਂ ਦੇ ਅੱਤਵਾਦੀਆਂ ਨੇ ਰਣਨੀਤਕ ਸ਼੍ਰੀਨਗਰ-ਲੇਹ ਹਾਈਵੇਅ 'ਤੇ ਕੰਟਰੋਲ ਰੇਖਾ ਨੇੜੇ ਦਰਾਸ ਤੋਂ ਬਟਾਲਿਕ ਸੈਕਟਰ ਤੱਕ ਦੀਆਂ ਉੱਚਾਈਆਂ 'ਤੇ ਕਬਜਾ ਕਰ ਲਿਆ ਸੀ। ਭਾਰਤੀ ਫੌਜ ਨੇ ਬਾਅਦ 'ਚ ਭਾਰਤੀ ਹਵਾਈ ਫੌਜ ਨਾਲ ਮਿਲ ਕੇ ਇਕ ਵੱਡਾ ਆਪ੍ਰੇਸ਼ਨ ਸ਼ੁਰੂ ਕੀਤਾ ਅਤੇ 74 ਦਿਨ ਦੀ ਲੜਾਈ ਮਗਰੋਂ ਆਪਣੇ ਖੇਤਰ ਨੂੰ ਵਾਪਸ ਜਿੱਤਣ 'ਚ ਸਫਲ ਰਹੀ। ਉਦੋਂ ਤੋਂ ਫੌਜ 26 ਜੁਲਾਈ ਨੂੰ ਵਿਜੇ ਦਿਵਸ ਵਜੋਂ ਮਨਾ ਰਹੀ ਹੈ, ਜਿਸ ਦਾ ਮੁੱਖ ਸਮਾਰੋਹ ਦਰਾਸ ਵਿਖੇ ਆਯੋਜਿਤ ਕੀਤਾ ਜਾਂਦਾ ਹੈ।

## ਤਿੰਨ ਦਿਨਾਂ ਦੇ ਲਾਓਸ ਦੌਰੇ 'ਤੇ ਜਾਣਗੇ ਵਿਦੇਸ ਮੰਤਰੀ ਜੈਸ਼ੰਕਰ

ਨਵੀਂ ਦਿੱਲੀ 25 ਜੁਲਾਈ। ਵਿਦੇਸ ਮੰਤਰੀ ਐੱਸ ਜੈਸੰਕਰ ਵੀਰਵਾਰ ਨੂੰ ਲਾਓਸ ਦੇ ਤਿੰਨ ਦਿਨਾਂ ਦੌਰੇ 'ਤੇ ਜਾਣਗੇ। ਇਸ ਦੌਰਾਨ ਉਹ ਵਪਾਰ ਅਤੇ ਨਿਵੇਸ ਸਮੇਤ ਵੱਖ-ਵੱਖ ਖੇਤਰਾਂ ਵਿੱਚ ਆਸੀਆਨ-ਭਾਰਤ ਸਹਿਯੋਗ ਦੀ ਸਮੀਖਿਆ ਕਰਨਗੇ। ਵਿਦੇਸ ਮੰਤਰਾਲੇ ਨੇ ਮੰਗਲਵਾਰ ਨੂੰ ਇਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ। ਲਾਓਸ (ਅਧਿਕਾਰਤ ਨਾਮ ਲਾਓ ਪੀਪਲਜ ਡੈਮੋਕਰੇਟਿਕ ਰੀਪਬਲਿਕ) ਵਰਤਮਾਨ ਵਿੱਚ 10-ਮੈਂਬਰੀ ਆਸੀਆਨ (ਦੱਖਣੀ ਪੂਰਬੀ ਰਾਸਟਰਾਂ ਦੀ ਐਸੋਸੀਏਸਨ) ਦੀ ਪ੍ਰਧਾਨਗੀ ਕਰਦਾ ਹੈ। ਆਸੀਆਨ-ਭਾਰਤ ਸਿਖਰ ਸੰਮੇਲਨ ਇਸ ਸਾਲ ਅਕਤੂਬਰ ਵਿੱਚ ਵੀਅਤਨਾਮ ਦੀ ਰਾਜਧਾਨੀ ਵਿਏਨਟਿਆਨੇ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦੇਸ ਦਾ ਦੌਰਾ ਕਰ ਸਕਦੇ ਹਨ। ਇੱਕ ਅਧਿਕਾਰਤ ਬਿਆਨ ਵਿੱਚ, ਵਿਦੇਸ ਮੰਤਰਾਲੇ ਨੇ ਕਿਹਾ ਕਿ ਵਿਦੇਸ ਮੰਤਰੀ ਐੱਸ ਜੈਸੰਕਰ 25 ਤੋਂ 27 ਜੁਲਾਈ ਤੱਕ ਵਿਏਨਟਿਆਨੇ ਦੇ ਦੌਰੇ 'ਤੇ ਹੋਣਗੇ ਅਤੇ ਆਸੀਆਨ-ਭਾਰਤ, ਪੂਰਬੀ ਏਸੀਆ ਦੇ ਢਾਂਚੇ ਦੇ ਤਹਿਤ ਆਯੋਜਿਤ ਵਿਦੇਸ ਮੰਤਰੀਆਂ ਦੀ ਬੈਠਕ ਵਿੱਚ ਹਿੱਸਾ ਲੈਣਗੇ। ਜੈਸ਼ੰਕਰ ਦੇ ਆਸੀਅਨ ਨਾਲ ਜੁੜੀਆਂ ਬੈਠਕਾਂ ਤੋਂ ਇਲਾਵਾ ਲਾਓਸ ਤੇ ਹੋਰ ਦੇਸ਼ਾਂ ਦੇ ਆਪਣੇ ਹਮਰੁਤਬਾ ਅਧਿਕਾਰੀਆਂ ਦੇ ਨਾਲ ਦੋ ਪੱਖੀ ਗੱਲਬਾਤ ਦੀ ਵੀ ਉਮੀਦਹੈ। ਆਸੀਆਨ-ਭਾਰਤ ਸੰਵਾਦ ਸਬੰਧ ਖੇਤਰੀ ਭਾਈਵਾਲੀ ਵਜੋਂ 1992 ਵਿੱਚ ਸੁਰੂ ਹੋਏ ਸਨ। ਦਸੰਬਰ 1995 ਵਿੱਚ, ਇਸਨੂੰ ਪੂਰਨ ਸੰਵਾਦ ਦਾ ਦਰਜਾ ਦਿੱਤਾ ਗਿਆ ਅਤੇ 2002 ਵਿੱਚ ਇਸਨੂੰ ਸਿਖਰ ਪੱਧਰ ਦੀ ਭਾਈਵਾਲੀ ਵਿੱਚ ਅੱਪਗ੍ਰੇਡ ਕੀਤਾ ਗਿਆ।

## ਕੇਂਦਰ ਸਰਕਾਰ ਨੇ ਬਜਟ 'ਚ ਦਿੱਲੀ ਅਤੇ ਪੰਜਾਬ ਨਾਲ ਕੀਤਾ ਸੌਤੇਲਾ ਰਵੱਈਆ

ਨਵੀਂ ਦਿੱਲੀ 25 ਜੁਲਾਈ। ਆਮ ਆਦਮੀ ਪਾਰਟੀ (ਆਪ) ਨੇ ਬਜਟ ਨੂੰ ਨਿਰਾਸ਼ਾਜਨਕ ਕਰਾਰ ਦਿੰਦੇ ਹੋਏ ਕੇਂਦਰ ਸਰਕਾਰ ਨੇ ਇਸ ਬਜਟ 'ਚ ਦਿੱਲੀ ਅਤੇ ਪੰਜਾਬ ਨਾਲ ਸੌਤੇਲਾ ਰਵੱਈਆ ਕੀਤਾ ਹੈ। 'ਆਪ' ਦੇ ਰਾਸ਼ਟਰੀ ਸੰਗਠਨ ਮਹਾਂਮੰਤਰੀ ਅਤੇ ਰਾਜ ਸਭਾ ਸੰਸਦ ਮੈਂਬਰ ਸੰਦੀਪ ਪਾਠਕ ਨੇ ਬੁੱਧਵਾਰ ਨੂੰ ਕਿਹਾ ਕਿ ਇਸ ਵਾਰ ਦਾ ਬਜਟ ਬੇਹੱਦ ਨਿਰਾਸ਼ਾਜਨਕ ਰਿਹਾ ਹੈ। ਇਸ ਬਜਟ 'ਚ ਸਰਕਾਰ ਨੇ ਨਾ ਤਾਂ ਰੁਜਗਾਰ 'ਤੇ ਧਿਆਨ ਦਿੱਤਾ ਹੈ, ਨਾ ਹੀ ਨੌਜਵਾਨਾਂ ਅਤੇ ਕਿਸਾਨਾਂ ਲਈ ਕੁਝ ਕੀਤਾ ਹੈ। ਕੇਂਦਰ ਸਰਕਾਰ ਨੇ ਇਸ ਬਜਟ 'ਚ ਦਿੱਲੀ ਅਤੇ ਪੰਜਾਬ ਨਾਲ ਸੌਤੇਲਾ ਰਵੱਈਆ ਕੀਤਾ ਹੈ। ਡਾ. ਪਾਠਕ ਨੇ ਕਿਹਾ ਕਿ ਅੱਜ ਸਰਕਾਰ ਨੂੰ ਜਗਾਉਣ ਦੀ ਲੋੜ ਹੈ। ਇੰਨੇ ਮਹਾਨ ਦੇਸ਼ ਦੇ ਪ੍ਰਧਾਨ ਮੰਤਰੀ ਹੋਣ ਤੋਂ ਬਾਅਦ ਇੰਨੀ ਛੋਟੀ ਵਿਚਾਰਧਾਰਾ ਨਾਲ ਬਜਟ ਬਣਾਉਣਗੇ ਤਾਂ ਦੇਸ਼ ਅੱਗੇ ਕਿਵੇਂ ਵਧੇਗਾ? ਸਰਕਾਰ ਦੇ ਇਸ ਬਜਟ ਦਾ ਕੋਈ ਟੀਚਾ ਨਹੀਂ ਹੈ। ਅੱਜ ਬੇਰੁਜਗਾਰੀ ਦਰ 7.2 ਤੋਂ ਵਧ ਕੇ 9 ਫੀਸਦੀ ਹੋ ਗਈ ਹੈ। ਕਾਰਪੋਰੇਟ ਮੁਨਾਫਾ ਤਾਂ ਵਧ ਗਿਆ ਹੈ ਪਰ ਰੁਜਗਾਰ ਨਹੀਂ ਵਧ ਸਕਿਆ ਹੈ। ਕਿਸਾਨਾਂ ਨੂੰ ਐੱਮ.ਐੱਸ.ਪੀ. ਦੀ ਗਾਰੰਟੀ ਤਾਂ ਬਹੁਤ ਦੂਰ ਦੀ ਗੱਲ ਹੈ ਸਰਕਾਰ ਨੇ ਖਾਦ ਦੀ ਸਬਸਿਡੀ 'ਚ 36 ਫੀਸਦੀ ਕਮੀ ਕਰ ਦਿੱਤੀ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਦੇਸ਼ ਦੇ ਕਿਸਾਨਾਂ ਤੋਂ ਬੇਹੱਦ ਨਫਰਤ ਕਰਦੀ ਹੈ। 'ਆਪ' ਨੇਤਾ ਨੇ ਕਿਹਾ ਕਿ ਦਿੱਲੀ ਸਰਕਾਰ ਆਪਣੇ ਬਜਟ 'ਚ 25 ਫੀਸਦੀ ਸਿੱਖਿਆ 'ਤੇ ਖਰਚ ਕਰਦੀ ਹੈ, ਜਦੋਂ ਕਿ ਕੇਂਦਰ ਸਰਕਾਰ 2 ਫੀਸਦੀ ਤੋਂ ਵੀ ਘੱਟ ਦਾ ਬਜਟ ਸਿੱਖਿਆ ਖੇਤਰ ਨੂੰ ਦਿੰਦੀ ਹੈ। ਸਰਕਾਰ ਦੇਸ਼ ਦੇ ਨੌਜਵਾਨਾਂ ਨੂੰ ਅਨਪੜ੍ਹ ਰੱਖਣਾ ਚਾਹੁੰਦੇ ਹਨ। ਦਿੱਲੀ ਸਰਕਾਰ ਜਿੱਥੇ ਆਪਣੇ ਬਜਟ 'ਚ 15 ਫੀਸਦੀ ਸਿਹਤ ਖੇਤਰ ਨੂੰ ਦਿੰਦੀ ਹੈ, ਉੱਥੇ ਹੀ ਕੇਂਦਰ ਸਰਕਾਰ ਇਕ ਫੀਸਦੀ ਤੋਂ ਵੀ ਘੱਟ ਦਾ ਬਜਟ ਸਿਹਤ ਨੂੰ ਦਿੰਦੀ ਹੈ।

# ਕਿਸਾਨ ਨੇਤਾਵਾਂ ਦੇ 12 ਮੈਂਬਰੀ ਵਫਦ ਨੇ ਰਾਹੁਲ ਗਾਂਧੀ ਨਾਲ ਕੀਤੀ ਮੁਲਾਕਾਤ

**ਏਜੰਸੀਆਂ**

ਨਵੀਂ ਦਿੱਲੀ 25 ਜੁਲਾਈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ, ਤੇਲੰਗਾਨਾ, ਤਾਮਿਲਨਾਡੂ ਅਤੇ ਕਰਨਾਟਕ ਦੇ ਕਿਸਾਨ ਆਗੂਆਂ ਦੇ ਇਕ ਵਫਦ ਨੇ ਬੁੱਧਵਾਰ ਨੂੰ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਮੁੱਦਿਆਂ ਤੋਂ ਜਾਣੂ ਕਰਵਾਇਆ। ਇਹ ਬੈਠਕ ਸੰਸਦ ਭਵਨ ਸਥਿਤ ਰਾਹੁਲ ਗਾਂਧੀ ਦੇ ਦਫਤਰ ਵਿਚ ਹੋਈ। ਇਸ ਵਿਚ ਕਾਂਗਰਸ ਸੰਗਠਨ ਦੇ ਜਨਰਲ ਸਕੱਤਰ ਕੇ. ਸੀ. ਵੇਣੂਗੋਪਾਲ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ, ਗੁਰਜੀਤ ਸਿੰਘ ਔਜਲਾ, ਧਰਮਵੀਰ ਗਾਂਧੀ, ਅਮਰ ਸਿੰਘ, ਦੀਪੇਂਦਰ ਸਿੰਘ ਹੁੱਡਾ ਅਤੇ ਜੈ ਪ੍ਰਕਾਸ ਵੀ ਹਾਜਰ ਸਨ। ਇਸ ਵਫਦ ਵਿਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ, ਤੇਲੰਗਾਨਾ, ਤਾਮਿਲਨਾਡੂ ਅਤੇ ਕਰਨਾਟਕ ਦੇ 12 ਕਿਸਾਨ ਆਗੂ ਸਾਮਲ ਸਨ। ਜਾਣਕਾਰੀ ਮੁਤਾਬਕ ਮੁਲਾਕਾਤ ਦੌਰਾਨ ਕਿਸਾਨਾਂ ਦੇ ਵਫਦ ਨੇ ਰਾਹੁਲ ਗਾਂਧੀ ਨੂੰ ਪ੍ਰਾਈਵੇਟ ਮੈਂਬਰ ਬਿੱਲ ਲਿਆਉਣ ਦੀ ਗੱਲ ਆਖੀ ਹੈ। ਹਾਲਾਂਕਿ ਮੁਲਾਕਾਤ ਤੋਂ ਕੁਝ ਦੇਰ ਪਹਿਲਾਂ ਰਾਹੁਲ ਨੇ ਕਿਸਾਨਾਂ ਨੂੰ ਸੰਸਦ ਦੇ ਅੰਦਰ ਨਾ ਆਉਣ ਦਾ ਦੋਸ਼ ਲਾਇਆ ਸੀ। ਰਾਹੁਲ ਨੇ ਕਿਹਾ ਕਿ ਅਸੀਂ ਕਿਸਾਨ ਨੇਤਾਵਾਂ ਨੂੰ ਇੱਥੇ ਮਿਲਣ ਦਾ ਸੱਦਾ ਦਿੱਤਾ ਸੀ ਪਰ ਉਨ੍ਹਾਂ ਨੂੰ ਸੰਸਦ 'ਚ ਆਉਣ ਦੀ ਇਜਾਜਤ ਨਹੀਂ ਦਿੱਤੀ ਗਈ, ਕਿਉਂਕਿ ਉਹ ਕਿਸਾਨ ਹਨ। ਇਸ



ਤੋਂ ਕੁਝ ਦੇਰ ਬਾਅਦ ਕਿਸਾਨਾਂ ਨੂੰ ਅੰਦਰ ਆਉਣ ਦੀ ਇਜਾਜਤ ਮਿਲ ਗਈ। ਕਿਸਾਨ ਨੇਤਾਵਾਂ ਨਾਲ ਮੁਲਾਕਾਤ ਮਗਰੋਂ ਰਾਹੁਲ ਗਾਂਧੀ ਨੇ ਕਿਹਾ ਕਿ ਅਸੀਂ ਆਪਣੇ ਮੈਨੀਫੈਸਟੋ 'ਚ ਕਾਨੂੰਨੀ ਗਾਰੰਟੀ ਨਾਲ ਦਾ ਜਿ਼ਕਰ ਕੀਤਾ ਹੈ। ਅਸੀਂ ਮੁਲਾਂਕਣ ਕੀਤਾ ਹੈ ਅਤੇ ਇਸ ਨੂੰ ਲਾਗੂ ਕੀਤਾ ਜਾ ਸਕਦਾ ਹੈ। ਰਾਹੁਲ ਨੇ ਕਿਹਾ ਕਿ ਮੈਂ ਅਜੇ ਕਿਸਾਨਾਂ ਨਾਲ ਬੈਠਕ ਕੀਤੀ, ਜਿਸ ਵਿਚ ਤੈਅ ਕੀਤਾ ਗਿਆ ਕਿ ਅਸੀਂ ਇੰਡੀਆ ਗਠਜੋੜ ਦੇ ਦੂਜੇ ਨੇਤਾਵਾਂ ਨਾਲ ਗੱਲ ਕਰਾਂਗੇ ਅਤੇ ਸਰਕਾਰ 'ਤੇ ਦਬਾਅ ਪਾਵਾਂਗੇ ਕਿ ਦੇਸ਼ ਦੇ ਕਿਸਾਨਾਂ ਨੂੰ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ। ਸੰਸਦ ਵਿਚ ਪੇਸ਼ ਹੋਣ ਵਾਲਾ ਜਨਤਕ ਬਿੱਲ ਅਤੇ ਪ੍ਰਾਈਵੇਟ ਮੈਂਬਰ ਬਿੱਲ ਵਿਚ ਫਰਕ ਹੁੰਦਾ ਹੈ। ਪ੍ਰਾਈਵੇਟ ਮੈਂਬਰ ਬਿੱਲ ਨੂੰ ਕੋਈ ਵੀ ਸੰਸਦ ਮੈਂਬਰ ਪੇਸ਼ ਕਰ ਸਕਦਾ ਹੈ। ਪ੍ਰਾਈਵੇਟ ਮੈਂਬਰ ਬਿੱਲ ਸਦਨ ਵਿਚ ਪੇਸ਼ ਕੀਤੇ ਜਾਣ ਲਾਇਕ ਹੈ ਜਾਂ ਨਹੀਂ, ਇਸ ਦਾ ਫੈਸਲਾ ਲੋਕ ਸਭਾ ਸਪੀਕਰ ਅਤੇ ਰਾਜ ਸਭਾ ਦੇ ਸਭਾਪਤੀ ਕਰਦੇ ਹਨ। ਪੇਸ਼ ਹੋਣ ਦੀ ਇਜਾਜਤ ਮਿਲਣ ਮਗਰੋਂ ਪ੍ਰਾਈਵੇਟ ਮੈਂਬਰ ਬਿੱਲ ਇਹ ਸਮੀਖਿਆ ਲਈ ਵੱਖ-ਵੱਖ ਵਿਭਾਗਾਂ ਵਿਚ ਜਾਂਦੇ ਹਨ। ਇਨ੍ਹਾਂ ਬਿੱਲਾਂ ਨੂੰ ਉਥੋਂ ਮਨਜੂਰੀ ਮਿਲਣ 'ਤੇ ਹੀ ਸਦਨ ਦੀ ਮੇਜ 'ਤੇ ਰੱਖਿਆ ਜਾਂਦਾ ਹੈ।

# ਕੇਂਦਰ 'ਚ ਲੰਬੇ ਸਮੇਂ ਤੱਕ ਨਹੀਂ ਚੱਲੇਗੀ ਸਰਕਾਰ

**ਨਵਦੀਪ ਸਿੰਘ ਸਾਹਨੀ**

ਕੋਲਕਾਤਾ 25 ਜੁਲਾਈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਸਮਾਜਵਾਦੀ ਪਾਰਟੀ (ਸਪਾ) ਦੇ ਮੁਖੀ ਅਖਿਲੇਸ ਯਾਦਵ ਨੇ ਐਤਵਾਰ ਨੂੰ "ਨੈਤਿਕ ਤੌਰ 'ਤੇ ਹਾਰ ਗਈ" ਭਾਜਪਾ ਦੀ ਆਲੋਚਨਾ ਕੀਤੀ ਅਤੇ ਦਾਅਵਾ ਕੀਤਾ ਕਿ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਜਿ਼ਆਦਾ ਦੇਰ ਨਹੀਂ ਚੱਲੇਗੀ। ਬੈਨਰਜੀ ਅਤੇ ਯਾਦਵ ਨੇ ਇੱਥੇ ਤ੍ਰਿਣਮੂਲ ਕਾਂਗਰਸ ਦੀ 'ਸਹੀਦ ਦਿਵਸ' ਰੈਲੀ ਨੂੰ ਸੰਬੋਧਨ ਕਰਦਿਆਂ ਇਹ ਟਿੱਪਣੀ ਕੀਤੀ। ਇਹ ਰੈਲੀ ਲੋਕ ਸਭਾ ਚੋਣਾਂ ਤੋਂ ਕਰੀਬ ਛੇ ਹਫਤੇ ਬਾਅਦ ਕਰਵਾਈ ਗਈ ਹੈ। ਇਸ ਚੋਣ ਵਿਚ ਤ੍ਰਿਣਮੂਲ ਕਾਂਗਰਸ ਅਤੇ ਸਪਾ ਨੇ ਕ੍ਰਮਵਾਰ ਪੱਛਮੀ ਬੰਗਾਲ ਅਤੇ ਉੱਤਰ ਪ੍ਰਦੇਸ ਵਿਚ ਭਾਜਪਾ 'ਤੇ ਮਹੱਤਵਪੂਰਨ ਜਿੱਤਾਂ ਹਾਸਲ ਕੀਤੀਆਂ ਸਨ। ਤ੍ਰਿਣਮੂਲ ਕਾਂਗਰਸ ਅਤੇ ਸਪਾ ਦੋਵੇਂ ਰਾਸਟਰੀ ਪੱਧਰ 'ਤੇ ਵਿਰੋਧੀ 'ਭਾਰਤ' ਗੱਠਜੋੜ ਦਾ ਹਿੱਸਾ ਹਨ। ਦੋਵਾਂ ਨੇਤਾਵਾਂ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਭਾਜਪਾ ਨੇ ਕਿਹਾ



ਕਿ ਉਹ ਸੱਤਾ 'ਚ ਆਉਣ ਦੇ ਸੁਪਨੇ ਦੇਖਣ ਲਈ ਆਜਾਦ ਹਨ, ਪਰ ਅਜਿਹਾ ਕਦੇ ਨਹੀਂ ਹੋਵੇਗਾ। ਭਾਜਪਾ ਦੇ ਸੂਬਾ ਬੁਲਾਰੇ ਅਤੇ ਸੰਸਦ ਮੈਂਬਰ ਸਮਿਕ ਭੱਟਾਚਾਰੀਆ ਨੇ ਕਿਹਾ, "ਲੋਕਾਂ ਨੇ ਲਗਾਤਾਰ ਤੀਜੀ ਵਾਰ ਐੱਨਡੀਏ ਸਰਕਾਰ ਨੂੰ ਵੋਟ ਦਿੱਤੀ ਹੈ। ਟੀ.ਐੱਮ.ਸੀ., ਕਾਂਗਰਸ ਅਤੇ ਸਮਾਜਵਾਦੀ ਪਾਰਟੀ ਸੱਤਾ 'ਚ ਆਉਣ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਕਾਬਜ ਹੋਣ ਦੇ ਸੁਪਨੇ ਦੇਖ ਸਕਦੇ ਹਨ ਪਰ ਅਜਿਹਾ ਕਦੇ ਨਹੀਂ ਹੋਵੇਗਾ। ਉਨ੍ਹਾਂ ਨੂੰ 2029 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਵੀ ਵਿਰੋਧੀ ਧਿਰ ਵਿਚ ਬੈਠਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਯਾਦਵ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਰਾਸਟਰੀ ਜਮਹੂਰੀ ਗਠਜੋੜ (ਐੱਨਡੀਏ) ਸਰਕਾਰ ਜਿ਼ਆਦਾ ਦੇਰ ਨਹੀਂ ਚੱਲੇਗੀ, ਕਿਉਂਕਿ "ਫਿਰਕੂ ਤਾਕਤਾਂ" ਨੂੰ ਥੋੜ੍ਹੇ ਸਮੇਂ ਲਈ ਸਫਲਤਾ ਮਿਲ ਸਕਦੀ ਹੈ, ਪਰ ਅੰਤ ਵਿਚ ਉਹ ਹਾਰ ਜਾਣਗੇ। ਭਾਜਪਾ ਜਾਂ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਦਾ ਨਾਂ ਲਏ ਬਿਨਾਂ ਉਨ੍ਹਾਂ ਕਿਹਾ, "ਕੇਂਦਰ ਵਿਚ ਇਹ ਸਰਕਾਰ ਜਿ਼ਆਦਾ ਦੇਰ ਨਹੀਂ ਚੱਲੇਗੀ ਅਤੇ ਛੇਤੀ ਹੀ ਡਿੱਗ ਜਾਵੇਗੀ। ਅਜਿਹੀਆਂ ਫਿਰਕੂ ਤਾਕਤਾਂ ਕਿਸੇ ਵੀ ਕੀਮਤ 'ਤੇ ਸੱਤਾ 'ਤੇ ਕਾਬਜ ਰਹਿਣਾ ਚਾਹੁੰਦੀਆਂ ਹਨ, ਪਰ ਉਨ੍ਹਾਂ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

## ਦਿੱਲੀ 'ਚ ਫਰਜੀ ਕਾਲ ਸੈਂਟਰ ਦਾ ਪਰਦਾਫਾਸ਼, 20 ਦੋਸ਼ੀ ਗ੍ਰਿਫਤਾਰ

ਨਵੀਂ ਦਿੱਲੀ 25 ਜੁਲਾਈ। ਦਿੱਲੀ 'ਚ ਇਕ ਫਰਜੀ ਕਾਲ ਸੈਂਟਰ ਦਾ ਪਰਦਾਫਾਸ਼ ਹੋਇਆ ਹੈ। ਇਥੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦੇ ਨਾਂ 'ਤੇ ਠੱਗਿਆ ਜਾਂਦਾ ਸੀ। ਇਸ ਮਾਮਲੇ 'ਚ 9 ਔਰਤਾਂ ਸਮੇਤ 20 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਥੋਂ 20 ਫੋਨ, 48 ਸਿਮ ਕਾਰਡ ਅਤੇ 4 ਲੈਪਟਾਪ ਜਬਤ ਕੀਤੇ ਗਏ ਹਨ। ਸਾਊਥ ਦਿੱਲੀ ਦੇ ਡੀ.ਸੀ.ਪੀ. ਅੰਕਿਤ ਚੌਹਾਨਦਾ ਅਨੁਮਾਨ ਹੈ ਕਿ 400 ਤੋਂ ਜਿ਼ਆਦਾ ਪੀੜਤ ਇਸ ਫਰਜੀ ਕਾਲ ਸੈਂਟਰ ਦਾ ਸ਼ਿਕਾਰ ਹੋਏ ਹਨ। ਇਨ੍ਹਾਂ ਠੱਗਾਂ ਦੁਆਰਾ ਸ਼ਿਕਾਰ ਬਣਾਏ ਗਏ 50 ਤੋਂ ਜਿ਼ਆਦਾ ਲੋਕਾਂ ਦੀ ਪਛਾਣ ਕਰ ਲਈ ਗਈ ਹੈ, ਜਦੋਂਕਿ ਬਾਕੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਡੀ.ਸੀ.ਪੀ. ਦਾ ਕਹਿਣਾ ਹੈ ਕਿ ਪਹਿਲਾਂ ਇਹ ਲੋਕ ਕਾਲ ਕਰਦੇ ਹਨ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਦਿਵਾਉਣ ਦੇ ਨਾਂ 'ਤੇ ਉਨ੍ਹਾਂ ਕੋਲੋਂ ਪੈਸੇ ਦੀ ਮੰਗ ਕਰਦੇ ਸਨ। ਜੋ ਲੋਕ ਉਨ੍ਹਾਂ ਦੇ ਝਾਂਸੇ 'ਚ ਆ ਜਾਂਦੇ, ਉਨ੍ਹਾਂ ਤੋਂ ਬੈਂਕ ਖਾਤੇ 'ਚ ਪੈਸੇ ਟ੍ਰਾਂਸਫਰ ਕਰਵਾ ਲਏ ਜਾਂਦੇ ਸਨ। ਇਸ ਤੋਂ ਪਹਿਲਾਂ ਵੀ ਮਈ 'ਚ ਦਿੱਲੀ ਦੇ ਪੱਛਮੀ ਵਿਹਾਰ 'ਚ ਵੀ ਅਜਿਹੇ ਹੀ ਇਕ ਕਾਲ ਸੈਂਟਰ ਦੇ ਪਰਦਾਫਾਸ਼ ਦਾ ਮਾਮਲਾ ਸਾਹਮਣੇ ਆਇਆ ਸੀ। ਇਥੋਂ 12 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਦੋਸ਼ੀ ਠੱਗੀ ਲਈ ਲੋਕਾਂ ਦੇ ਸਿਸਟਮ ਨੂੰ ਐਨੀਡੈਸਕ 'ਤੇ ਲੈਂਦੇ ਸਨ ਅਤੇ ਪੀੜਤ ਨੂੰ ਸਾਈਬਰ ਹੈਕਿੰਗ ਨੂੰ ਰੋਕਣ ਲਈ ਆਪਣੇ ਖਾਤੇ ਦੀ ਸੁਰੱਖਿਆ ਦੀ ਧਮਕੀ ਦਿੰਦੇ ਸਨ।

# ਅਗਨੀਵੀਰਾਂ ਲਈ ਵੱਡੀ ਰਾਹਤ, ਬੀ.ਐੱਸ.ਐੱਫ.-ਸੀ.ਆਈ.ਐੱਸ.ਐੱਫ. 'ਚ ਮਿਲੇਗਾ 10 ਫੀਸਦੀ ਰਾਖਵਾਂਕਰਨ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 25 ਜੁਲਾਈ। ਅਗਨੀਵੀਰਾਂ ਨੂੰ ਅਰਧਸੈਨਿਕ ਬਲਾਂ - 'ਚ ਹੋਣ ਵਾਲੀਆਂ ਭਰਤੀਆਂ 'ਚ 10 ਫੀਸਦੀ ਰਾਖਵਾਂਕਰਨ ਦਿੱਤਾ ਜਾਵੇਗਾ। ਕੇਂਦਰੀ ਗ੍ਰਹਿ ਮੰਤਰਾਲਾ ਨੇ ਇਸ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ। ਪੀ.ਐੱਮ. ਮੋਦੀ ਦੀ ਅਗਵਾਈ ਅਤੇ ਅਮਿਤ ਸ਼ਾਹ ਦੇ ਮਾਰਗਦਰਸ਼ਨ 'ਚ ਲਏ ਗਏ ਇਸ ਫੈਸਲੇ ਨਾਲ ਫੋਰਸ ਹੋਰ ਮਜਬੂਤ ਹੋਵੇਗੀ। ਬੀ.ਐੱਸ.ਐੱਫ. ਦੇ ਡਾਇਰੈਕਟਰ ਜਨਰਲ ਮੁਤਾਬਕ, ਅਗਨੀਵੀਰਆਂ ਨੂੰ ਉਮਰ ਵਿਚ ਵੀ ਛੋਟ ਦਿੱਤੀ ਜਾਵੇਗੀ। ਬੀ.ਐੱਸ.ਐੱਫ. ਦੇ ਡਾਇਰੈਕਟਰ ਜਨਰਲ ਨਿਤਿਨ ਅਗਰਵਾਲ ਨੇ ਕਿਹਾ ਕਿ ਬੀ.ਐੱਸ.ਐੱਫ. ਭਰਤੀ ਵਿਚ 10 ਫੀਸਦੀ ਅਸਾਮੀਆਂ ਸਾਬਕਾ ਅਗਨੀਵੀਰਾਂ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਇਸ ਨਾਲ ਸਾਨੂੰ ਤਿਆਰ ਸਿਪਾਹੀ ਮਿਲ ਜਾਣਗੇ ਅਤੇ ਸਿਖਲਾਈ ਤੋਂ ਬਾਅਦ ਉਨ੍ਹਾਂ ਨੂੰ ਤੁਰੰਤ ਤਾਇਨਾਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਾਬਕਾ ਅਗਨੀਵੀਰਾਂ ਨੂੰ ਉਮਰ ਵਿਚ ਵੀ ਛੋਟ ਦਿੱਤੀ ਜਾਵੇਗੀ। ਬੀ.ਐੱਸ.ਐੱਫ. ਸਾਬਕਾ ਅਗਨੀਵੀਰਾਂ ਨੂੰ ਸਾਮਲ ਕਰਨ ਲਈ ਤਿਆਰ ਹੈ। ਉਥੇ ਹੀ ਸੀ.ਆਈ.ਐੱਸ.ਐੱਫ. ਵੀ ਸਾਬਕਾ ਅਗਨੀਵੀਰਾਂ ਨੂੰ ਵੀ ਫੋਰਸ ਵਿਚ ਸਾਮਲ ਕਰਨ ਲਈ ਤਿਆਰ ਹੈ। ਸੀ.ਆਈ.ਐੱਸ.ਐੱਫ.



ਦੇ ਡਾਇਰੈਕਟਰ ਜਨਰਲ ਨੇ ਕਿਹਾ ਕਿ ਸਾਬਕਾ ਅਗਨੀਵੀਰਾਂ ਨੂੰ ਕਾਂਸਟੇਬਲ ਪੋਸਟਾਂ ਵਿਚ 10 ਫੀਸਦੀ ਰਾਖਵਾਂਕਰਨ ਅਤੇ ਉਮਰ ਤੇ ਸਰੀਰਕ ਕੁਸਲਤਾ ਟੈਸਟ ਵਿਚ ਛੋਟ ਮਿਲੇਗੀ। ਪਹਿਲੇ ਬੈਚ ਦੇ ਸਾਬਕਾ ਅਗਨੀਵੀਰਾਂ ਨੂੰ ਉਮਰ ਵਿਚ ਪੰਜ ਸਾਲ ਦੀ ਛੋਟ ਦਿੱਤੀ ਜਾਵੇਗੀ ਅਤੇ ਦੂਜੇ ਬੈਚ ਨੂੰ ਤਿੰਨ ਸਾਲ ਦੀ ਛੋਟ ਦਿੱਤੀ ਜਾਵੇਗੀ। ਤੁਹਾਨੂੰ ਦੱਸ ਦੇਈਏ ਕਿ ਹਰ ਸਾਲ ਅਗਨੀਪਥ ਯੋਜਨਾ ਦੇ ਤਹਿਤ ਭਾਰਤੀ ਸੇਵਾ ਅਤੇ ਹਵਾਈ ਫੌਜ ਦੁਆਰਾ ਨੌਜਵਾਨਾਂ ਨੂੰ ਚਾਰ ਸਾਲਾਂ ਲਈ ਅਗਨੀਵੀਰ ਵਜੋਂ ਭਰਤੀ ਕੀਤਾ ਜਾਂਦਾ ਹੈ। ਬੀ.ਐੱਸ.ਐੱਫ.-ਸੀ.ਆਈ.ਐੱਸ.ਐੱਫ. ਤੋਂ ਇਲਾਵਾ ਸਾਬਕਾ ਅਗਨੀਵੀਰਾਂ ਨੂੰ ਵੀ ਆਰ.ਪੀ.ਐੱਫ. ਅਤੇ ਐੱਸ.ਐੱਸ.ਬੀ. ਵਿਚ ਰਿਆਇਤ ਦਿੱਤੀ ਜਾਵੇਗੀ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਆਰ.ਪੀ.ਐੱਫ. ਸਾਬਕਾ ਅਗਨੀਵੀਰਾਂ ਨੂੰ ਉਮਰ 'ਚ ਛੋਟ ਅਤੇ ਪੀ.ਈ.ਟੀ. ਤੋਂ ਛੋਟ ਦੇ ਨਾਲ ਫੋਰਸ ਵਿਚ ਸਾਮਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਡਾਇਰੈਕਟਰ ਜਨਰਲ ਨੇ ਕਿਹਾ ਕਿ ਇਹ ਫੈਸਲਾ ਸੁਰੱਖਿਆ ਬਲਾਂ ਨੂੰ ਮਜਬੂਤ ਕਰਨ ਵਿਚ ਕਾਫੀ ਸਹਾਈ ਸਿੱਧ ਹੋਵੇਗਾ। ਐੱਸ.ਐੱਸ.ਬੀ. ਨੇ ਭਰਤੀ ਨਿਯਮਾਂ ਵਿਚ ਬਦਲਾਅ ਕਰਕੇ ਸਾਬਕਾ ਅਗਨੀਵੀਰਾਂ ਨੂੰ ਫੋਰਸ ਵਿਚ ਨਿਯੁਕਤੀ ਲਈ ਉਮਰ ਅਤੇ ਸਰੀਰਕ ਕੁਸਲਤਾ ਟੈਸਟ ਵਿਚ ਛੋਟ ਦੇਣ ਦਾ ਫੈਸਲਾ ਕੀਤਾ ਹੈ। ਐੱਸ.ਐੱਸ.ਬੀ. ਦੇ ਡਾਇਰੈਕਟਰ ਜਨਰਲ ਨੇ ਕਿਹਾ ਕਿ ਇਸ ਫੈਸਲੇ ਨਾਲ ਲੱਖਾਂ ਸਾਬਕਾ ਅਗਨੀਵੀਰਾਂ ਨੂੰ ਰੋਜੀ-ਰੋਟੀ ਮਿਲੇਗੀ ਅਤੇ ਬਲਾਂ ਨੂੰ ਸਿਖਲਾਈ ਪ੍ਰਾਪਤ ਮਨੁੱਖੀ ਸਕਤੀ ਮਿਲੇਗੀ।

## ਹਿਮਾਚਲ ਪ੍ਰਦੇਸ਼ ਦੇ ਸੁੱਖੂ ਦੀ ਪਤਨੀ ਕਮਲੇਸ਼ ਠਾਕੁਰ ਸਣੇ ਤਿੰਨ ਵਿਧਾਇਕਾਂ ਨੇ ਚੁੱਕੀ ਸਹੁੰ

ਸ਼ਿਮਲਾ 25 ਜੁਲਾਈ। ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਸੋਮਵਾਰ ਨੂੰ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਪਤਨੀ ਕਮਲੇਸ਼ ਠਾਕੁਰ ਸਮੇਤ ਤਿੰਨ ਨਵੇਂ ਚੁਣੇ ਵਿਧਾਇਕਾਂ ਨੂੰ ਸਹੁੰ ਚੁਕਾਈ। ਸਹੁੰ ਚੁੱਕ ਸਮਾਰੋਹ ਮੁੱਖ ਮੰਤਰੀ, ਵਿਰੋਧੀ ਧਿਰ ਨੇਤਾ, ਕੈਬਨਿਟ ਮੰਤਰੀਆਂ ਅਤੇ ਹੋਰ ਮੈਂਬਰਾਂ ਦੀ ਮੌਜੂਦਗੀ 'ਚ ਸਦਨ 'ਚ ਆਯੋਜਿਤ ਕੀਤਾ ਗਿਆ। ਸਹੁੰ ਚੁੱਕਣ ਵਾਲੇ ਮੈਂਬਰਾਂ 'ਚ ਦੇਹਰਾ ਵਿਧਾਨ ਸਭਾ ਸੀਟ ਤੋਂ ਕਾਂਗਰਸ ਵਿਧਾਇਕ ਕਮਲੇਸ਼ ਠਾਕੁਰ, ਨਾਲਾਗੜ੍ਹ ਸੀਟ ਤੋਂ ਹਰਦੀਪ ਸਿੰਘ ਬਾਵਾ ਅਤੇ ਹਮੀਰਪੁਰ ਵਿਧਾਨ ਸਭਾ ਖੇਤਰ ਤੋਂ ਭਾਜਪਾ ਵਿਧਾਇਕ ਆਸ਼ੀਸ਼ ਸ਼ਰਮਾ ਸ਼ਾਮਲ ਸਨ। ਤਿੰਨ ਵਿਧਾਇਕਾਂ ਦੇ ਚੁਣੇ ਜਾਣ ਦੇ ਨਾਲ ਹੀ ਸਦਨ 'ਚ ਕੁੱਲ 68 ਮੈਂਬਰ ਹੋ ਗਏ ਹਨ ਅਤੇ ਕਾਂਗਰਸ ਵਿਧਾਇਕਾਂ ਦੀ ਗਿਣਤੀ 40 ਹੋ ਗਈ ਹੈ, ਜਦੋਂ ਕਿ ਭਾਜਪਾ ਦੇ 28 ਵਿਧਾਇਕ ਹਨ। ਹਿਮਾਚਲ ਪ੍ਰਦੇਸ਼ ਦੇ ਇਤਿਹਾਸ 'ਚ ਪਹਿਲੀ ਵਾਰ ਵਿਧਾਨ ਸਭਾ 'ਚ ਕੋਈ ਵੀ ਆਜਾਦ ਵਿਧਾਇਕ ਨਹੀਂ ਹੈ। ਨਾਲ ਹੀ ਪ੍ਰਦੇਸ਼ 'ਚ ਇਹ ਪਹਿਲੀ ਵਾਰ ਹੈ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਤਨੀ ਇਕ ਹੀ ਸਦਨ ਦੇ ਮੈਂਬਰ ਹਨ। ਤਿੰਨੋਂ ਸੀਟਾਂ- ਦੇਹਰਾ, ਨਾਲਾਗੜ੍ਹ ਅਤੇ ਹਮੀਰਪੁਰ ਲਈ ਜਿ਼ਮਨੀ ਚੋਣ 10 ਜੁਲਾਈ ਨੂੰ ਤਿੰਨ ਆਜਾਦ ਵਿਧਾਇਕਾਂ- ਹੁਸ਼ਿਆਰ ਸਿੰਘ, ਕੇ.ਐੱਲ. ਠਾਕੁਰ ਅਤੇ ਆਸ਼ੀਸ਼ ਸ਼ਰਮਾ ਦੇ ਅਸਤੀਫੇ ਮਨਜੂਰ ਕੀਤੇ ਜਾਣ ਤੋਂ



ਬਾਅਦ ਹੋਈ ਸੀ। 27 ਫਰਵਰੀ ਨੂੰ ਹੋਈਆਂ ਰਾਜ ਸਭਾ ਚੋਣਾਂ 'ਚ ਤਿੰਨ ਆਜਾਦ ਵਿਧਾਇਕਾਂ ਨੇ ਕਾਂਗਰਸ ਦੇ 6 ਬਾਗੀਆਂ ਨਾਲ ਭਾਜਪਾ ਉਮੀਦਵਾਰ ਹਰਸ਼ ਮਹਾਜਨ ਦੇ ਪੱਖ 'ਚ ਵੋਟਿੰਗ ਕੀਤੀ ਸੀ। 22 ਮਾਰਚ ਨੂੰ ਤਿੰਨ ਆਜਾਦ ਵਿਧਾਇਕਾਂ ਨੇ ਆਪਣਾ ਅਸਤੀਫਾ ਸੌਂਪ ਦਿੱਤਾ ਅਤੇ ਅਗਲੇ ਦਿਨ ਭਾਜਪਾ 'ਚ ਸ਼ਾਮਲ ਹੋ ਗਏ। ਹਾਲਾਂਕਿ ਉਨ੍ਹਾਂ ਦੇ ਅਸਤੀਫੇ ਨੂੰ ਸਪੀਕਰ ਨੇ ਤਿੰਨ ਜੂਨ ਨੂੰ ਸਵੀਕਾਰ ਕਰ ਲਈ ਸੀ।

# ਪੰਜਾਬ ਦੀ ਆਰਥਿਕਤਾ ਅਤੇ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਥਾਂ-ਥਾਂ ਦੁਕਾਨਾਂ ਖੋਲ੍ਹ ਕੇ ਬੈਠੇ ਫਰਜ਼ੀ ਟ੍ਰੈਵਲ ਏਜੰਟ

ਝਬਾਲ 25 ਜੁਲਾਈ। ਪੰਜਾਬ ਦੇ ਨੌਜਵਾਨਾਂ ਵੱਲੋਂ ਗੈਰ-ਕਾਨੂੰਨੀ ਤਰੀਕੇ ਅਪਨਾ ਕੇ ਪ੍ਰਵਾਸ ਕਰਨਾ ਜਿੱਥੇ ਯੂਰਪ ਮੁਲਕਾਂ ਲਈ ਚੁਣੌਤੀ ਬਣਦਾ ਜਾ ਰਿਹਾ ਹੈ, ਉਥੇ ਡਾਲਰਾਂ ਦੀ ਚਮਕ-ਧਮਕ ’ਚ ਗੁਆਚੇ ਪੰਜਾਬ ਦੇ ਗੱਭਰੂਆਂ ਅੰਦਰ ਵਿਦੇਸ਼ਾਂ ’ਚ ਜਾਣ ਦੀ ਲਾਲਸਾ ਇਸ ਕਦਰ ਵੱਧਦੀ ਜਾ ਰਹੀ ਹੈ ਕਿ ਹਰ ਸਾਲ 20 ਹਜ਼ਾਰ ਤੋਂ ਵੀ ਵੱਧ ਪੰਜਾਬੀ ਨੌਜਵਾਨ ਕਥਿਤ ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ਾਂ ਨੂੰ ਪ੍ਰਵਾਸ ਕਰਦੇ ਦੱਸੇ ਜਾਂਦੇ ਹਨ। ਆਪਣੇ ਪੁਰਖਿਆਂ ਵੱਲੋਂ ਖ਼ੂਨ ਪਸੀਨਾ ਇਕ ਕਰ ਕੇ ਸਿੰਜੀ ਗੁਰੂਆਂ, ਪੀਰਾਂ ਦੀ ਚਰਨ ਛੋਹ ਪ੍ਰਾਪਤ ਪੰਜਾਬ ਦੀ ਧਰਤੀ ਨੂੰ ਛੱਡ ਕੇ ਪ੍ਰਵਾਸ ਕਰਨ ਵਾਲੇ ਪੰਜਾਬੀਆਂ ਲਈ ਜਿੱਥੇ ਅੱਜ-ਕੱਲ ਆਸਟ੍ਰੇਲੀਆ ਤੇ ਕੈਨੇਡਾ ਪਹਿਲੀ ਪਸੰਦ ਬਣੇ ਹੋਏ ਹਨ, ਉਥੇ ਯੂਰਪੀ ਮੁਲਕਾਂ ’ਚ ਜਾਣ ਲਈ ਪੰਜਾਬੀ ਨੌਜਵਾਨ ਆਪਣੀ ਜਾਨ ਵੀ ਦਾਅ ’ਤੇ ਲਾ ਦਿੰਦੇ ਹਨ। ਪੰਜਾਬ ਭਰ ’ਚ ਫਰਜ਼ੀ ਟ੍ਰੈਵਲ ਏਜੰਟਾਂ ਦਾ ਫੈਲਿਆ ਵਿਸ਼ਾਲ ਜਾਲ ਜਿੱਥੇ ਪੰਜਾਬ ਦੀ ਆਰਥਿਕਤਾ ਨੂੰ ਘੁੰਣ ਵਾਂਗ ਜਿੱਥੇ ਖਾ ਰਿਹਾ ਹੈ, ਉਥੇ ਟ੍ਰੈਵਲ ਏਜੰਟਾਂ ਦੇ ਗੈਰ-ਕਾਨੂੰਨੀ ਇਸ ਹੱਥਕੰਡਿਆਂ ਅਤੇ ਮਨੁੱਖੀ ਸਮੱਗਲਿੰਗ ਦਾ ਕੰਮ ਕੌਮਾਂਤਰੀ ਪੱਧਰ ਤੱਕ ਕਥਿਤ ਫੈਲਿਆ ਨੂੰ ਦੱਸਿਆ ਜਾਂਦਾ ਹੈ। ਵਿਦੇਸ਼ ਜਾਣ ਲਈ ਹਰ ਤਰ੍ਹਾਂ ਦੇ ਗੈਰ-ਕਾਨੂੰਨੀ ਹੱਥਕੰਡਿਆਂ ਕੁਝ ਵੀ ਕਰਨ ਨੂੰ ਤਿਆਰ ਪੰਜਾਬੀ ਨੌਜਵਾਨਾਂ ਦੀ ਲਾਲਸਾ ਦਾ ਫਾਇਦਾ ਬਾਜ਼ਾਰ ’ਚ ਬੈਠੇ ਫਰਜ਼ੀ ਟ੍ਰੈਵਲ ਏਜੰਟ ਚੁੱਕ ਰਹੇ ਹਨ। ਇਕ ਪਾਸੇ ਤਾਂ ਇਹ ਲੋਕ ਕਰੋੜਾਂ ਰੁਪਏ ਦੀ ਠੱਗੀ ਮਾਰਦੇ ਹਨ, ਜਦਕਿ ਦੂਜੇ ਪਾਸੇ ਇਨ੍ਹਾਂ ਦੀ ਠੱਗੀ ਦਾ ਸ਼ਿਕਾਰ ਹੋਏ ਲੋਕ ਆਪਣੇ ਪੈਸੇ ਵਾਪਸ ਕਰਵਾਉਣ ਲਈ ਥਾਣਿਆਂ ਤੇ ਅਦਾਲਤਾਂ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਹੇ ਹਨ। ਇਮੀਗ੍ਰੇਸ਼ਨ ਉਦਯੋਗ ’ਚ ਫੈਲੀ ਧੋਖਾਦੇਹੀ ਨੇ ਪੰਜਾਬ ਦੇ ਕਈ ਘਰਾਂ ਨੂੰ ਤਬਾਹ ਕਰ







ਦਿੱਤਾ ਹੈ। ਆਪਣੇ ਬੱਚਿਆਂ ਦੇ ਹੱਥੋਂ ਮਜਬੂਰ ਮਾਪੇ ਨਾ ਸਿਰਫ ਆਪਣਾ ਸਭ ਕੁਝ ਲੁਟਾਉਣ ਲਈ ਮਜਬੂਰ ਹੁੰਦੇ ਹਨ, ਸਗੋਂ ਠੱਗੀ ਦਾ ਸ਼ਿਕਾਰ ਹੋ ਕੇ ਇਹ ਲੋਕ ਸਾਲਾਂਬੱਧੀ ਆਪਣੇ ਪੈਸੇ ਵਾਪਸ ਲੈਣ ਲਈ ਟ੍ਰੈਵਲ ਏਜੰਟਾਂ ਦੇ ਦਫਤਰਾਂ ਅਤੇ ਪੁਲਸ ਥਾਣਿਆਂ ’ਚ ਚੱਕਰ ਕੱਟਦੇ ਹਨ। ਟ੍ਰੈਵਲ ਏਜੰਟਾਂ ਵੱਲੋਂ ਵਿਛਾਏ ਜਾਲ ਸਬੰਧੀ ਇਕੱਤਰ ਕੀਤੀ ਜਾਣਕਾਰੀ ਦੌਰਾਨ ਕਈ ਹੈਰਾਨੀਜਨਕ ਪਹਿਲੂ ਸਾਹਮਣੇ ਆਏ ਹਨ, ਜਿਨ੍ਹਾਂ ’ਚ ਕਈ ਅਜਿਹੇ ਪਰਿਵਾਰਾਂ ਬਾਰੇ ਵੀ ਪਤਾ ਲੱਗਾ ਹੈ, ਜੋ ਆਪਣੇ ਬੱਚਿਆਂ ਹੱਥੋਂ ਮਜਬੂਰ ਹੋ ਕੇ ਗੈਰ-ਕਾਨੂੰਨੀ ਢੰਗ ਨਾਲ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹੋ ਰਹੇ ਹਨ। ਇਥੋਂ ਹੀ ਟ੍ਰੈਵਲ ਏਜੰਟ ਮਜਬੂਰ ਲੋਕਾਂ ਦੀਆਂ ਭਾਵਨਾਵਾਂ ਨਾਲ ਧੋਖਾਦੇਹੀ ਦੀ ਆਪਣੀ ਖੇਡ ਖੇਡਣਾ ਸ਼ੁਰੂ ਕਰ ਦਿੰਦੇ ਹਨ। ਇਸ ਮਾਮਲੇ ’ਚ ਫਰਜ਼ੀ ਟ੍ਰੈਵਲ ਏਜੰਟ ਡੇਢ ਤੋਂ 2 ਲੱਖ ਰੁਪਏ ਦੀ ਠੱਗੀ ਮਾਰਦੇ ਦੱਸੇ ਜਾਂਦੇ ਹਨ। ਗੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਵਾਲਿਆਂ ’ਚੋਂ ਕੁਝ ਤਾਂ ਲੁਕ-ਛਿਪ ਕੇ ਕੰਮ ਕਰਨ ਕਰ ਕੇ ਵਿਦੇਸ਼ੀ ਪੁਲਸ ਦੀ ਨਜ਼ਰ ਤੋਂ ਬਚ ਕੇ ਵਿਦੇਸ਼ਾਂ ’ਚ ਟਿਕੇ ਰਹਿੰਦੇ ਹਨ ਪਰ ਕਾਫੀ ਨੌਜਵਾਨ ਵਿਦੇਸ਼ੀ ਪੁਲਸ ਦੇ ਹੱਥ ਲੱਗ ਜਾਣ ਕਰ ਕੇ ਜੇਲਾਂ ’ਚ ਫਸ ਜਾਂਦੇ ਹਨ। ਪੇਂਡੂ ਖੇਤਰ ਨਾਲ ਸਬੰਧਤ ਪੰਜਾਬੀਆਂ ’ਚ ਗੋਰਿਆਂ ਦੀ ਧਰਤੀ ’ਤੇ ਜਾਣ ਦਾ ਭੂਤ ਇੰਨੇ ਵੱਡੇ ਪੱਧਰ ’ਤੇ ਚੜ੍ਹਿਆ ਹੋਇਆ ਹੈ ਕਿ ਵਿਦੇਸ਼ ਜਾਣ ਲਈ ਉਹ ਜ਼ਮੀਨਾਂ ਤਾਂ ਵੇਚਦੇ ਹੀ ਹਨ, ਨਾਲ ਜਾਨਾਂ ਵੀ ਗਵਾ ਰਹੇ ਹਨ। ਟ੍ਰੈਵਲ ਏਜੰਟਾਂ ਦੇ ਸ਼ਿਕਾਰ ਹੋਣ ਵਾਲਿਆਂ ’ਚ 48 ਫੀਸਦੀ ਨੌਜਵਾਨ ਘੱਟ-ਪੜ੍ਹੇ ਲਿਖੇ ਬੇਰੋਜ਼ਗਾਰ ਤੇ ਪਿੰਡਾਂ ਤੋਂ ਆਏ ਹੁੰਦੇ ਹਨ, ਜਿਨ੍ਹਾਂ ਨੂੰ ਇਹ ਟ੍ਰੈਵਲ ਏਜੰਟ ਵੱਡੇ-ਵੱਡੇ ਸੁਪਨੇ ਦਿਖਾ ਕੇ ਆਪਣੇ ਜਾਲ ’ਚ ਫਸਾ ਲੈਂਦੇ ਹਨ ਤੇ ਉਸ ਤੋਂ ਬਾਅਦ ਹੌਲੀ-ਹੌਲੀ ਉਨ੍ਹਾਂ ਤੋਂ ਪੈਸੇ ਦੀ ਲੁੱਟ ਸ਼ੁਰੂ ਕਰ ਦਿੰਦੇ ਹਨ। ਜਦੋਂ ਤੱਕ ਇਸ ਨੌਜਵਾਨ ਪੀੜ੍ਹੀ ਨੂੰ ਏਜੰਟ ਬਾਰੇ ਸਮਝ ਆਉਂਦੀ ਹੈ, ਉਦੋਂ ਤੱਕ ਬਹੁਤ ਸਾਰਾ ਪੈਸਾ ਉਨ੍ਹਾਂ ਕੋਲ ਜਾ ਚੁੱਕਾ ਹੁੰਦਾ ਹੈ। ਝੂਠੇ ਜਾਂ ਫਰਜ਼ੀ ਤਰੀਕਿਆਂ ਨਾਲ ਵਿਦੇਸ਼ ਭੇਜਣ ਦੇ ਕਾਰੋਬਾਰ ’ਚ ਲੱਗੇ ਜ਼ਿਆਦਾਤਰ ਟ੍ਰੈਵਲ ਏਜੰਟ ਚੇਨ ਸਿਸਟਮ ਨਾਲ ਜੁੜੇ ਹੋਏ ਹਨ। ਕੁਝ ਵੱਡੇ ਟ੍ਰੈਵਲ ਏਜੰਟਾਂ ਨੇ ਆਪਣੇ ਦਲਾਲਾਂ ਨੂੰ ਬਾਜ਼ਾਰ ’ਚ ਛੱਡਿਆ ਹੋਇਆ ਹੈ, ਜੋ ਸ਼ਹਿਰਾਂ ’ਚ ਆਈਲੈਟਸ ਕਰਨ ਵਾਲਿਆਂ ਤੇ ਕਾਲਜਾਂ ਦੇ ਵਿਦਿਆਰਥੀਆਂ ’ਤੇ ਨਜ਼ਰ ਰੱਖਦੇ ਹਨ। ਉਹ ਇੱਛਾ ਦੇਖ ਕੇ ਟ੍ਰੈਵਲ ਏਜੰਟ ਨੂੰ ਸਾਰੀ ਜਾਣਕਾਰੀ ਦਿੰਦੇ ਹਨ। ਅੱਗੇ ਦੀ ਖੇਡ ਟ੍ਰੈਵਲ ਏਜੰਟਾਂ ਵੱਲੋਂ ਟੈਲੀ-ਮਾਰਕੀਟਿੰਗ ’ਤੇ ਬਿਠਾਈਆਂ ਗਈਆਂ ਲੜਕੀਆਂ ਪੂਰਾ ਕਰਦੀਆਂ ਹਨ। ਉਨ੍ਹਾਂ ਵੱਲੋਂ ਹਰ ਤਰ੍ਹਾਂ ਦੇ ਵੀਜ਼ੇ ਫੋਨ ’ਤੇ ਭੇਜੇ ਜਾਣ ਦਾ ਦਾਅਵਾ ਵੀ ਕੀਤਾ ਜਾਂਦਾ ਹੈ, ਇਥੋਂ ਤੱਕ ਕਿ ਰੱਦ ਹੋਈਆਂ ਫਾਈਲਾਂ ਵਾਲਿਆਂ ਨੂੰ ਵੀ ਟ੍ਰੈਵਲ ਏਜੰਟਾਂ ਵੱਲੋਂ ਕਿਸੇ ਨਾ ਕਿਸੇ ਤਰ੍ਹਾਂ ਫਸਾਇਆ ਜਾਂਦਾ ਹੈ।

## ਟਾਇਲਟ ‘ਚੋਂ ਮਿਲੀ 2 ਸਾਲ ਦੇ ਬੱਚੇ ਦੀ ਲਾਸ਼, ਪੀੜਤ ਪਰਿਵਾਰ ਨੇ ਸੜਕ ‘ਤੇ ਰੱਖ ਕੇ ਕੀਤਾ ਵਿਰੋਧ ਪ੍ਰਦਰਸ਼ਨ

ਨੈਸ਼ਨਲ ਡੈਸਕ 25 ਜੁਲਾਈ। ਮੱਧ ਦਿੱਲੀ ਵਿਚ ਇਕ ਝੁੱਗੀ ਬਸਤੀ ਕੋਲ ਇਕ ਖਾਲੀ ਪਏ ਟਾਇਲਟ ਵਿਚ ਐਤਵਾਰ ਨੂੰ 2 ਸਾਲ ਦੇ ਇਕ ਬੱਚੇ ਦੀ ਲਾਸ਼ ਮਿਲੀ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਪੀੜਤ ਪਰਿਵਾਰ ਨੇ ਆਨੰਦ ਪਰਬਤ ਖੇਤਰ ਦੇ ਨੇੜੇ ਵਿਰੋਧ ਪ੍ਰਦਰਸਨ ਕੀਤਾ, ਜਿਸ ਨਾਲ ਨਿਊ ਰੋਹਤਕ ਰੋਡ ਦੇ ਦੋਵੇਂ ਪਾਸੇ ਆਵਾਜਾਈ ਠੱਪ ਹੋ ਗਈ। ਉਨ੍ਹਾਂ ਮੁਲਜਮਾਂ ਖ਼ਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਉਸ ਨੇ ਦੱਸਿਆ ਕਿ ਬੱਚੇ ਦੀ ਲਾਸ ਉਸ ਦੇ ਪਰਿਵਾਰ ਦੀ ਝੁੱਗੀ ਦੇ ਕੋਲ



ਇਕ ਖਾਲੀ ਪਏ ਟਾਇਲਟ ਵਿੱਚੋਂ ਮਿਲੀ। ਅਧਿਕਾਰੀਆਂ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਪੁਲਸ ਮੌਕੇ ‘ਤੇ ਪਹੁੰਚੀ ਅਤੇ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਘਟਨਾ ਸਬੰਧੀ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਲਈ ਕਈ ਟੀਮਾਂ ਬਣਾਈਆਂ ਗਈਆਂ ਹਨ। ਕੇਂਦਰੀ ਦਿੱਲੀ ਪੁਲਸ ਦੇ ਡਿਪਟੀ ਕਮਿਸਨਰ ਐੱਮ ਹਰਸਵਰਧਨ ਨੇ ਕਿਹਾ, “ਮੌਤ ਦੇ ਕਾਰਨਾਂ ਦਾ ਪਤਾ ਬੱਚੇ ਦੀ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਲੱਗੇਗਾ।“

## ਭਿਆਨਕ ਹਾਦਸਾ, ਬੱਸਾਂ ਦੀ ਆਪਸੀ ਟੱਕਰ ‘ਚ 4 ਯਾਤਰੀਆਂ ਦੀ ਮੌਤ

ਰਾਮਪੁਰ 25 ਜੁਲਾਈ। ਉੱਤਰ ਪ੍ਰਦੇਸ਼ ਦੇ ਰਾਮਪੁਰ ਜ਼ਿਲ੍ਹੇ ਦੇ ਮਿਲਕ ਖੇਤਰ ‘ਚ ਸੋਮਵਾਰ ਸਵੇਰੇ 2 ਯਾਤਰੀ ਬੱਸਾਂ ਦੀ ਆਪਸੀ ਟੱਕਰ ‘ਚ ਚਾਰ ਯਾਤਰੀਆਂ ਦੀ ਮੌਤ ਹੋ ਗਈ, ਜਦੋਂ ਕਿ 50 ਹੋਰ ਜਖਮੀ ਹੋ ਗਏ। ਪੁਲਸ ਸੂਤਰਾਂ ਨੇ ਦੱਸਿਆ ਕਿ ਜ਼ਿਲ੍ਹੇ ‘ਚ ਲਖਨਊ ਦਿੱਲੀ ਹਾਈਵੇਅ 24 ‘ਤੇ ਸਾਵਣ ਮਹੀਨੇ ਦਾ ਸੋਮਵਾਰ ਹੋਣ ਕਾਰਨ ਟਰੈਫਿਕ ਵਨ-ਵੇਅ ਕਰ ਦਿੱਤਾ ਗਿਆ ਹੈ। ਇਸ ਵਿਚ ਸਵੇਰੇ ਚਾਰ ਵਜੇ ਲਖਨਊ ਤੋਂ ਦਿੱਲੀ ਜਾ ਰਹੀ ਸਾਹਿਬਾਬਾਦ ਡਿਪੋ ਦੀ ਜਨਰਥ ਬੱਸ ਦੀ ਹਰਿਦੁਆਰ ਤੋਂ ਸ਼੍ਰਾਵਸਤੀ ਜਾ ਰਹੀ ਨਿੱਜੀ ਵੋਲਵੋ ਬੱਸ ਨਾਲ ਭੈਰਵ ਬਾਬਾ ਮੰਦਰ ਕੋਲ ਟੱਕਰ ਹੋ ਗਈ। ਇਸ ਹਾਦਸੇ ‘ਚ ਦੋਵੇਂ ਬੱਸਾਂ ਪੂਰੀ ਤਰ੍ਹਾਂ ਨੁਕਸਾਨੀਆਂ ਗਈਆਂ। ਸੂਚਨਾ ‘ਤੇ ਪਹੁੰਚੀ ਪੁਲਸ ਨੇ ਐਂਬੂਲੈਂਸ ‘ਤੇ ਦੋਹਾਂ ਬੱਸਾਂ ਦੇ ਜਖਮੀਆਂ ਨੂੰ ਕੋਲ ਦੇ



ਸਰਕਾਰੀ ਹਸਪਤਾਲ ਭੇਜਿਆ, ਜਦੋਂ ਕਿ ਗੰਭੀਰ ਰੂਪ ਨਾਲ ਜਖਮੀ 32 ਯਾਤਰੀਆਂ ਨੂੰ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ, ਜਿੱਥੇ ਇਲਾਜ ਦੌਰਾਨ ਚਾਰ ਯਾਤਰੀਆਂ ਦੀ ਮੌਤ ਹੋ ਗਈ। ਮਿਲਕ ਦੇ ਹਸਪਤਾਲ ‘ਚ 18 ਯਾਤਰੀਆਂ ਨੂੰ ਦਾਖਲ ਕਰ ਕੇ ਉਨ੍ਹਾਂ ਦਾ ਇਲਾਜ ਕੀਤਾ ਗਿਆ। ਦੂਜੇ ਯਾਤਰੀ ਮੁੱਢੇ ਇਲਾਜ ਤੋਂ ਬਾਅਦ ਚਲੇ ਗਏ। ਹਾਦਸੇ ਦੀ ਜਾਣਕਾਰੀ ਮਿਲਦੇ ਹੀ ਜ਼ਿਲ੍ਹਾ ਅਧਿਕਾਰੀ ਜੋਗੇਂਦਰ ਸਿੰਘ ਅਤੇ ਪੁਲਸ ਸੁਪਰਡੈਂਟ ਵਿਦਿਆਸਾਗਰ ਮਿਸ਼ਰ ਵੀ ਮੌਕੇ ‘ਤੇ ਪਹੁੰਚ ਗਏ। ਜ਼ਿਲ੍ਹਾ ਅਧਿਕਾਰੀ ਜੋਗੇਂਦਰ ਸਿੰਘ ਅਨੁਸਾਰ ਮ੍ਰਿਤਕਾਂ ‘ਚ ਸਾਹਿਬਾਬਾਦ ਡਿਪੋ ਜਨਰਥ ਦਾ ਡਰਾਈਵਰ ਵੀ ਸ਼ਾਮਲ ਹੈ। ਮੁੱਖ ਮੈਡੀਲ ਸੁਪਰਡੈਂਟ ਡਾ. ਐੱਚ. ਕੇ. ਮਿਤਰਾ ਨੇ ਦੱਸਿਆ ਕਿ ਰਾਮ ਮਨੋਹਰ ਨਾਮੀ ਯਾਤਰੀ ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਮੌਤ ਹੋ ਗਈ ਸੀ

## ਪਾਬੰਦੀ ਦੇ ਬਾਵਜੂਦ ਜੇਲ ’ਚੋਂ ਮਿਲੀ ਸਰਾਬ ਤੇ ਮੋਬਾਈਲ ਫੋਨ, 6 ਕੈਦੀ ਨਸੇ ’ਚ ਪਾਏ ਗਏ

ਕੱਛ, 25 ਜੁਲਾਈ। ਗੁਜਰਾਤ ਦੀ ਇਕ ਜੇਲ ’ਚ ਪੁਲਸ ਵੱਲੋਂ ਅਚਾਨਕ ਕੀਤੀ ਗਈ ਛਾਪੇਮਾਰੀ ਦੌਰਾਨ ਸਰਾਬ, ਮੋਬਾਈਲ ਫੋਨ ਅਤੇ ਨਕਦੀ ਸਮੇਤ ਹੋਰ ਪਾਬੰਦੀਸੁਦਾ ਵਸਤੂਆਂ ਬਰਾਮਦ ਕੀਤੀਆਂ ਗਈਆਂ, ਜਦਕਿ 6 ਕੈਦੀ ਨਸ਼ੇ ’ਚ ਪਾਏ ਗਏ। ਇਸ ਤੋਂ ਬਾਅਦ ਜੇਲਰ ਅਤੇ ਚਾਰ



ਹੋਰ ਜੇਲ ਮੁਲਾਜਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਪੁਲਸ ਨੇ ਐਤਵਾਰ ਨੂੰ ਦੱਸਿਆ ਕਿ ਗਾਂਧੀਧਾਮ ਦੀ ਗਲਪਾਦਰ ਜ਼ਿਲਾ ਜੇਲ ’ਚ ਛਾਪੇਮਾਰੀ ਤੋਂ ਬਾਅਦ ਕਤਲ ਦੇ ਮਾਮਲਿਆਂ ’ਚ ਗ੍ਰਿਫਤਾਰ ਕੁਝ ਖਤਰਨਾਕ ਅਪਰਾਧੀਆਂ ਸਮੇਤ 9 ਕੈਦੀਆਂ ’ਤੇ ਨਸ਼ਾ ਮਨਾਹੀ ਐਕਟ ਅਤੇ ਪ੍ਰਿਜਨਰ ਐਕਟ ਦੀਆਂ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਇਕ ਬਿਆਨ ’ਚ ਕਿਹਾ ਕਿ ਜ਼ਿਲਾ ਪੁਲਸ ਦੀਆਂ ਟੀਮਾਂ ਨੇ ਸਰਾਬ ਨਾਲ ਭਰੀ ਇਕ ਬੋਤਲ, ਚਾਰ ਮੋਬਾਈਲ ਫੋਨ ਅਤੇ 50,000 ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਕੱਛ (ਪੂਰਬੀ) ਦੇ ਪੁਲਸ ਸੁਪਰਡੈਂਟ ਸਾਗਰ ਵਾਘਮਾਰੇ ਨੇ ਕਿਹਾ, “ਰਾਤ ਨੂੰ ਅਚਾਨਕ ਕੀਤੀ ਗਈ ਛਾਪੇਮਾਰੀ ’ਚ ਕੁਝ ਖਤਰਨਾਕ ਅਪਰਾਧੀਆਂ ਸਮੇਤ ਕੈਦੀਆਂ ਕੋਲੋਂ ਮੋਬਾਈਲ ਫੋਨ, ਸਰਾਬ ਅਤੇ ਨਕਦੀ ਵਰਗੀਆਂ ਪਾਬੰਦੀਸ਼ੁਦਾ ਵਸਤਾਂ ਬਰਾਮਦ ਕੀਤੀਆਂ ਗਈਆਂ। ਕੁਝ ਕੈਦੀ ਨਸੇ ’ਚ ਪਾਏ ਗਏ।”

## ਰਈਆ ਵਿਖੇ ਚੋਰਾਂ ਦੇ ਹੌਂਸਲੇ ਬੁਲੰਦ, ਇਕੋ ਰਾਤ ਤਿੰਨ ਦੁਕਾਨਾਂ ਦੇ ਸ਼ਟਰ ਤੋੜ ਕੇ ਕੀਤੀ ਚੋਰੀ

ਰਈਆ 25 ਜੁਲਾਈ। ਕਸਬਾ ਰਈਆ ਵਿਖੇ ਬੇਖੌਫ ਚੋਰਾਂ ਵੱਲੋਂ ਇੱਕੋ ਰਾਤ ਤਿੰਨ ਦੁਕਾਨਾਂ ਦੇ ਸ਼ਟਰ ਤੋੜ ਕੇ ਚੋਰੀ ਕਰਨ ਦਾ ਸਮਾਚਾਰ ਹੈ। ਫੇਰੂਮਾਨ ਰੋਡ ਰਈਆ ਸਥਿੱਤ ਸੁੱਖ ਮੈਡੀਕਲ ਸਟੋਰ ਦੇ ਮਾਲਕ ਸੁੱਖਵਿੰਦਰ ਸਿੰਘ, ਮਨਪਸੰਦ ਡੇਰੀ ਦੇ ਮਾਲਿਕ ਸਵਦੇਸ਼ ਕੁਮਾਰ ਅਤੇ ਜੀ. ਟੀ. ਰੋਡ ਉਪੱਰ ਬਾਵਾ ਮਹੇਸ਼ ਸਿੰਘ ਮਾਰਕੀਟ ਵਿੱਚ ਪੈਂਦੀ ਮੋਬਾਇਲਾਂ ਦੀ ਦੁਕਾਨ ਦੇ ਮਾਲਕ ਦਿਲਬਾਗ ਸਿੰਘ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਰੋਜਾਨਾ ਦੀ ਤਰ੍ਹਾਂ ਰਾਤ ਉਹ ਆਪਣੇ ਦੁਕਾਨਾਂ ਨੂੰ ਤਾਲੇ ਲਾ ਕੇ ਘਰ ਚਲੇ ਗਏ ਤਾਂ ਜਦ ਸਵੇਰੇ ਆ ਕੇ ਦੇਖਿਆ ਤਾਂ ਸੁਖ ਮੈਡੀਕਲ ਨਾਮ ਦੀ ਦੁਕਾਨ ਵਿੱਚ ਚੋਰਾਂ ਨੇ ਜੈਕ ਵਗੇਰਾ ਲਾ ਕੇ ਦੁਕਾਨ ਦਾ ਸ਼ਟਰ ਤੋੜਿਆ ਹੋਇਆ ਸੀ ਅਤੇ ਬਾਹਰ ਲੱਗਾ ਕੈਮਰਾ ਵੀ ਤੋੜ ਕੇ ਨਾਲ ਲੈ ਗਏ। ਚੋਰਾਂ ਨੇ ਗੱਲਾ ਫੋਲਿਆ ਪਰ ਗੱਲੇ ਵਿੱਚ ਕੋਈ ਰੁਪਇਆ ਨਾ ਹੋਣ ਕਰਕੇ ਉਸ ਦਾ ਬਚਾ ਹੋ ਗਿਆ।ਇਸੇ ਤਰ੍ਹਾਂ ਮਨਪਸੰਦ ਸਵੀਟ ਅਤੇ ਡੇਅਰੀ ਵਿੱਚ ਚੋਰਾਂ ਨੇ ਜੈਕ ਵਗੈਰਾ ਲਾ ਕੇ ਸ਼ਟਰ ਤੋੜਿਆ ਹੋਇਆ ਸੀ ਤੇ ਅੰਦਰ ਸਾਮਾਨ ਖਿਲਰਿਆ ਹੋਇਆ ਸੀ।ਉਹਨੇ ਦੱਸਿਆ ਕਿ ਚੋਰ ਪੰਜ ਕਿਲੋ ਦੇਸੀ ਘਿਓ, ਆਈਸ ਕਰੀਮ, 8 ਬੋਤਲਾਂ ਕੋਲਡ ਡਰਿੰਕ, ਬਿਸਕੁਟ, ਮੰਦਰ ਵਿੱਚ ਪਏ 3600 ਅਤੇ ਗੱਲੇ ਵਿੱਚ ਕਰੀਬ 16 ਸੌ ਰੁਪਏ ਨਕਦੀ ਟੋਟਲ ਕੋਈ 10 ਕੁ ਹਜਾਰ ਰੁਪਏ ਚੋਰੀ ਕਰਕੇ ਲੈ ਗਏ ਹਨ। ਜੀ. ਟੀ. ਰੋਡ ਉਪੱਰ ਬਾਵਾ ਮਹੇਸ਼ ਸਿੰਘ ਮਾਰਕੀਟ ਵਿੱਚ ਪੈਂਦੀ ਮੋਬਾਇਲਾਂ ਦੀ ਦੁਕਾਨ ਵਿੱਚ ਚੋਰਾਂ ਨੇ ਦੂਜੀਆਂ ਦੁਕਾਨਾਂ ਵਾਂਗਰ ਜੈਕ ਵਗੇਰਾ ਲਾ ਕੇ ਦੁਕਾਨ ਦਾ ਸ਼ਟਰ ਤੋੜ ਕੇ ਗੱਲੇ ਵਿੱਚ ਪਏ ਕੋਈ 10 ਕੁ ਹਜਾਰ ਰੁਪਏ ਨਕਦੀ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਪਰ ਚੋਰਾਂ ਨੇ ਦੁਕਾਨ ਵਿੱਚ ਪਏ ਮੋਬਾਇਲ, ਲੈਪਟੌਪ ਵਗੈਰਾ ਹੋਰ ਕੋਈ ਸਾਮਾਨ ਚੋਰੀ ਨਹੀਂ ਕੀਤਾ। ਚੋਰ ਉਨ੍ਹਾਂ ਦੇ ਵੀ ਕੈਮਰੇ ਤੋੜ ਗਏ ਅਤੇ ਡੀ. ਵੀ. ਆਰ. ਦੀਆਂ ਤਾਰਾਂ ਕੱਟ ਗਏ ਹਨ। ਇਥੇ ਦੱਸਣਯੋਗ ਹੈ ਕਿ ਇਸ ਤੋਂ ਕਰੀਬ ਇੱਕ ਮਹੀਨਾ ਪਹਿਲਾਂ ਵੀ ਰਈਆ ਵਿਖੇ ਤਿੰਨ ਦੁਕਾਨਾਂ ਦੇ ਸ਼ਟਰ ਤੋੜ ਕੇ ਚੋਰਾਂ ਨੇ ਚੋਰੀਆਂ ਕੀਤੀਆਂ ਸਨ, ਜਿਨ੍ਹਾਂ ਦੇ ਅੱਜ ਤੱਕ ਚੋਰ ਨਹੀਂ ਫੜੇ ਗਏ। ਦੁਕਾਨਦਾਰਾਂ ਵਿੱਚ ਲਗਾਤਾਰ ਹੋ ਰਹੀਆਂ ਚੋਰੀਆਂ ਨਾਲ ਬਹੁਤ ਸਹਿਮ ਪਾਇਆ ਜਾ ਰਿਹਾ ਹੈ। ਦੁਕਾਨਦਾਰਾਂ ਦੀ ਪੁਲਸ ਪ੍ਰਸ਼ਾਸ਼ਨ ਤੋਂ ਪੁਰਜੋਰ ਮੰਗ ਹੈ ਕਿ ਰਾਤ ਨੂੰ ਪੁਲਸ ਦੀ ਗਸ਼ਤ ਵਧਾਈ ਜਾਵੇ।

## ਸੱਜ-ਵਿਆਹੀ ਨੂੰ ਕਾਲੇ ਰੰਗ ਦੇ ਮਿਹਣੇ ਮਾਰਦੇ ਸੀ ਸਹੁਰੇ

ਫਾਜ਼ਿਲਕਾ 25 ਜੁਲਾਈ। ਅਬੋਹਰ ਦੇ ਨੇੜਲੇ ਪਿੰਡ ਰਾਇਪੁਰਾ ਵਾਸੀ ਅਤੇ ਮੋਗਾ ਵਿਚ ਸੱਜ-ਵਿਆਹੀ ਕੁੜੀ ਨੇ ਬੀਤੇ ਦਿਨੀਂ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਕਿਉਂਕਿ ਉਸ ਦਾ ਸਹੁਰਾ ਪਰਿਵਾਰ ਉਸ ਨੂੰ ਕਾਲੇ ਰੰਗ ਲਈ ਮਿਹਨੇ ਮਾਰਦਾ ਸੀ ਅਤੇ ਇੱਥੋਂ ਤਕ ਕਿ ਉਸ ਦੇ ਹੱਥ ਦੀ ਬਣੀ ਰੋਟੀ ਵੀ ਨਹੀਂ ਸੀ ਖਾਉਂਦੇ। ਮ੍ਰਿਤਕਾ ਦੀ ਲਾਸ਼ ਪਿੰਡ ਕਾਲਾ ਟਿੱਬਾ ਵਿਚ ਨਹਿਰ ਵਿਚੋਂ ਮਿਲੀ, ਜਿਸ ਨੂੰ ਸਦਰ ਪੁਲਸ ਨੇ ਹਸਪਤਾਲ ਦੇ ਮੁਰਦਾਘਰ ਵਿਚ ਪੋਸਟਮਾਰਟਮ ਲਈ ਰਖਵਾਇਆ ਹੈ। ਜਾਣਕਾਰੀ ਮੁਤਾਬਕ 25 ਸਾਲਾ ਨਿਰਮਲ ਕੌਰ ਦਾ ਵਿਆਹ ਮੋਗਾ ਵਾਸੀ ਦਿਲਦੀਪ ਨਾਲ ਤਕਰੀਬਨ 3 ਮਹੀਨੇ ਪਹਿਲਾਂ ਹੋਇਆ ਸੀ। ਉਸ ਦਾ ਰੰਗ ਕਾਲਾ ਹੋਣ ਕਾਰਨ ਅਕਸਰ ਉਸ ਦਾ ਪਤੀ ਅਤੇ ਸਹੁਰਾ ਪਰਿਵਾਰ ਉਸ ਨੂੰ ਮਿਹਨੇ ਮਾਰਦੇ ਸੀ, ਜਿਸ ਕਾਰਨ ਉਹ ਤਣਾਅ ਵਿਚ ਰਹਿਣ ਲੱਗ ਪਈ। ਮ੍ਰਿਤਕਾ ਦੇ ਭਰਾ ਅਤੇ ਪਿਓ ਨੇ ਦੱਸਿਆ ਕਿ ਪਰਸੋਂ ਨਿਰਮਲ ਕੌਰ ਦਾ ਦਿਓਰ ਅਤੇ ਜੇਠ ਉਸ ਨੂੰ ਘਰ ਦੇ ਬਾਹਰ ਹੀ ਪੇਕੇ ਛੱਡ ਕੇ ਚਲੇ ਗਏ, ਜਿਸ ਤੋਂ ਦੁਖੀ ਹੋ ਕੇ ਉਸ ਨੇ ਬੀਤੀ ਰਾਤ ਕੇਰਾਖੇੜਾ ਪਿੰਡ ‘ਚੋਂ ਲੰਘਦੀ ਨਹਿਰ ਵਿਚ ਛਾਲ ਮਾਰ ਦਿੱਤੀ, ਜਿਸ ਮਗਰੋਂ ਉਹ ਉਸ ਦੀ ਭਾਲ ਕਰ ਰਹੇ ਸਨ ਤੇ ਉਸ ਦੀ ਲਾਸ਼ ਕਾਲਾ ਟਿੱਬਾ ਨਹਿਰ ਵਿਚੋਂ ਮਿਲੀ। ਮ੍ਰਿਤਕਾ ਦੇ ਪਰਿਵਾਰ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੀ ਧੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦਾ ਪਤੀ ਅਕਸਰ ਕਿਸੇ ਹੋਰ ਕੁੜੀ ਨਾਲ ਫੋਨ ‘ਤੇ ਗੱਲਾਂ ਕਰਦਾ ਰਹਿੰਦਾ ਸੀ। ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਤੋਂ ਮ੍ਰਿਤਕਾ ਦੇ ਪਤੀ ਅਤੇ ਸਹੁਰਾ ਪਰਿਵਾਰ ‘ਤੇ ਸਖਤ ਕਾਰਵਾਈ ਦੀ ਮੰਗ ਕੀਤੀ ਹੈ, ਜਿਨ੍ਹਾਂ ਕਾਰਨ ਉਨ੍ਹਾਂ ਦੀ ਧੀ ਦੀ ਜਾਨ ਚਲੀ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਨੇ ਕਾਲੀ ਹੋਣ ਕਾਰਨ ਉਸ ਨੂੰ ਵਸਾਉਣਾ ਹੀ ਨਹੀਂ ਸੀ ਤਾਂ ਉਸ ਨਾਲ ਵਿਆਹ ਕਿਉਂ ਕੀਤਾ।

## ਉੱਤਰਾਖੰਡ ‘ਚ ਹਰਿਆਣਾ ਦੇ 4 ਕਾਂਵੜੀਏ ਗ੍ਰਿਫਤਾਰ, ਪਾਰਕਿੰਗ ਸਟਾਫ ‘ਤੇ ਤਲਵਾਰ ਨਾਲ ਹਮਲਾ ਕਰਨ ਦਾ ਦੋਸ਼

ਉੱਤਰਾਖੰਡ 25 ਜੁਲਾਈ। ਉੱਤਰਾਖੰਡ ‘ਚ ਹਰਿਆਣਾ ਦੇ ਕਾਂਵੜੀਆਂ ਨੇ ਪਾਰਕਿੰਗ ਮੁਲਾਜਮ ‘ਤੇ ਹਮਲਾ ਕਰ ਦਿੱਤਾ। ਇਸ ਹਮਲੇ ਕਾਰਨ ਮੁਲਾਜਮ ਬੁਰੀ ਤਰ੍ਹਾਂ ਜਖਮੀ ਹੋ ਗਿਆ। ਇਸ ਦੌਰਾਨ ਪਾਰਕਿੰਗ ਮਾਲਕ ਦੀ ਸ਼ਿਕਾਇਤ ’ਤੇ ਪੁਲਸ ਨੇ 4 ਕਾਂਵੜੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪਾਰਕਿੰਗ ਫੀਸ ਨੂੰ ਲੈ ਕੇ ਹੋਏ ਝਗੜੇ ਤੋਂ ਬਾਅਦ ਪਾਰਕਿੰਗ ਅਟੈਂਡੈਂਟ ‘ਤੇ ਤਲਵਾਰਾਂ ਨਾਲ ਹਮਲਾ ਕਰਨ ਦੇ ਦੋਸ ‘ਚ ਉੱਤਰਾਖੰਡ ‘ਚ ਹਰਿਆਣਾ ਦੇ 4 ਕਾਂਵੜੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਮੁਤਾਬਕ ਸਨੀਵਾਰ ਸਾਮ ਨੀਲਕੰਠ ਮੰਦਰ ਨੇੜੇ ਜਾਨਕੀ ਪੁਲ ਦੀ ਪਾਰਕਿੰਗ ‘ਤੇ ਵਾਪਰੀ ਇਸ ਘਟਨਾ ‘ਚ ਮੁਲਾਜਮ ਦੇ ਸਿਰ ‘ਤੇ ਗੰਭੀਰ ਸੱਟਾਂ ਲੱਗੀਆਂ। ਮੁਨੀ ਕੀ ਰੇਤੀ ਥਾਣੇ ਦੇ ਇੰਚਾਰਜ ਰਿਤੇਸ ਸਾਹ ਨੇ ਦੱਸਿਆ ਕਿ ਮੁਲਜਮਾਂ ਨੇ ਆਪਣਾ ਟਰੈਕਟਰ-ਟਰਾਲੀ ਉਥੇ ਰੱਖਿਆ ਹੋਇਆ ਸੀ। ਜਦੋਂ ਉਨ੍ਹਾਂ ਤੋਂ



ਫੀਸ ਮੰਗੀ ਗਈ ਤਾਂ ਉਨ੍ਹਾਂ ਕਾਂਵੜੀਆਂ ਨੇ ਮੁਲਾਜਮਾਂ ‘ਤੇ ਹਮਲਾ ਕਰ ਦਿੱਤਾ। ਸਾਹ ਮੁਤਾਬਕ ਜਦੋਂ ਕਾਂਵੜੀਏ ਮੰਦਰ ਦੇ ਦਰਸਨ ਕਰਨ ਤੋਂ ਬਾਅਦ ਪਾਰਕਿੰਗ ਵਾਲੀ ਥਾਂ ‘ਤੇ ਪਹੁੰਚੇ ਤਾਂ ਬਲਮ ਸਿੰਘ ਬਿਸਟ, ਅਜੈ ਅਤੇ ਸੁਭਾਸ ਨੇ ਪਾਰਕਿੰਗ ਦੀ ਫੀਸ ਮੰਗੀ, ਪਰ ਮੁਲਜਮਾਂ ਨੇ ਫੀਸ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਗੱਲ ਨੂੰ ਲੈ ਕੇ ਪਾਰਕਿੰਗ ਕਰਮਚਾਰੀਆਂ ਨਾਲ ਬਹਿਸ ਹੋ ਗਈ ਅਤੇ ਦੋਸੀਆਂ ਨੇ ਬਿਸਟ ‘ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ ਜਿਸ ਕਾਰਨ ਬਿਸਟ ਜਖਮੀ ਹੋ ਗਿਆ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ। ਸਾਹ ਨੇ ਦੱਸਿਆ ਕਿ ਪਾਰਕਿੰਗ ਸਥਾਨ ਦੇ ਠੇਕੇਦਾਰ ਰਾਹੁਲ ਗੁਪਤਾ ਦੀ ਸ਼ਿਕਾਇਤ ‘ਤੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮਹੰਤ ਸੌਰਭ ਗਿਰੀ ਨਾਗਾ ਬਾਬਾ (40), ਦਿਵਿਆ ਉਰਫ ਦੀਪੂ (19), ਰਜਤ (19) ਅਤੇ ਅਰੁਣ (18) ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਸਾਰੇ ਹਰਿਆਣਾ ਦੇ ਸੋਨੀਪਤ ਦੇ ਰਹਿਣ ਵਾਲੇ ਹਨ।\

## ਚੰਡੀਗੜ੍ਹ ਵਾਸੀਆਂ ਨੂੰ ਗਰਮੀ ਤੋਂ ਮਿਲੇਗੀ ਰਾਹਤ

ਚੰਡੀਗੜ੍ਹ 25 ਜੁਲਾਈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਵੱਲੋਂ ਬੁੱਧਵਾਰ ਨੂੰ ਆਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਕੇਂਦਰ ਨੇ ਭਾਰੀ ਮੀਂਹ ਦੀ ਸੰਭਾਵਨਾ ਜਤਾਈ ਹੈ। ਪਿਛਲੇ 24 ਘੰਟਿਆਂ ’ਚ ਸਹਿਰ ’ਚ 5 ਮਿਲੀਮੀਟਰ ਮੀਂਹ ਪਿਆ ਹੈ, ਜਦਕਿ ਤਾਪਮਾਨ ’ਚ ਇਕ ਡਿਗਰੀ ਦਾ ਵਾਧਾ ਹੋਇਆ ਹੈ। ਵੱਧ ਤੋਂ ਵੱਧ ਤਾਪਮਾਨ 35 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਬੀਤੀ ਰਾਤ ਘੱਟੋ-ਘੱਟ ਤਾਪਮਾਨ 28.3 ਡਿਗਰੀ ਦਰਜ ਕੀਤਾ ਗਿਆ। ਪਹਿਲੀ ਜੂਨ ਤੋਂ ਹੁਣ ਤੱਕ ਬਾਰਿਸ਼ 185.3 ਮਿਲੀਮੀਟਰ ਦਰਜ ਕੀਤੀ ਗਈ ਹੈ। ਕੇਂਦਰ ਦੀ ਲਾਂਗ ਫੋਰਕਾਸਟ ’ਚ 28 ਜੁਲਾਈ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ। ਪੂਰੇ ਹਫਤੇ ਦੌਰਾਨ ਵੱਧ ਤੋਂ ਵੱਧ ਤਾਪਮਾਨ 35 ਤੋਂ 34 ਡਿਗਰੀ ਦੇ ਵਿਚਕਾਰ ਰਹਿ ਸਕਦਾ ਹੈ, ਜਦਕਿ ਘੱਟੋ-ਘੱਟ ਤਾਪਮਾਨ 28 ਡਿਗਰੀ ਦੇ ਆਸ-ਪਾਸ ਰਹੇਗਾ। ਡਾਇਰੈਕਟਰ ਸੁਰਿੰਦਰ ਪਾਲ ਮੁਤਾਬਕ ਬੰਗਾਲ ਦੀ ਖਾੜੀ ਤੋਂ ਆਉਣ ਵਾਲੀਆਂ ਹਵਾਵਾਂ ਬਹੁਤ ਕਮਜ਼ੋਰ ਹਨ, ਜਿਸ ਕਾਰਨ ਮੀਂਹ ਨਹੀਂ ਪੈ ਰਿਹਾ। ਹਾਲਾਂਕਿ ਪੰਜਾਬ-ਹਰਿਆਣਾ ਦੇ ਉੱਤਰੀ ਹਿੱਸਿਆਂ ’ਚ ਮੀਂਹ ਪੈ ਰਿਹਾ ਹੈ। ਆਉਣ ਵਾਲੇ ਦਿਨਾਂ ’ਚ ਮਾਨਸੂਨ ਦੇ ਮੀਂਹ ’ਚ ਕੁੱਝ ਬਦਲਾਅ ਦੇਖਣ ਨੂੰ ਮਿਲੇਗਾ।

## ਕਾਰ ਚਾਲਕ ਵੱਲੋਂ ਅਚਾਨਕ ਯੂ-ਟਰਨ ਲੈਣ ਕਾਰਨ ਹਾਈਵੇਅ ’ਤੇ 4 ਵਾਹਨ ਟਕਰਾਏ

ਭੋਗਪੁਰ 25 ਜੁਲਾਈ। ਜਲੰਧਰ ਕੌਮੀ ਸ਼ਾਹ ਮਾਰਗ ਦੇ ਭੋਗਪੁਰ ਨੇੜਲੇ ਡੱਲੀ ਦੇ ਚੌਂਕ ’ਚ ਵਾਪਰੇ ਸੜਕ ਹਾਦਸੇ ’ਚ 4 ਵਾਹਨਾਂ ਦੀ ਟੱਕਰ ਹੋਣ ਕਾਰਨ 6 ਲੋਕਾਂ ਦੇ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ ਇਕ ਵਰਨਾ ਕਾਰ ਸਵਾਰ ਜਲੰਧਰ ਵੱਲੋਂ ਆ ਰਹੀ ਸੀ ਅਤੇ ਉਸ ਨੇ ਅਚਾਨਕ ਡੱਲੀ ਦੇ ਚੌਂਕ ’ਚ ਯੂ-ਟਰਨ ਲੈਣ ਦੀ ਕੋਸ਼ਿਸ਼ ਕੀਤੀ ਤਾਂ ਪਿੱਛੋਂ ਆ ਰਹੀ ਆਈ-20 ਕਾਰ ਇਸ ਕਾਰ ਨਾਲ ਟਕਰਾ ਗਈ ਅਤੇ ਇਕ ਲੈਂਸਰ ਕਾਰ ਵੀ ਇਨ੍ਹਾਂ ਕਾਰਾਂ ਦੇ ਪਿੱਛੇ ਆ ਟਕਰਾਈ ਅਤੇ ਕਾਰਾਂ ਕੋਲੋਂ ਲੰਘ ਰਿਹਾ ਮੋਟਰਸਾਈਕਲ ਵੀ ਹਾਦਸੇ ਦੀ ਲਪੇਟ ’ਚ ਆ ਗਿਆ। ਹਾਦਸੇ ਦੀ ਜਾਣਕਾਰੀ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਦੇ ਰਣਧੀਰ ਸਿੰਘ ਸਟਾਫ ਮੁਲਾਜ਼ਮਾਂ ਨਾਲ ਘਟਨਾ ਵਾਲੀ ਥਾਂ ’ਤੇ ਪਹੁੰਚੇ ਅਤੇ ਜ਼ਖਮੀਆਂ ਨੂੰ ਹਸਪਤਾਲਾਂ ’ਚ ਪਹੁੰਚਾਇਆ। ਇਸ ਹਾਦਸੇ ਕਾਰਨ ਨੈਸ਼ਨਲ ਹਾਈਵੇਅ ਦੇ ਦੋਵੇਂ ਪਾਸੇ ਵੱਡੀਆਂ ਟਰੈਫਿਕ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ। ਐੱਸ.



ਐੱਸ. ਐੱਫ. ਵੱਲੋਂ ਹਾਦਸਾਗ੍ਰਸਤ ਗੱਡੀਆਂ ਨੂੰ ਸਾਈਡ ’ਤੇ ਕਰਵਾ ਕੇ ਟਰੈਫਿਕ ਨੂੰ ਸਚਾਰੂ ਢੰਗ ਨਾਲ ਚਲਾ ਦਿੱਤਾ ਗਿਆ। ਇੰਚਾਰਜ ਰਣਧੀਰ ਸਿੰਘ ਨੇ ਦੱਸਿਆ ਹੈ ਕਿ ਇਹ ਹਾਦਸੇ ਕਾਰਨ ਰਜਿੰਦਰ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਜਾਹਰਾ ਪੀਰ ਰੋਡ ਟਾਂਡਾ, ਮੇਜਰ ਸਿੰਘ ਪੁੱਤਰ ਰਾਮ ਲੁਭਾਇਆ, ਅਰਪਿਤਾ ਪੁੱਤਰੀ ਬਲਜੀਤ ਕੁਮਾਰ (ਦੋਨੋਂ ਵਾਸੀ) ਨਵੀਂ ਆਬਾਦੀ ਭੋਗਪੁਰ, ਸੋਨੂ ਅਰੋੜਾ ਪੁੱਤਰ ਮੁਲਖ ਰਾਜ, ਕਮਲੇਸ਼ ਰਾਣੀ ਪਤਨੀ ਮੁਲਖ ਰਾਜ, ਅਰਚਨਾ ਅਰੋੜਾ ਪਤਨੀ ਸੋਨੂ ਅਰੋੜਾ ਵਾਸੀ ਭੋਗਪੁਰ ਜਖਮੀ ਹੋਏ ਹਨ। ਭੋਗਪੁਰ ਪੁਲਸ ਨੇ ਵੀ ਵਾਹਨਾਂ ਨੂੰ ਕਬਜ਼ੇ ’ਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਫਿਲਟਰ ਪਲਾਂਟ ਤੋਂ ਲੀਕ ਹੋ ਗਈ ਗੈਸ, ਖਾਲੀ ਕਰਵਾਏ ਗਏ ਨੇੜਲੇ ਸਾਰੇ ਸਕੂਲ

ਊਧਮਪੁਰ 25 ਜੁਲਾਈ। ਜੰਮੂ-ਕਸਮੀਰ ਦੇ ਊਧਮਪੁਰ ‘ਚ ਦੇ ਫਿਲਟਰ ਪਲਾਂਟ ਤੋਂ ਗੈਸ ਲੀਕ ਹੋਣ ਦੀ ਖਬਰ ਸਾਹਮਣੇ ਆ ਰਹੀ ਹੈ। ਸੂਚਨਾ ਮਿਲਦੇ ਹੀ ਆਸਪਾਸ ਦੇ ਸਕੂਲ ਬੰਦ ਕਰ ਦਿੱਤੇ ਗਏ ਅਤੇ ਬੱਚਿਆਂ ਨੂੰ ਉਥੋਂ ਦੂਰ ਲੈ ਜਾਇਆ ਗਿਆ। ਫਾਇਰ ਬ੍ਰਿਗੇਡ ਅਤੇ ਪੁਲਸ ਮੌਕੇ ‘ਤੇ ਪਹੁੰਚ ਗਈ ਹੈ ਅਤੇ ਲੀਕੇਜ ‘ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਲੀਕ ਹੋਣ ਵਾਲੀ ਗੈਸ ਕਲੋਰੀਨ ਹੈ। ਇੰਜਨੀਅਰਿੰਗ ਟੀਮ ਲੀਕੇਜ



ਨੂੰ ਠੀਕ ਕਰਨ ਵਿੱਚ ਜੁਟੀ ਹੋਈ ਹੈ। ਘਟਨਾ ਬਾਰੇ ਫਾਇਰ ਅਤੇ ਐਮਰਜੈਂਸੀ ਵਿਭਾਗ ਦੇ ਸਹਾਇਕ ਡਾਇਰੈਕਟਰ ਸਰਵੇਸਵਰ ਲੈਂਗਰ ਨੇ ਦੱਸਿਆ ਕਿ ਕਲੋਰੀਨ ਗੈਸ ਲੀਕ ਹੋਈ ਹੈ। ਸਬੰਧਤ ਇੰਜੀਨੀਅਰਿੰਗ ਟੀਮ ਕੰਮ ਕਰ ਰਹੀ ਹੈ। ਜੇਕਰ ਕੋਈ ਕਲਾਊਡ ਬਣਦਾ ਹੈ, ਤਾਂ ਇਸ ਨਾਲ ਨਜਿੱਠਣ ਲਈ ਪਾਣੀ ਦੇ ਸਪਰੇਅ ਦੀ ਵਰਤੋਂ ਕੀਤੀ ਜਾਵੇਗੀ। ਮੌਕੇ ‘ਤੇ ਫਾਇਰ ਬ੍ਰਿਗੇਡ ਅਤੇ ਪੁਲਸ ਦੀਆਂ ਟੀਮਾਂ ਮੌਜੂਦ ਹਨ। ਆਸਪਾਸ ਦੇ ਇਲਾਕੇ ਨੂੰ ਖਾਲੀ ਕਰਵਾ ਲਿਆ ਗਿਆ ਹੈ। ਸਾਵਧਾਨੀ ਵਰਤੀ ਜਾ ਰਹੀ ਹੈ।

## ਕੂੜਾ ਸਮਝ ਸੁੱਟ ਦਿੱਤਾ ਹੀਰਿਆਂ ਦਾ ਹਾਰ, ਸਾਰੀ ਦਿਹਾੜੀ ਫਰੋਲ ਦਿੱਤੇ ਕੂੜੇ ਦੇ ਢੇਰ

ਚੇਨਈ 25 ਜੁਲਾਈ। ਲਾਪਰਵਾਹੀ ਜਾਂ ਗਲਤੀ ਕਾਰਨ ਕਈ ਵਾਰ ਜਰੂਰੀ ਵਸਤੂਆਂ ਕੂੜੇ ਦੇ ਢੇਰ ‘ਚ ਪਹੁੰਚ ਜਾਂਦੀਆਂ ਹਨ। ਕਈ ਵਾਰ ਇਹ ਗਲਤੀਆਂ ਜਾਂ ਲਾਪਰਵਾਹੀ ਇੰਨੀਆਂ ਵੱਡੀਆਂ ਹੁੰਦੀਆਂ ਹਨ ਕਿ ਹੋਸ ਉਡਾ ਦਿੰਦੀਆਂ ਹਨ। ਤਾਮਿਲਨਾਡੂ ਦੀ ਰਾਜਧਾਨੀ ਵਿੱਚ ਇੱਕ ਵਿਅਕਤੀ ਦੇ ਪਰਿਵਾਰ ਦੀ ਹਾਲਤ ਉਦੋਂ ਵਿਗੜ ਗਈ ਜਦੋਂ ਪਤਾ ਲੱਗਿਆ ਕਿ ਲੱਖਾਂ ਰੁਪਏ ਦਾ ਹਾਰ ਕੂੜੇ ਦੇ ਨਾਲ ਚਲਾ ਗਿਆ ਹੈ। ਇਸ ਤੋਂ ਬਾਅਦ ਪਰਿਵਾਰ ਦੇ ਮੁਖੀ ਨੇ ਹੀਰਿਆਂ ਦਾ ਹਾਰ ਲੱਭਣ ਲਈ ਸਫਾਈ ਕਰਮਚਾਰੀ ਤੋਂ ਮਦਦ ਮੰਗੀ। ਜਾਣਕਾਰੀ ਮੁਤਾਬਕ ਇਹ ਘਟਨਾ ਵਿੰਡਸਰ ਪਾਰਕ ਅਪਾਰਟਮੈਂਟ, ਬੀਵੀ ਰਾਜਮੰਨਾਰ ਰੋਡ, ਵਿਰੁਗਮਬੱਕਮ, ਚੇਨਈ ਦੇ ਰਹਿਣ ਵਾਲੇ ਦੇਵਰਾਜ ਦੇ ਘਰ ਹੋਈ। ਧੀ ਦੇ ਵਿਆਹ ਲਈ ਪੰਜ ਲੱਖ ਦੀ ਕੀਮਤ ਦਾ ਹੀਰਿਆਂ ਦਾ ਹਾਰ ਖਰੀਦਿਆ ਗਿਆ ਸੀ। ਮਾਂ ਇਹ ਹਾਰ ਆਪਣੀ ਧੀ ਨੂੰ ਗਿਫਟ ਕਰਨਾ ਚਾਹੁੰਦੀ ਸੀ। ਹਾਲਾਂਕਿ, ਇੱਕ ਦਿਨ ਅਚਾਨਕ ਹੀਰੇ ਦਾ ਇਹ ਹਾਰ ਗਾਇਬ ਹੋ ਗਿਆ। ਹਾਰ ਦੀ ਪੂਰੇ ਘਰ ਵਿੱਚ ਭਾਲ ਕੀਤੀ ਗਈ ਪਰ ਉਹ ਕਿਧਰੇ ਨਹੀਂ ਕੂੜੇ ਦੇ ਨਾਲ ਚਲਾ ਗਿਆ ਹੈ। ਇਸ ਤੋਂ ਬਾਅਦ ਪਰਿਵਾਰ ਦੇ ਮੁਖੀ ਨੇ ਹੀਰਿਆਂ ਦਾ ਹਾਰ ਲੱਭਣ ਲਈ ਸਫਾਈ ਕਰਮਚਾਰੀ ਤੋਂ ਮਦਦ ਮੰਗੀ। ਜਾਣਕਾਰੀ ਮੁਤਾਬਕ ਇਹ ਘਟਨਾ ਵਿੰਡਸਰ ਪਾਰਕ ਅਪਾਰਟਮੈਂਟ, ਬੀਵੀ ਰਾਜਮੰਨਾਰ ਰੋਡ,ਮਿਲਿਆ। ਅਜਿਹੇ ‘ਚ ਪਰਿਵਾਰ ਵਾਲਿਆਂ ਨੇ ਸੋਚਿਆ ਕਿ ਸਾਇਦ ਹੀਰਿਆਂ ਦਾ ਹਾਰ ਕੂੜਾ ਦੇ ਨਾਲ ਘਰੋਂ ਬਾਹਰ ਚੱਲਿਆ



ਗਿਆ। ਇਸ ਦੇ ਲਈ ਦੇਵਰਾਜ ਨੇ ਚੇਨਈ ਕਾਰਪੋਰੇਸਨ ‘ਚ ਸਫਾਈ ਦਾ ਕੰਮ ਕਰਨ ਵਾਲੀ ਕੰਪਨੀ ਅਰਬਾਸੇਰ ਨਾਲ ਸੰਪਰਕ ਕੀਤਾ। ਇਸ ਤੋਂ ਬਾਅਦ ਸਫਾਈ ਕਰਮਚਾਰੀ ਅਤੇ ਟਰੱਕ ਡਰਾਈਵਰ ਐਂਥਨੀ ਸਾਮੀ ਕੂੜੇ ਦੇ ਢੇਰ ਨੇੜੇ ਪੁੱਜੇ ਅਤੇ ਹੀਰਿਆਂ ਦਾ ਹਾਰ ਲੱਭਣ ਵਿੱਚ ਮਦਦ ਕਰਨੀ ਸੁਰੂ ਕਰ ਦਿੱਤੀ। ਕੁਝ ਸਮਾਂ ਭਾਲ ਕਰਨ ਤੋਂ ਬਾਅਦ ਆਖਰਕਾਰ ਹੀਰਿਆਂ ਦਾ ਹਾਰ ਮਿਲ ਗਿਆ ਅਤੇ ਇਹ ਦੇਵਰਾਜ ਨੂੰ ਸੌਂਪ ਦਿੱਤਾ ਗਿਆ। ਸਾਹਮਣੇ ਆਈ ਇਕ ਵੀਡੀਓ ‘ਚ ਦੇਖਿਆ ਜਾ ਸਕਦਾ ਹੈ ਕਿ ਸਫਾਈ ਕਰਮਚਾਰੀ ਐਂਥਨੀ ਸਾਮੀ ਕੂੜੇ ਦੇ ਢੇਰ ‘ਚੋਂ ਹਾਰ ਦੀ ਭਾਲ ਕਰ ਰਹੇ ਹਨ। ਆਖਰਕਾਰ ਉਨ੍ਹਾਂ ਦੀ ਮਿਹਨਤ ਦਾ ਫਲ ਮਿਲਿਆ ਅਤੇ ਉਨ੍ਹਾਂ ਨੂੰ ਹਾਰ ਲੱਭ ਗਿਆ। ਹੁਣ ਐਂਥਨੀ ਦੀ ਇਮਾਨਦਾਰੀ ਅਤੇ ਮਿਹਨਤ ਦੀ ਕਾਫੀ ਤਾਰੀਫ ਹੋ ਰਹੀ ਹੈ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੋਈ ਕੀਮਤੀ ਵਸਤੂ ਕੂੜੇ ਦੇ ਢੇਰ ਤੱਕ ਪਹੁੰਚੀ ਹੋਵੇ। ਇਸ ਤੋਂ ਪਹਿਲਾਂ ਮੱਧ ਪ੍ਰਦੇਸ ਤੋਂ ਵੀ ਅਜਿਹੀ ਹੀ ਇੱਕ ਘਟਨਾ ਸਾਹਮਣੇ ਆਈ ਸੀ। ਜਦੋਂ ਇੱਕ ਪਰਿਵਾਰ ਬਾਹਰ ਸੈਰ ਕਰਨ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਘਰ ਵਿੱਚ ਪਿਆ ਕੀਮਤੀ ਸੋਨੇ ਦਾ ਸਮਾਨ ਡਸਟਬਿਨ ਵਿੱਚ ਰੱਖ ਦਿੱਤਾ। ਇਸ ਦੌਰਾਨ ਇਕ ਮਹਿਮਾਨ ਨੇ ਘਰ ਪਹੁੰਚ ਕੇ ਇਸ ਨੂੰ ਕੂੜਾ ਸਮਝ ਕੇ ਸਫਾਈ ਕਰਮਚਾਰੀਆਂ ਨੂੰ ਦੇ ਦਿੱਤਾ। ਜਦੋਂ ਪਰਿਵਾਰ ਵਾਪਸ ਆਇਆ ਤਾਂ ਉਹ ਹੈਰਾਨ ਰਹਿ ਗਿਆ। ਪਰਿਵਾਰ ਨੇ ਸਫਾਈ ਕਰਮਚਾਰੀਆਂ ਦੀ ਮਦਦ ਨਾਲ ਡੰਪਿੰਗ ਗਰਾਊਂਡ ਦੀ ਤਲਾਸੀ ਲਈ ਤਾਂ ਕੀਮਤੀ ਗਹਿਣੇ ਮਿਲੇ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਧੀ ਨੂੰ ਹੋ ਰਿਹਾ ਸੀ ਢਿੱਡ 'ਚ ਦਰਦ, ਦਵਾਈ ਦਿਵਾਉਣ ਗਈ ਮਾਂ ਨੂੰ ਡਾਕਟਰ ਨੇ ਜੋ ਦੱਸਿਆ, ਪੈਰਾਂ ਹੇਠੋਂ ਖਿਸਕੀ ਜਮੀਨ

ਫਾਜ਼ਿਲਕਾ 25 ਜੁਲਾਈ। ਇੱਥੇ ਫਾਜ਼ਿਲਕਾ ਦੇ ਪਿੰਡ ਸੈਦੋ ਕੇ ਹਿਠਾੜ ਵਿਖੇ ਕਾਲਜ 'ਚ ਪੜ੍ਹਦੀ ਇਕ ਕੁੜੀ ਨਾਲ ਜਬਰ-ਜ਼ਿਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਉਦੋਂ ਪਤਾ ਲੱਗਾ, ਜਦੋਂ ਕੁੜੀ ਨੂੰ ਢਿੱਡ 'ਚ ਦਰਦ ਹੋਇਆ ਤਾਂ ਹਸਪਤਾਲ 'ਚ ਚੈੱਕਅਪ ਦੌਰਾਨ ਉਹ 5 ਮਹੀਨਿਆਂ ਦੀ ਗਰਭਵਤੀ ਨਿਕਲੀ। ਫਿਲਹਾਲ ਪੁਲਸ ਨੇ ਇਸ ਮਾਮਲੇ ਸਬੰਧੀ 2 ਨੌਜਵਾਨਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਪੀੜਤਾ ਨੇ ਦੱਸਿਆ ਕਿ ਬੀਤੇ ਜਨਵਰੀ ਮਹੀਨੇ ਦੌਰਾਨ ਜਦੋਂ ਉਹ ਇਕ ਦਿਨ ਕਾਲਜ ਤੋਂ ਵਾਪਸ ਆ ਰਹੀ ਸੀ ਤਾਂ ਪਿੰਡ ਦੇ 2 ਨੌਜਵਾਨਾਂ ਨੇ ਉਸ ਨਾਲ ਜਬਰ-ਜ਼ਿਨਾਹ ਕੀਤਾ ਅਤੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਹੁਣ ਜਦੋਂ ਕੁੜੀ ਦੇ ਢਿੱਡ 'ਚ ਦਰਦ ਹੋਇਆ ਤਾਂ ਉਸ ਦੇ ਪਰਿਵਾਰ ਵਾਲੇ ਉਸ ਨੂੰ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਪੀੜਤਾ 5 ਮਹੀਨਿਆਂ ਦੀ ਗਰਭਵਤੀ ਹੈ। ਇਹ ਸੱਚਾਈ ਜਾਣ ਕੇ ਪੀੜਤਾ ਦੀ ਮਾਂ ਬੁਰੀ ਤਰ੍ਹਾਂ ਟੁੱਟ ਗਈ। ਉਸ ਨੇ ਰੋਂਦੇ ਹੋਇਆ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੇ ਇਕ ਬੱਚੇ ਨੂੰ ਕੈਂਸਰ ਹੈ। ਉਸ ਨੇ ਦੱਸਿਆ ਕਿ ਉਸ ਦੀ ਧੀ ਨਾਲ ਜੋ ਵੀ ਹੋਇਆ ਹੈ, ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਫਿਲਹਾਲ ਸਦਰ ਥਾਣਾ ਪੁਲਸ ਨੇ ਇਸ ਮਾਮਲੇ 'ਚ 2 ਨੌਜਵਾਨਾਂ ਖ਼ਿਲਾਫ ਜਬਰ-ਜ਼ਿਨਾਹ ਦਾ ਮੁਕੱਦਮਾ ਦਰਜ ਕਰ ਲਿਆ ਹੈ। ਐੱਸ. ਐੱਚ. ਓ. ਪਰਮਜੀਤ ਕੁਮਾਰ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਚੌਗਿਰਦੇ ਦੀ ਸੰਭਾਲ ਲਈ ਪੰਚਾਇਤ ਦਾ ਅਨੋਖਾ ਉੱਦਮ, 'ਪਲਾਸਟਿਕ ਲਿਆਓ, ਗੁੜ-ਖੰਡ ਲੈ ਜਾਓ'

ਬਰਨਾਲਾ 25 ਜੁਲਾਈ। ਪਿੰਡ ਭੈਣੀ ਮਹਿਰਾਜ ਦੀ ਗ੍ਰਾਮ ਪੰਚਾਇਤ ਨੇ ਚੌਗਿਰਦੇ ਦੀ ਸੰਭਾਲ ਲਈ ਉੱਦਮ ਕਰਦਿਆਂ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦਾ ਸੰਕਲਪ ਲੈਂਦਿਆਂ 'ਪਲਾਸਟਿਕ ਕੂੜਾ ਲਿਆਓ, ਗੁੜ-ਖੰਡ ਲੈ ਜਾਓ' ਦਾ ਨਾਅਰਾ ਦਿੱਤਾ ਹੈ। ਪਿੰਡ ਦੀ ਸੱਥ 'ਚ ਕੀਤੇ ਗਏ ਆਮ ਇਜਲਾਸ 'ਚ ਪਿੰਡ ਦੀ ਵਿਉਂਤਬੰਦੀ ਦਾ ਖਾਕਾ ਗ੍ਰਾਮ ਸਭਾ ਦੇ ਮੈਂਬਰਾਂ ਨੇ ਖੁਦ ਉਲੀਕਿਆ। ਔਰਤਾਂ ਦੀ ਭਰਵੀਂ ਹਾਜਰੀ ਵਾਲੇ ਆਮ ਇਜਲਾਸ ਦੀ ਪ੍ਰਧਾਨਗੀ ਚੇਅਰਪਰਸਨ ਸੁਖਵਿੰਦਰ ਕੌਰ ਨੇ ਕੀਤੀ। ਇਸ ਮੌਕੇ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਵੀ ਹਾਜਰ ਰਹੇ। ਇਸ ਮੌਕੇ ਪਿੰਡ ਦੇ ਮੋਹਤਬਰ ਆਗੂ ਗਗਨਦੀਪ ਸਿੰਘ ਤੇ ਜਤਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦੇ ਉਦੇਸ਼ ਨਾਲ ਜੋ ਪਿੰਡ ਵਾਸੀ ਪੰਚਾਇਤ ਨੂੰ ਪਲਾਸਟਿਕ ਕਚਰਾ ਦੇਣਗੇ, ਉਸ ਬਦਲੇ ਮੁਫਤ 'ਚ ਗੁੜ ਜਾਂ ਖੰਡ ਦਿੱਤੀ ਜਾਵੇਗੀ। ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਕਾਰਜ ਦੀ ਸ਼ੁਰੂਆਤ 2 ਜੁਲਾਈ ਤੋਂ ਕੀਤੀ ਜਾਵੇਗੀ, ਹਰ ਤਿੰਨ ਮਹੀਨਿਆਂ ਬਾਅਦ ਲੋਕਾਂ ਤੋਂ ਪਲਾਸਟਿਕ ਕਚਰਾ ਲਿਆ ਜਾਵੇਗਾ। ਇਸ ਤੋਂ ਇਲਾਵਾ ਔਰਤਾਂ ਦੇ ਸਸਕਤੀਕਰਨ ਲਈ ਕਦਮ ਵਧਾਉਂਦੇ ਹੋਏ ਲਿੰਗ ਸਮਾਨਤਾ, ਔਰਤਾਂ ਨੂੰ ਬਰਾਬਰ ਦੇ



ਮੌਕੇ ਮੁਹੱਈਆ ਕਰਨਾ, ਔਰਤਾਂ ਤੇ ਕੁੜੀਆਂ ਨੂੰ ਸੁਰੱਖਿਅਤ ਮਾਹੌਲ ਦੇਣ ਆਦਿ ਬਾਰੇ ਮਤੇ ਪਾਸ ਕੀਤੇ ਗਏ। ਗੁਰਪ੍ਰੀਤ ਸਿੰਘ ਪੰਚਾਇਤ ਸਕੱਤਰ ਨੇ ਸਾਲ 2022-23 ਦੌਰਾਨ ਦਾ ਆਮਦਨ ਤੇ ਖਰਚ ਪੜ੍ਹ ਕੇ ਸੁਣਾਇਆ। ਇਸ ਤੋਂ ਇਲਾਵਾ ਆਮ ਇਜਲਾਸ 'ਚ ਪਾਸ ਕੀਤੇ ਗਏ ਮਤਿਆਂ 'ਚ ਛੱਪੜਾਂ ਦੇ ਗੰਦੇ ਪਾਣੀ ਦੇ ਹੱਲ ਲਈ ਥਾਪਰ ਮਾਡਲ ਦਾ ਨਿਰਮਾਣ ਕਰਨਾ, ਠੋਸ ਕੂੜਾ ਪ੍ਰਬੰਧਨ ਤਹਿਤ ਪਿਟ, ਸ਼ੈੱਡ ਤੇ ਚਾਰਦੀਵਾਰੀ, ਸੁੱਕੇ-ਗਿੱਲੇ ਕੂੜੇ ਲਈ ਕੂੜੇਦਾਨ, ਮੀਂਹ ਦੇ ਪਾਣੀ ਦੀ ਸੰਭਾਲ ਲਈ ਸਾਂਝੀਆਂ ਥਾਵਾਂ 'ਤੇ ਰੇਨ ਵਾਟਰ ਰੀਚਾਰਜ ਪਿਟ, ਕਮਿਊਨਿਟੀ ਹਾਲ ਤੇ ਲਾਇਬ੍ਰੇਰੀ ਇਮਾਰਤ ਦੀ ਉਸਾਰੀ, ਬੱਸ ਸਟੈਂਡ, ਹੈਲਥ ਡਿਸਪੈਂਸਰੀ ਦੀ ਇਮਾਰਤ, ਪਾਰਕ ਦਾ ਨਿਰਮਾਣ, ਮਹਿਲਾ ਸਭਾ ਦਾ ਗਠਨ, ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਦੀ ਚੋਣ, ਮਿੰਨੀ ਜੰਗਲ ਤੇ ਸਾਂਝੀਆਂ ਥਾਂਵਾਂ 'ਤੇ ਬੂਟੇ ਲਾਉਣਾ ਅਤੇ ਗਲੀਆਂ-ਨਾਲੀਆਂ ਦੀ ਉਸਾਰੀ ਕਰਨ ਦੇ ਮਤੇ ਸ਼ਾਮਲ ਕੀਤੇ ਗਏ। ਇਸ ਮੌਕੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਨੇ ਪਿੰਡ ਵਾਸੀਆਂ ਨੂੰ ਪੰਜਾਬ ਸਰਕਾਰ ਦੇ ਪ੍ਰਾਜੈਕਟਾਂ ਤੋਂ ਜਾਣੂ ਕਰਵਾਇਆ ਤੇ ਕਿਹਾ ਕਿ ਪਿੰਡਾ ਦੇ ਲੋਕ ਗ੍ਰਾਮ ਸਭਾ ਦੇ ਆਮ ਇਜਲਾਸ 'ਚ ਖੁਦ ਆਪਣੇ ਪਿੰਡ ਦੇ ਵਿਕਾਸ ਦੀ ਯੋਜਨਾ ਬਣਾਉਣ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸਰਕਾਰ ਪਿੰਡਾਂ ਦੀ ਕਾਇਆ-ਕਲਪ ਲਈ ਸਿੱਖਿਆ, ਸਿਹਤ ਸੇਵਾਵਾਂ , ਵਾਤਾਵਰਣ ਅਤੇ ਖੇਡਾਂ ਲਈ ਆਧੁਨਿਕ ਖੇਡ ਮੈਦਾਨ ਬਣਾਉਣ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਮੰਤਰੀ ਮੀਤ ਹੇਅਰ ਦੇ ਨਿਰਦੇਸਾਂ ਤਹਿਤ ਪਿੰਡਾਂ ਨੂੰ ਵਾਤਵਰਣ ਪੱਖੀ ਯਤਨਾਂ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਟਿਕਾਊ ਵਿਕਾਸ ਦੇ 9 ਟੀਚਿਆਂ ਬਾਰੇ ਗ੍ਰਾਮ ਸਭਾ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ। ਸਭਾ ਦੇ ਮੈਂਬਰਾਂ ਨੇ ਟਿਕਾਊ ਵਿਕਾਸ ਦੇ ਦੋ ਥੀਮ 'ਚੰਗੇ ਸ਼ਾਸਨ ਵਾਲਾ ਪਿੰਡ' ਅਤੇ 'ਮਹਿਲਾਵਾਂ ਦੇ ਅਨੁਕੂਲ ਪਿੰਡ ਦੇ ਟੀਚਿਆਂ 'ਤੇ' ਕੰਮ ਕਰਨ ਦਾ ਸੰਕਲਪ ਲਿਆ। ਗ੍ਰਾਮ ਸਭਾ ਦੇ ਇਜਲਾਸ 'ਚ ਵੱਖ-ਵੱਖ ਵਿਭਾਗ ਦੇ ਅਧਿਕਾਰੀਆਂ ਨੇ ਆਪਣੇ-ਆਪਣੇ ਵਿਭਾਗਾਂ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਦੇ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ, ਪਰਮਜੀਤ ਭੁੱਲਰ ਵੀਡੀਓ, ਸਿਹਤ ਵਿਭਾਗ ਤੋਂ ਮਲਕੀਤ ਸਿੰਘ, ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀ ਗੁਰਮੇਲ ਸਿੰਘ, ਰਾਊਂਡ ਗਲਾਸ ਸੰਸਥਾ ਦੇ ਪ੍ਰੇਮਜੀਤ ਸਿੰਘ, ਪੰਚ ਜਰਨੈਲ ਸਿੰਘ, ਹਰਮੇਲ ਸਿੰਘ ਤੇ ਡਾਕਟਰ ਨਛੱਤਰ ਸਿੰਘ ਆਦਿ ਹਾਜਰ ਸਨ।

## ਆਹਮੋ-ਸਾਹਮਣੇ ਹੋਈ ਟੱਕਰ 'ਚ ਟਰੱਕਾਂ ਦੇ ਉੱਡੇ ਚਿੱਥੜੇ, ਇਕ ਦੀ ਦਰਦਨਾਕ ਮੌਤ

ਨੂਰਪੁਰਬੇਦੀ 25 ਜੁਲਾਈ। ਬੀਤੀ ਅੱਧੀ ਰਾਤ ਨੂੰ ਨੂਰਪੁਰਬੇਦੀ-ਸ੍ਰੀ ਅਨੰਦਪੁਰ ਸਾਹਿਬ ਮੁੱਖ 'ਤੇ ਸਥਿਤ ਪਿੰਡ ਸੈਦਪੁਰ ਨੇੜੇ ਗੁਜ਼ਰਦੇ ਸਤਲੁਜ ਦਰਿਆ 'ਤੇ ਪੈਂਦੇ ਵੱਡੇ ਪੁਲ ਉੱਪਰ 2 ਟਰੱਕਾਂ ਦੀ ਆਹਮੋ-ਸਾਹਮਣੇ ਹੋਈ ਜ਼ਬਰਦਸਤ ਟੱਕਰ 'ਚ ਇਕ ਟਰੱਕ ਦੇ ਚਾਲਕ ਦੀ ਮੌਤ ਹੋ ਗਈ ਜਦਕਿ ਦੂਜੇ ਦੀ ਹਾਲਤ ਚਿੰਤਾਜਨਕ ਦੱਸੀ ਜਾ ਰਹੀ ਹੈ। ਜਖਮੀ ਨੂੰ ਇਲਾਜ ਲਈ ਪੀ. ਜੀ. ਆਈ. ਚੰਡੀਗੜ੍ਹ ਵਿਖੇ ਰੈਫਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਕਰੀਬ ਸਾਢੇ 12 ਕੁ ਵਜੇ ਟਰੱਕ ਨੰਬਰ ਐੱਚ. ਪੀ.-72-5277 ਦਾ ਚਾਲਕ/ਮਾਲਕ ਅਸ਼ੋਕ ਕੁਮਾਰ ਪ੍ਰਮਾਣੂ (ਹਿਮਾਚਲ ਪ੍ਰਦੇਸ਼) ਵਿਖੇ ਆਪਣੀ ਗੱਡੀ ਖਾਲ੍ਹੀ ਕਰਕੇ ਘਰ ਪਰਤ ਰਿਹਾ ਸੀ। ਜਦੋਂ ਉਹ ਪਿੰਡ ਸੈਦਪੁਰ ਨੇੜੇ ਸਤਲੁਜ ਦਰਿਆ 'ਤੇ ਬਣੇ ਵੱਡੇ ਪੁੱਲ 'ਤੇ ਪਹੁੰਚਿਆ ਤਾਂ ਸਾਹਮਣੇ ਦੀ ਦਿਸ਼ਾ ਤੋਂ ਆ ਰਹੇ ਟਰੱਕ ਨੰਬਰ ਐੱਚ. ਪੀ.-12ਬੀ 8581 ਦੇ ਚਾਲਕ ਨੇ ਕਿਸੇ ਨਾਮਲੂਮ ਵਾਹਨ ਨੂੰ ਕਰਾਸ ਕਰਦੇ ਸਮੇਂ ਅਣਗਹਿਲੀ ਨਾਲ ਆਪਣਾ ਟਰੱਕ ਗਲਤ ਸਾਈਡ ਲਿਜਾ ਕੇ ਦੂਸਰੇ ਟਰੱਕ ਨੂੰ ਸਾਹਮਣੇ ਮਾਰ ਦਿੱਤਾ। ਇਸ ਦੌਰਾਨ ਹੋਈ ਜਬਰਦਸਤ ਟੱਕਰ 'ਚ ਦੋਵੇਂ ਟਰੱਕਾਂ ਦੇ ਚਾਲਕ ਗੰਭੀਰ ਰੂਪ 'ਚ ਜਖਮੀ ਹੋ ਗਏ ਜਿਨ੍ਹਾਂ ਨੂੰ



ਰਾਹਗੀਰਾਂ ਵੱਲੋਂ ਇਲਾਜ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ। ਇਸ ਹਾਦਸੇ ਦੌਰਾਨ ਚਾਲਕ ਅਸ਼ੋਕ ਕੁਮਾਰ (47) ਪੁੱਤਰ ਮਨਸਾ ਰਾਮ ਨਿਵਾਸੀ ਪਿੰਡ ਸਿੰਗਾ, ਥਾਣਾ ਹਰੌਲੀ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਦੀ ਮੌਤ ਹੋ ਗਈ ਜਦਕਿ ਦੂਸਰੇ ਟਰੱਕ ਦੇ ਚਾਲਕ ਜਿਸਦੀ ਹਸਪਤਾਲ ਦੇ ਰਿਕਾਰਡ ਮੁਤਾਬਿਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਰਾਮਪੁਰ ਸੋਲਾ (ਹਿਮਾਚਲ ਪ੍ਰਦੇਸ਼) ਵਜੋਂ ਪਛਾਣ ਹੋਈ ਹੈ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਪੀ. ਜੀ. ਆਈ. ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ 'ਚ ਦੋਵੇਂ ਟਰੱਕ ਬੁਰੀ ਤਰ੍ਹਾਂ ਨੁਕਸਾਨੇ ਗਏ। ਪੁਲਸ ਚੌਕੀ ਕਲਵਾਂ ਦੇ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਅਸ਼ੋਕ ਕੁਮਾਰ ਦੇ ਭਰਾ ਸ਼ਮਸ਼ੇਰ ਸਿੰਘ ਪੁੱਤਰ ਮਨਸਾ ਰਾਮ ਦੇ ਬਿਆਨਾਂ 'ਤੇ ਦੂਸਰੇ ਟਰੱਕ ਦੇ ਚਾਲਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਖ਼ਿਲਾਫ ਧਾਰਾ 279, 304-ਏ ਅਤੇ 427 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਭੇਜ ਦਿੱਤਾ ਹੈ।

## 22 ਹਜਾਰ ਟੈਕਸਦਾਤਾਵਾਂ ਨੂੰ ਆਮਦਨ ਕਰ ਵਿਭਾਗ ਦਾ ਨੋਟਿਸ, ਹਾਈ ਨੈੱਟਵਰਥ ਇੰਡੀਵਿਜੁਅਲ ਦਾ ਡਾਟਾ ਗਲਤ

ਜਲੰਧਰ 25 ਜੁਲਾਈ। ਆਮਦਨ ਕਰ ਵਿਭਾਗ ਪਿਛਲੇ 15 ਦਿਨਾਂ 'ਚ 22 ਹਜਾਰ ਟੈਕਸਦਾਤਾਵਾਂ ਨੂੰ ਸੂਚਨਾ ਨੋਟਿਸ ਜਾਰੀ ਕਰ ਚੁੱਕਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਵਲੋਂ ਆਮਦਨ ਕਰ ਰਿਟਰਨ ਵਿਚ ਦਿੱਤੀਆਂ ਗਈਆਂ ਜਾਣਕਾਰੀ ਦੇ ਆਮਦਨ ਕਰ ਵਿਭਾਗ ਦੇ ਡਾਟਾ ਨਾਲ ਮੇਲ ਨਾ ਖਾਣ ਕਾਰਨ ਇਹ ਨੋਟਿਸ ਦਿੱਤੇ ਗਏ ਹਨ। ਆਮਦਨ ਕਰ ਵਿਭਾਗ ਦੇ ਅੰਕੜਿਆਂ ਮੁਤਾਬਕ 2 ਲੱਖ ਟੈਕਸਦਾਤਾਵਾਂ ਵਲੋਂ ਆਮਦਨ ਕਰ ਰਿਟਰਨ ਵਿਚ ਖਾਮੀਆਂ ਪਾਈਆਂ ਗਈਆਂ ਹਨ। ਇਨ੍ਹਾਂ ਵਲੋਂ ਆਈ. ਟੀ. ਆਰ, ਵਿਚ ਦਿੱਤੀ ਗਈ ਆਮਦਨ ਜਾਂ ਖਰਚੇ ਜਾਂ ਫਿਰ ਬੈਂਕ ਅਕਾਊਂਟ ਡਿਟੇਲ ਵਿਭਾਗ ਵਲੋਂ ਜੁਟਾਏ ਅੰਕੜਿਆਂ ਨਾਲ ਮੇਲ ਨਹੀਂ ਖਾ ਰਹੇ ਹਨ। ਆਮਦਨ ਕਰ ਵਿਭਾਗ ਨੇ ਇਹ ਅੰਕੜੇ ਇਨ੍ਹਾਂ ਟੈਕਸਦਾਤਾਵਾਂ ਨਾਲ ਲਿੰਕਡ ਬੈਂਕ ਅਤੇ ਯੂ. ਪੀ. ਆਈ. ਟ੍ਰਾਂਜੈਕਸ਼ਨ ਦੇ ਆਧਾਰ 'ਤੇ ਜੁਟਾਏ ਹਨ। ਜਿਨ੍ਹਾਂ ਨੂੰ ਨੋਟਿਸ ਦਿੱਤੇ ਗਏ ਹਨ, ਉਨ੍ਹਾਂ ਵਿਚ ਤਨਖਾਹ ਲੈਣ ਵਾਲੇ ਕਰਮਚਾਰੀਆਂ, ਹਾਈ ਨੈੱਟਵਰਥ ਇੰਡੀਵਿਜੁਅਲ, ਹਿੰਦੂ ਅਨਡਿਵਾਈਡਡ ਫੈਮਿਲੀ (ਐੱਚ. ਯੂ. ਐੱਫ.) ਅਤੇ ਟਰੱਸਟ ਸ਼ਾਮਲ ਹਨ। ਸਾਰੇ ਸੂਚਨਾ ਨੋਟਿਸ ਅਸੈੱਸਮੈਂਟ ਯੀਅਰ 2023-24 ਲਈ ਭਰੇ ਗਏ ਆਈ. ਟੀ. ਆਰ. ਲਈ ਭੇਜੇ ਗਏ ਹਨ। ਇਨ੍ਹਾਂ ਸਾਰਿਆਂ ਵਲੋਂ ਆਮਦਨ ਕਰ ਰਿਟਰਨ ਵਿਚ ਕੀਤੀ ਗਈ ਟੈਕਸ ਕਟੌਤੀ ਦਾ ਦਾਅਵਾ ਫਾਰਮ 16 ਜਾਂ ਸਾਲਾਨਾ ਇਨਫਾਰਮੇਸ਼ਨ ਸਟੇਟਮੈਂਟ ਜਾਂ ਫਿਰ ਆਮਦਨ ਕਰ ਵਿਭਾਗ ਦੇ ਅੰਕੜਿਆਂ ਨਾਲ ਮੇਲ ਨਹੀਂ ਖਾ ਰਿਹਾ ਹੈ। ਆਮਦਨ ਕਰ ਵਿਭਾਗ ਦਾ ਕਹਿਣਾ ਹੈ ਕਿ ਜੇ ਟੈਕਸਦਾਤਾ ਇਸ ਸੂਚਨਾ ਨੋਟਿਸ ਦਾ ਕੋਈ ਜਵਾਬ ਨਹੀਂ ਦਿੰਦੇ ਹਨ ਜਾਂ ਕੋਈ ਸਪੱਸ਼ਟੀਕਰਨ ਦੇਣ 'ਚ ਅਸਮਰੱਥ ਹਨ ਤਾਂ ਫਿਰ ਉਨ੍ਹਾਂ ਨੂੰ ਆਮਦਨ ਕਰ ਵਿਭਾਗ ਡਿਮਾਂਡ ਨੋਟਿਸ ਭੇਜੇਗਾ। ਆਮਦਨ ਕਰ ਵਿਭਾਗ ਨੇ ਕਿਹਾ ਕਿ ਜੇ ਕਿਸੇ ਟੈਕਸਦਾਤਾ 'ਤੇ ਟੈਕਸ ਦੇਣਦਾਰੀ ਬਣ ਰਹੀ ਹੈ ਤਾਂ ਉਹ ਵਿਆਜ ਨਾਲ ਬਕਾਇਆ ਟੈਕਸ ਭੁਗਤਾਨ ਕਰ ਸਕਦਾ ਹੈ ਅਤੇ ਅਪਡੇਟ ਰਿਟਰਨ ਦਾਖਲ ਕਰ ਸਕਦਾ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਆਮਦਨ ਕਰ ਵਿਭਾਗ ਨੇ 12 ਹਜਾਰ ਤਨਖਾਹ ਲੈਣ ਵਾਲੇ ਟੈਕਸਦਾਤਾਵਾਂ ਨੂੰ ਵੀ ਸੂਚਨਾ ਨੋਟਿਸ ਭੇਜੇ ਹਨ। ਅਜਿਹੇ ਤਨਖਾਹ ਲੈਣ ਵਾਲੇ ਟੈਕਸਦਾਤਾਵਾਂ ਨੂੰ ਸੂਚਨਾ ਨੋਟਿਸ ਭੇਜੇ ਗਏ ਹਨ, ਜਿਨ੍ਹਾਂ ਵਲੋਂ ਦਾਅਵਾ ਕੀਤੀ ਗਈ ਆਮਦਨ ਕਰ ਕਟੌਤੀ ਅਤੇ ਵਿਭਾਗ ਦੇ ਡਾਟਾ ਦਰਮਿਆਨ ਫਰਕ 50 ਹਜਾਰ ਰੁਪਏ ਤੋਂ ਵੱਧ ਸੀ। ਇਸ ਤੋਂ ਇਲਾਵਾ ਆਮਦਨ ਕਰ ਵਿਭਾਗ ਨੇ 8 ਹਜਾਰ ਐੱਚ. ਯੂ. ਐੱਫ. ਟੈਕਸਦਾਤਾਵਾਂ ਨੂੰ ਨੋਟਿਸ ਭੇਜੇ ਹਨ। ਇਨ੍ਹਾਂ ਵਲੋਂ ਕੀਤੀ ਗਈ ਇਨਕਮ ਟੈਕਸ ਫਾਈਲ ਅਤੇ ਆਮਦਨ ਕਰ ਵਿਭਾਗ ਦੇ ਅੰਕੜਿਆਂ ਦਰਮਿਆਨ 50 ਲੱਖ ਰੁਪਏ ਤੋਂ ਵੱਧ ਦਾ ਫਰਕ ਹੈ। ਆਮਦਨ ਕਰ ਵਿਭਾਗ ਨੇ 900 ਹਾਈ ਨੈੱਟਵਰਥ ਇੰਡੀਵਿਜੁਅਲ ਨੂੰ ਵੀ ਨੋਟਿਸ ਦਿੱਤਾ ਹੈ। ਇਨ੍ਹਾਂ ਵਲੋਂ ਆਪਣੀ ਇਨਕਮ ਟੈਕਸ ਰਿਟਰਨ ਵਿਚ ਦੱਸੀ ਗਈ ਆਮਦਨ ਅਤੇ ਵਿਭਾਗ ਵਲੋਂ ਨੋਟਿਸ ਕੀਤੀ ਗਈ ਆਮਦਨ ਵਿਚ 5 ਕਰੋੜ ਰੁਪਏ ਤੋਂ ਵੱਧ ਦਾ ਫਰਕ ਹੈ। ਉੱਥੇ ਹੀ 1200 ਟਰੱਸਟ ਅਤੇ ਸਾਂਝੇਦਾਰੀ ਫਰਮ ਵਲੋਂ ਆਮਦਨ ਕਰ ਵਿਭਾਗ ਦੇ ਡਾਟਾ ਦਰਮਿਆਨ 10 ਕਰੋੜ ਰੁਪਏ ਤੋਂ ਵੱਧ ਦਾ ਫਰਕ ਹੈ, ਇਨ੍ਹਾਂ ਨੂੰ ਵੀ ਸੂਚਨਾ ਨੋਟਿਸ ਦਿੱਤੇ ਗਏ ਹਨ।

### ਭਾਰਤ-ਪਾਕਿ ਸਰਹੱਦ 'ਤੇ ਬੂਟੇ ਲਾ ਕੇ ਮਨਾਈ ਲੋਕਮਾਨਿਆ ਤਿਲਕ ਅਤੇ ਚੰਦਰਸੇਖਰ ਆਜਾਦ ਦੀ ਜੈਯੰਤੀ

ਫਾਜ਼ਿਲਕਾ 25 ਜੁਲਾਈ। 'ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ, ਮੈਂ ਇਸਨੂੰ ਲੈ ਕੇ ਰਹਾਂਗਾ' ਦਾ ਨਾਅਰਾ ਦੇਣ ਵਾਲੇ ਆਜਾਦੀ ਘੁਲਾਟੀਏ ਲੋਕਮਾਨਿਆ ਬਾਲ ਗੰਗਾਧਰ ਤਿਲਕ ਅਤੇ ਕ੍ਰਾਂਤੀਕਾਰੀਆਂ ਦੇ ਆਦਰਸ ਮੰਨੇ ਜਾਂਦੇ ਚੰਦਰਸੇਖਰ ਆਜਾਦ ਦੀ ਜੈਯੰਤੀ ਦੇ ਮੌਕੇ 'ਤੇ ਭਾਰਤ-ਪਾਕਿਸਤਾਨ ਸਰਹੱਦ ਦੇ ਅੰਤਰਰਾਸਟਰੀ ਸਾਦਕੀ ਬਾਰਡਰ 'ਤੇ ਬੂਟੇ ਲਗਾਏ ਗਏ। ਇਸ ਮੌਕੇ ਬਾਰਡਰ ਏਰੀਆ ਵਿਕਾਸ ਫਰੰਟ ਦੇ ਪ੍ਰਧਾਨ ਅਤੇ ਸਮਾਜ ਸੇਵੀ ਲੀਲਾਧਰ ਸਰਮਾ, ਉਨ੍ਹਾਂ ਦੇ ਵੱਡੇ ਭਰਾ ਗੁਰਦਿਆਲ ਸਰਮਾ ਅਤੇ ਹਰੀਰਾਮ ਸਰਮਾ, ਰੇਣੂ ਸਰਮਾ ਦੇ ਨਾਲ ਬੀ. ਐੱਸ. ਐੱਫ. ਕੰਪਨੀ ਕਮਾਂਡਰ ਜੇ. ਕੇ. ਸਿੰਘ, ਸਮਾਜ ਸੇਵੀ ਰਾਮਨਿਵਾਸ ਬਿਹਾਨੀ, ਪ੍ਰਹਿਲਾਦ ਸਰਮਾ ਵਾਸੀ ਫਤਿਹਾਬਾਦ ਨੇ ਮਿੱਲ ਬਾਰਡਰ ਰੋਡ 'ਤੇ ਬੂਟੇ ਲਗਾਏ। ਸਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਨਾਮ ਦਾ ਜੈਘੋਸ ਕੀਤਾ।

## ਸਿਖਲਾਈ ਕੈਂਪਾਂ ਰਾਹੀਂ ਕਿਸਾਨਾਂ ਨੂੰ ਫਸਲੀ ਬਦਲਾਅ ਲਈ ਪ੍ਰੇਰਿਤ ਕਰਨਾ ਸਰਕਾਰ ਦਾ ਮੁੱਖ ਉਦੇਸ਼ : ਮੰਤਰੀ ਕਟਾਰੂਚੱਕ

ਪਠਾਨਕੋਟ 25 ਜੁਲਾਈ। ਬਦਲ ਕੇ ਫਸਲ ਲਾਈਏ ਆਓ ਰੰਗਲਾ ਪੰਜਾਬ ਬਣਾਈਏ ਦੇ ਅਧੀਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੁਲਦੀਪ ਸਿੰਘ ਧਾਲੀਵਾਲ ਖੇਤੀਬਾੜੀ ਮੰਤਰੀ ਦੀ ਅਗਵਾਈ 'ਚ ਹੋ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਦੇ ਨਿਰਦੇਸ਼ਾਂ ਅਧੀਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਪਠਾਨਕੋਟ ਵੱਲੋਂ ਆਤਮਾ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੋਆ ਵਿਖੇ ਲਾਇਆ ਗਿਆ। ਸਿਖਲਾਈ ਕੈਂਪ ਦੌਰਾਨ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਮੁੱਖ ਮਹਿਮਾਨ ਵਜੋਂ ਹਾਜਰ ਹੋਏ, ਜਿਨ੍ਹਾਂ ਨੂੰ ਡਾ. ਰਜਿੰਦਰ ਕੁਮਾਰ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਅਤੇ ਹੋਰ ਅਧਿਕਾਰੀਆਂ ਨੇ ਗੁਲਦਸਤੇ ਭੇਟ ਕਰ ਕੇ ਸਵਾਗਤ ਕੀਤਾ। ਉਪਰੰਤ ਮੁੱਖ ਮਹਿਮਾਨ ਨੇ ਰਿਬਨ ਕੱਟ ਕੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦੀ ਸ਼ੁਰੂਆਤ ਕੀਤੀ। ਇਸ ਮੌਕੇ ਡਾ. ਅਵਤਾਰ ਸਿੰਘ ਸੰਯੁਕਤ ਡਾਇਰੈਕਟਰ ਖੇਤੀ ਬਾੜੀ (ਵਿਸਥਾਰ ਤੇ ਸਿਖਲਾਈ) ਵੀ ਹਾਜਰ ਸਨ। ਕੈਂਪ ਦੌਰਾਨ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਸ ਵਾਰ ਕਿਸਾਨ ਸਿਖਲਾਈ ਕੈਂਪ 'ਚ ਵਿਸ਼ੇਸ਼ ਗੱਲ ਇਹ ਦੇਖਣ ਨੂੰ ਮਿਲੀ ਕਿ ਕਿਸਾਨੀ ਕਿੱਤੇ ਨਾਲ ਜੁੜੀਆਂ ਔਰਤਾਂ ਵੀ ਭਾਰੀ ਸੰਖਿਆ 'ਚ ਕਿਸਾਨ ਜਾਗਰੂਕਤਾ ਮੇਲੇ 'ਚ ਸ਼ਾਮਲ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅੱਜ ਚਿੰਤਾਂ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਪਾਣੀ ਦਾ ਸਤਰ ਬਹੁਤ ਨੀਵਾਂ ਜਾ ਰਿਹਾ ਹੈ ਅਤੇ ਸਰਕਾਰ ਦਾ ਵੀ ਉਪਰਾਲਾ ਹੈ ਕਿ ਕਿਸਾਨ ਫਸਲਾ ਅੰਦਰ ਬਦਲਾਅ ਲਿਆ ਕੇ ਦਿਨ ਪ੍ਰਤੀ ਦਿਨ ਗਿਰ ਰਹੇ ਜਲ ਸਤਰ ਦੀ ਸੰਭਾਲ ਕਰਨ 'ਚ ਅਪਣਾ ਸਹਿਯੋਗ ਦੇ ਸਕਦੇ ਹਨ। ਮੁੱਖ ਅਫਸਰ ਡਾ. ਰਜਿੰਦਰ ਕੁਮਾਰ ਅਤੇ ਹੋਰ ਅਧਿਕਾਰੀਆਂ ਵੱਲੋਂ ਮੁੱਖ ਮਹਿਮਾਨ ਜੀ ਨੂੰ ਯਾਦਗਾਰ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਕੇ. ਵੀ. ਕੇ. ਘੋਹ ਤੋਂ ਡਿਪਟੀ ਡਾਇਰੈਕਟਰ ਡਾ. ਨਰਿੰਦਰਦੀਪ ਸਿੰਘ ਅਤੇ ਉਨ੍ਹਾਂ ਦੀ ਸਾਇੰਸਦਾਨਾਂ ਦੀ ਟੀਮ ਵੱਲੋਂ ਵਿਸ਼ੇਸ਼ ਜਾਣਕਾਰੀ ਦਿੱਤੀ ਗਈ।

## ਲੁਧਿਆਣਾ 'ਚ ਬੱਸਾਂ ਦਾ ਸਫਰ ਕਰਨ ਵਾਲਿਆਂ ਲਈ ਜਰੂਰੀ ਖਬਰ, ਇਸ ਚੌਕ 'ਚ ਨਹੀਂ ਹੋਵੇਗੀ ਐਂਟਰੀ

ਲੁਧਿਆਣਾ 25 ਜੁਲਾਈ। ਫਿਰੋਜਪੁਰ ਰੋਡ 'ਤੇ ਬਣ ਰਹੇ ਐਲੀਵੇਟਿਡ ਪ੍ਰਾਜੈਕਟ ਦੇ ਮੱਦੇਨਜਰ ਭਾਰਤ ਨਗਰ ਚੌਕ 'ਚ ਬੱਸਾਂ ਦੀ ਐਂਟਰੀ ਬੰਦ ਹੋਵੇਗੀ। ਸੋਮਵਾਰ ਅਤੇ ਮੰਗਲਵਾਰ ਨੂੰ ਇਸ ਦਾ ਟ੍ਰਾਇਲ ਸ਼ੁਰੂ ਕਰ ਦਿੱਤਾ ਗਿਆ ਹੈ। ਟ੍ਰਾਇਲ ਦੇ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਟ੍ਰੈਫਿਕ ਪੁਲਸ ਅਤੇ ਐੱਨ. ਐੱਚ. ਏ. ਆਈ. ਵੱਲੋਂ ਅੱਗੇ ਦੀ ਰਣਨੀਤੀ ਬਣਾਈ ਜਾਵੇਗੀ। ਯੋਜਨਾ ਦੇ ਤਹਿਤ ਸਮਰਾਲਾ ਚੌਕ ਤੋਂ ਲੈ ਕੇ ਫਿਰੋਜਪੁਰ ਰੋਡ ਚੁੰਗੀ ਤੱਕ ਐਲੀਵੇਟਿਡ ਪ੍ਰਾਜੈਕਟ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇਨਜਰ ਕਈ ਪੁਆਇੰਟਾਂ 'ਤੇ ਐਲੀਵੇਟਿਡ ਰੋਡ ਨੂੰ ਸ਼ੁਰੂ ਕਰ ਦਿੱਤਾ ਗਿਆ ਹੈ। ਹੁਣ ਦਾ ਕੰਮ ਆਰਤੀ ਚੌਕ, ਭਾਈ ਵਾਲਾ ਚੌਕ, ਕਚਿਹਰੀ ਚੌਕ ਅਤੇ ਭਾਰਤ ਨਗਰ ਚੌਕ 'ਚ ਚੱਲ ਰਿਹਾ ਹੈ। ਭਾਰਤ ਨਗਰ ਚੌਕ 'ਚ ਬੱਸਾਂ ਦੀ ਆਵਾਜਾਈ ਦੇ ਚੱਲਦਿਆਂ ਕੰਮ ਪੂਰਾ ਕਰਨ 'ਚ ਦਿੱਕਤ ਪੇਸ਼ ਆ ਰਹੀ ਹੈ ਅਤੇ ਰੋਜਾਨਾ ਲੰਬੇ ਟ੍ਰੈਫਿਕ ਜਾਮ ਲੱਗ ਰਹੇ ਹਨ। ਬੱਸ ਅੱਡੇ ਤੋਂ ਭਾਰਤ ਨਗਰ ਚੌਕ 'ਚ ਰੋਜਾਨਾ 500 ਦੇ ਕਰੀਬ ਬੱਸਾਂ ਦੀ ਲਗਾਤਾਰ ਆਵਾਜਾਈ ਹੈ। ਇਸ ਦੇ ਲਈ ਟ੍ਰੈਫਿਕ ਪੁਲਸ ਵੱਲੋਂ 2 ਦਿਨ ਦੇ ਟ੍ਰਾਇਲ ਦੇ ਤੌਰ 'ਤੇ ਬੱਸਾਂ ਨੂੰ ਫਿਰੋਜਪੁਰ ਰੋਡ 'ਤੇ ਦੱਖਣ ਬਾਈਪਾਸ ਤੋਂ ਡਾਇਵਰਟ ਕਰਕੇ ਗਿੱਲ ਰੋਡ ਦੇ ਮਾਧਿਅਮ ਰਾਹੀਂ ਬੱਸ ਅੱਡੇ ਭੇਜਿਆ ਜਾਵੇਗਾ। ਇਸੇ ਤਰ੍ਹਾਂ ਬੱਸ ਅੱਡੇ ਤੋਂ ਫਿਰੋਜਪੁਰ ਰੋਡ ਜਾਣ ਵਾਲੀਆਂ ਬੱਸਾਂ ਨੂੰ ਗਿੱਲ ਰੋਡ, ਦੱਖਣ ਬਾਈਪਾਸ ਦੇ ਰਾਹ ਅੱਗੇ ਭੇਜਿਆ ਜਾਵੇਗਾ।

## ਕੈਂਸਰ ਨਾਲ ਜੂਝ ਰਹੀ ਪਤਨੀ ਲਈ ਭਾਵੁਕ ਹੋਏ ਨਵਜੋਤ ਸਿੱਧੂ, ਚੱਲ ਰਹੀ 6ਵੀਂ ਕੀਮੋਥੈਰੇਪੀ

ਚੰਡੀਗੜ੍ਹ 25 ਜੁਲਾਈ। ਕੈਂਸਰ ਨਾਲ ਜੂਝ ਰਹੀ ਆਪਣੀ ਪਤਨੀ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਹੁਤ ਭਾਵੁਕ ਨਜ਼ਰ ਆਏ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਸਾਬਕਾ ਸੀ. ਪੀ. ਐੱਸ. ਪਤਨੀ ਨਵਜੋਤ ਕੌਰ ਨੂੰ ਲੈ ਕੇ ਭਾਵਨਾਵਾਂ ਨਾਲ ਭਰੀ ਇਕ ਪੋਸਟ ਲਿਖੀ ਕਿ ਆਪਣੇ ਬੱਚਿਆਂ ਦੇ ਪਿਆਰ ਅਤੇ ਪਿਆਰ ਤੋਂ ਪ੍ਰੇਰਿਤ ਹੋ ਕੇ ਆਖਰਕਾਰ ਉਨ੍ਹਾਂ ਦੀ ਆਖਰੀ ਕੀਮੋਥੈਰੇਪੀ ਚੱਲ ਰਹੀ ਹੈ। ਸੀਨੀਅਰ ਕਾਂਗਰਸ ਨੇਤਾ ਨੇ ਲਿਖਿਆ ਕਿ ਮਾਨਸਿਕ ਮਜ਼ਬੂਤੀ ਉਨ੍ਹਾਂ ਦੀ (ਸ੍ਰੀਮਤੀ ਸਿੱਧੂ ਦੀ) ਸਭ ਤੋਂ ਵੱਡੀ ਤਾਕਤ ਹੈ, ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਕੈਂਸਰ ਨੂੰ ਹਰਾ ਦਿੱਤਾ ਹੈ। 6 ਕੀਮੋਥੈਰੇਪੀ ਦੌਰਾਨ ਉਨ੍ਹਾਂ ਨੂੰ ਇਕ ਦਿਨ ਲਈ ਵੀ ਬਿਸਤਰੇ 'ਤੇ ਨਹੀਂ ਰੱਖਿਆ ਗਿਆ

## ਸ਼ਾਤਿਰ ਕੁੜੀ ਦਾ ਕਾਰਾ ਕਰੇਗਾ ਹੈਰਾਨ, ਕ੍ਰੈਡਿਟ ਕਾਰਡ ਜਰੀਏ ਇੰਝ ਕੀਤੀ ਲੱਖਾਂ ਦੀ ਧੋਖਾਦੇਹੀ

ਨਵਾਂਸ਼ਹਿਰ 25 ਜੁਲਾਈ। ਕ੍ਰੈਡਿਟ ਕਾਰਡ ਨੂੰ ਕਬਜ਼ੇ ਵਿਚ ਰੱਖ ਕੇ ਗਲਤ ਵਰਤੋਂ ਕਰਕੇ 3 ਲੱਖ 80 ਹਜਾਰ ਰੁਪਏ ਦੀ ਬੈਂਕ ਦੇਣਦਾਰੀ ਕਰਨ ਦੇ ਦੋਸ਼ਾਂ ਤਹਿਤ ਪੁਲਸ ਨੇ ਕੁੜੀ ਖ਼ਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਸੁਰਿੰਦਰ ਪਾਲ ਪੁੱਤਰ ਨਿਰੰਜਣ ਦਾਸ ਵਾਸੀ ਪਿੰਡ ਜੱਬੋਵਾਲ ਨੇ ਦੱਸਿਆ ਕਿ ਉਸ ਰਕਮ ਦੀ ਕਦੇ ਵਰਤੋਂ ਨਹੀਂ ਕੀਤੀ ਹੈ ਅਤੇ ਉਹ ਇੰਨੀ ਰਕਮ ਦੇਣ ਯੋਗ ਵੀ ਨਹੀਂ ਹਨ। ਉਸ ਨੇ ਦੱਸਿਆ ਕਿ ਉਹ ਇਕ ਗਰੀਬ ਘਰ ਨਾਲ ਸਬੰਧ ਰੱਖਦਾ ਹੈ ਅਤੇ ਅਨਪੜ੍ਹ ਵੀ ਹੈ। ਉਹ ਦੁਬਈ ਵਿਖੇ ਡੇਲੀ ਵੇਜ਼ਰ ਵੱਜੋਂ ਕੰਮ ਕਰਦਾ ਹੈ, ਜਦਕਿ ਉਸ ਦੀ ਪਤਨੀ ਇੰਡੀਆ ਵਿਖੇ ਡੇਲੀ ਵੇਜ਼ਰ ਹੈ। ਉਸ ਨੇ ਦੱਸਿਆ ਕਿ ਉਹ ਮੋਬਾਇਲ 'ਤੇ ਆਉਣ ਵਾਲੇ ਮੈਸੇਜ ਵੀ ਨਹੀਂ ਪੜ੍ਹ



ਸਕਦਾ ਅਤੇ ਉਸ ਨੂੰ ਪਤਾ ਨਹੀਂ ਹੈ ਕਿ ਉਸ ਦੇ ਮੋਬਾਇਲ 'ਤੇ ਟ੍ਰਾਂਜੈਕਸ਼ਨ ਦਾ ਕੋਈ ਮੈਸੇਜ ਆਇਆ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿਚ ਉਸ ਨੇ ਇਨਸਾਫ ਦੀ ਮੰਗ ਕਰਦੇ ਹੋਏ ਦੋਸ਼ੀ ਖ਼ਿਲਾਫ ਕਾਨੂੰਨ ਤਹਿਤ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਕਤ ਸ਼ਿਕਾਇਤ ਦੀ ਜਾਂਚ ਸਾਈਬਰ ਸੈੱਲ ਦੇ ਇੰਚਾਰਜ ਐੱਸ. ਆਈ. ਰਾਧੇ ਕ੍ਰਿਸ਼ਨ ਵੱਲੋਂ ਕਰਨ ਉਪਰੰਤ ਅਤੇ ਡੀ. ਐੱਸ. ਪੀ. ਰੈਂਕ ਦੇ ਅਧਿਕਾਰੀ ਵੱਲੋਂ ਰਿਪੋਰਟ 'ਤੇ ਸਹਿਮਤੀ ਜ਼ਾਹਿਰ ਕਰਨ ਉਪਰੰਤ ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਨੇ ਕ੍ਰੈਡਿਟ ਕਾਰਡ ਦੀ ਗਲਤ ਵਰਤੋਂ ਕਰਨ ਦੇ ਦੋਸ਼ ਤਹਿਤ ਪਿੰਡ ਦੀ ਕੁੜੀ ਮਨਪ੍ਰੀਤ ਕੌਰ ਖ਼ਿਲਾਫ ਧਾਰਾ 406,420 ਦੇ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੇ ਪਿੰਡ ਵਿਚ ਹੀ ਸਥਿਤ ਬੈਂਕ ਵਿਚ ਖਾਤਾ ਹੈ। ਬੈਂਕ ਵੱਲੋਂ ਉਸ ਦੇ ਨੰਬਰ 'ਤੇ ਕ੍ਰੈਡਿਟ ਕਾਰਡ ਜਾਰੀ ਕੀਤਾ ਗਿਆ ਹੈ ਜੋ ਉਸ ਨੂੰ ਨਹੀਂ ਮਿਲਿਆ ਅਤੇ ਉਸ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਉਸ ਨੇ ਦੱਸਿਆ ਕਿ ਬੈਂਕ ਤੋਂ ਉਸ ਨੂੰ ਫੋਨ ਆਇਆ ਕਿ ਉਸ ਦੇ ਕ੍ਰੈਡਿਟ ਕਾਰਡ 'ਤੇ ਕਰੀਬ 3.80 ਲੱਖ ਰੁਪਏ ਦੀ ਦੇਣਦਾਰੀ ਹੈ। ਉਸ ਨੇ ਦੱਸਿਆ ਕਿ ਉਨ੍ਹਾਂ ਉਕਤ

### ਯਮੁਨਾ 'ਚ ਡੁੱਬਣ ਕਾਰਨ 8 ਸਾਲਾ ਬੱਚੇ ਦੀ ਮੌਤ, ਨਹਾਉਂਦੇ ਸਮੇਂ ਪੈਰ ਤਿਲਕਣ ਕਾਰਨ ਵਾਪਰਿਆ ਹਾਦਸਾ

ਮਥੁਰਾ 25 ਜੁਲਾਈ। ਗੁਰੂ ਪੂਰਨਿਮਾ ਦੇ ਤਿਉਹਾਰ 'ਤੇ ਮੱਧ ਪ੍ਰਦੇਸ ਦੇ ਰਾਜਗੜ੍ਹ ਤੋਂ ਵਰਿੰਦਾਵਨ ਦੇ ਆਸਰਮ ਪਹੁੰਚੇ ਇਕ ਪਰਿਵਾਰ ਦੇ 8 ਸਾਲਾ ਬੱਚੇ ਦੀ ਐਤਵਾਰ ਨੂੰ ਯਮੁਨਾ ਨਦੀ 'ਚ ਡੁੱਬਣ ਕਾਰਨ ਮੌਤ ਹੋ ਗਈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮੱਧ ਪ੍ਰਦੇਸ ਦੇ ਰਾਜਗੜ੍ਹ ਜ਼ਿਲ੍ਹੇ ਦੇ ਭੋਜਪੁਰ ਥਾਣਾ ਖੇਤਰ ਦੇ ਪਾਪਡੇਲ ਪਿੰਡ ਦਾ ਬ੍ਰਜੇਸ ਕੁਮਾਰ ਸਰਮਾ ਸਨੀਵਾਰ ਨੂੰ ਆਪਣੀ ਪਤਨੀ ਉਮਾ, ਬੇਟੀ ਪ੍ਰਗਿਆ, ਬੇਟੇ ਰਮਨ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਵਰਿੰਦਾਵਨ ਸਥਿਤ ਆਪਣੇ ਗੁਰੂ ਆਸਰਮ 'ਚ



ਆਸੀਰਵਾਦ ਲੈਣ ਆਇਆ ਸੀ। ਪਰਿਵਾਰ ਐਤਵਾਰ ਸਵੇਰੇ ਨਹਾਉਣ ਲਈ ਯਮੁਨਾ ਦੇ ਕਿਨਾਰੇ ਸ਼ਿੰਗਾਰ ਘਾਟ ਗਿਆ ਸੀ। ਨਹਾਉਂਦੇ ਸਮੇਂ ਰਮਨ ਦਾ ਪੈਰ ਤਿਲਕ ਗਿਆ ਅਤੇ ਉਹ ਡੂੰਘੀ ਨਦੀ ਵਿਚ ਰੁੜ੍ਹ ਗਿਆ। ਉਸ ਨੇ ਦੱਸਿਆ ਕਿ ਜਦੋਂ ਬ੍ਰਜੇਸ ਅਤੇ ਉਸ ਦੇ ਪਰਿਵਾਰ ਨੇ ਰੌਲਾ ਪਾਇਆ ਤਾਂ ਉੱਥੇ ਮੌਜੂਦ ਗੋਤਾਖੋਰਾਂ ਨੇ ਬੱਚੇ ਨੂੰ ਬਾਹਰ ਕੱਢਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਥਾਣਾ ਇੰਚਾਰਜ ਆਨੰਦ ਕੁਮਾਰ ਸਾਹੀ ਨੇ ਦੱਸਿਆ ਕਿ ਬੱਚੇ ਦੇ ਪਰਿਵਾਰ ਵਾਲਿਆਂ ਨੇ ਲਾਸ ਦਾ ਪੋਸਟਮਾਰਟਮ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਲਾਸ ਲੈ ਕੇ ਆਪਣੇ ਘਰ ਪਰਤ ਗਏ।

**NAME CHANGE**
I, NIKHAT W/O MOHD SULEMAN ANSARI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to NIKHAT SULEMAN ANSARI for all future purpose.

**NAME CHANGE**
I Naresh S/o Dalip Singh R/o G-395,Block-k , Gali No-1 , Adhyapak Nagar, Nangloi , West Delhi, Delhi-110041,Have Changed My Name Naresh Kumar For All Purpose

**NAME CHANGE**
I, USHA KUMAR W/O AJAY KUMAR residing at 1479 RANI BAGH DELHI-110034 have changed my name to USHA RANI for all future purpose.

**NAME CHANGE**
I, AKSHAY KUMAR KILA S/O VINOD KUMAR KILA residing at H NO-1705-A, SECTOR-B POCKET-1, VASANT KUNJ, DELHI-110070 have changed my name to AKSHAY KILA for all future purpose.

**NAME CHANGE**
I, Neharika D/o Ashok Manchanda R/o G-10/11, 1st Floor, Kiran Garden, Nr. Janta Clinic, Uttam Nagar, Delhi-110059, have changed my name to Neharika Manchanda for all future purposes

**NAME CHANGE**
I, PRERNA SHARMA D/O SANJIV RANJAN SHARMA R/O DS 260, ARJAN VIHAR, DELHI CANTT–110010, have changed my name from PRERNA SHARMA to PRERNA for all future purposes.

**NAME CHANGE**
I, PRINCY AGARWAL W/O AKSHAY KILA residing at H NO-1705-A, SECTOR-B POCKET-1, VASANT KUNJ, DELHI-110070 have changed my name to PRINCY KILA for all future purpose.

**NAME CHANGE**
I, Jai Pal s/o Darshan Lal Juneja R/o H. No.86, 2nd Floor, Near Gate No.2, Ram Vihar, Karkardooma, Delhi-110092, have changed my name to Jai Pal Juneja for all future purposes.

**NAME CHANGE**
I, MOHAMMAD SULEMAN/ MOHAMMAD SULEMAN ANSARI S/O GULAM NABI residing at H NO-32 G/F GALI NO-1 NEAR KHUREJI PETROL PUMP WEST LAXMI MARKET KRISHNA NAGAR DELHI-110051 have changed my name to MOHD SULEMAN ANSARI for all future purpose.

**NAME CHANGE**
I, PRAHLAD DEWAL S/O MANGLI PRASAD residing at H NO-X-33/5 STREET NO-10 X-BLOCK BRAHAMPURI DELHI-110053 have changed my name to PRAHLAD KUMAR for all future purpose.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**
I, hitherto known as SANTOSH DEVI W/O ASHOK KUMAR SHARMA R/O F-7/B, GALI NO-16, SADH NAGAR-2, PALAM COLONY, SOUTH WEST DELHI, DELHI-110045 have changed my name and shall hereafter be known as SANTOSH BHARDWAJ W/O ASHOK BHARDWAJ.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I, hitherto known as Junaid alias Uwais Ahmed S/o Shahnawaz Ahmed R/o 6976, Gali Karkhane Wali, Beri Wala Bagh, Azad Market, Delhi-110006 have changed my name and shall hereafter be known as Uwais Ahmed.

**PUBLIC NOTICE**
It is for general information that I, Preethy Vijayan W/o Anu Mathew R/o 74-B, Pocket-A-3, Mayur Vihar Phase-3, Delhi-110096 declare that name of mine has been wrongly written as Nissy Jose in my Aadhar Card No. 443223050768. The actual name of mine is Preethy Vijayan, which may be amended accordingly.

**NAME CHANGE**
I, Jeewan Singh Danu s/o Keshar Singh Danu R/o H. No.17, Keemu Post Gogina, Kapkot, Bageshwar-263632, Uttrakhand, have changed my name to Jeewan Singh for all future purposes.

**NAME CHANGE**
I, Bala Narashimhan s/o Murali Krishnan R/o H-1/229, Madangir, Dr. Ambedkar Nagar, New Delhi-110062, have changed my name to Bala Narashimhan Mudaliyar for all future purposes.

**NAME CHANGE**
M/S Pankaj Khera, Girish Kumar LIC No.B-2214, Shop No.B-282, Fruit And Vegetable Market, Gazipur, Delhi-110096 Have Changed Today The Title Of Above Firm As M/S Neelkanth Trading Co., Ankur Dhingra # 9868589463

**NAME CHANGE**
I, Shipra Malik D/o Madan Malik R/o 87-D, GH-10, Sunder Apartment, Sunder Vihar, New Delhi-110087 declare That after marriage I have changed my name to Shipra Bhatia W/o Saurabh Bhatia, for all future purposes.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**PUBLIC NOTICE**
Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..
**SANDEEP SHARMA**
ADVOCATE
Chamber No.505,
Patiala House Court,
New Delhi-110002

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

# ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਜਿਲ੍ਹਾ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਅਧਿਕਾਰੀਆ ਨਾਲ ਕੀਤੀ ਮੀਟਿੰਗ

**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਵੱਲੋਂ ਜਿਲ੍ਹਾ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਅਫ਼ਸਰ ਡਾ. ਰਾਵਿੰਦਰ ਕੌਰ, ਡੀ.ਐਫ.ਐਸ.ਸੀ. ਅਤੇ ਜ਼ਿਲੇ ਦੇ ਸਮੂਹ ਖੁਰਾਕ ਸਪਲਾਈ ਇੰਸਪੈਕਟਰਾਂ ਨਾਲ ਜਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਦਫ਼ਤਰ ਵਿਖੇ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਦੌਰਾਨ ਜਿਲ੍ਹੇ ਵਿੱਚ ਚੱਲ ਰਹੀਆਂ ਸਰਕਾਰ ਦੀਆਂ ਸਕੀਮਾਂ ਦੀ ਸਮੀਖਿਆ ਕੀਤੀ ਗਈ। ਜਿਸ ਦੌਰਾਨ ਡਾ. ਰਾਵਿੰਦਰ ਕੌਰ, ਡੀ.ਐਫ.ਐਸ.ਸੀ. ਤੇ ਸਬੰਧਤ ਮਹਿਕਮੇ ਦੇ ਅਫ਼ਸਰ ਸਹਿਬਾਨਾਂ ਵੱਲੋਂ ਜਿਲ੍ਹੇ ਵਿੱਚ ਚੱਲ ਰਹੀਆਂ ਸਕੀਮਾਂ ਬਾਰੇ ਉਨਾਂ ਨੂੰ ਜਾਣੂੰ ਕਰਵਾਇਆ ਗਿਆ।

ਮੀਟਿੰਗ ਦੌਰਾਨ ਜਿਲ੍ਹਾ ਤੇ ਖੁਰਾਕ ਸਪਲਾਈ ਵਿਭਾਗ ਵੱਲੋ ਦੱਸਿਆ ਗਿਆ ਕਿ ਜਿਲ੍ਹੇ ਵਿਚ ਕੁੱਲ 253088 ਨੀਲੇ ਕਾਰਡ ਹਨ। ਜਿੰਨਾ ਵਿਚੋਂ 976565 ਨੀਲੇ ਕਾਰਡ ਧਾਰਕਾਂ ਮੈਂਬਰ ਨੂੰ 5 ਕਿਲੋ ਪ੍ਰਤੀ ਮੈਂਬਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕਣਕ ਦਿੱਤੀ ਜਾ ਰਹੀ ਹੈ ਅਤੇ ਜੋ ਕਾਰਡ ਮਾਰਕਫੈਡ ਨੂੰ ਦਿੱਤੇ ਗਏ ਸਨ ਹੁਣ ਉਹ ਵਾਪਸ ਰਾਸ਼ਨ ਡੀਪੂਆਂ ਨੂੰ ਦਿਤੇ ਗਏ ਹਨ ਤਾਂ ਜੋ ਖਪਤਕਾਰਾਂ ਨੂੰ ਰਾਸ਼ਨ ਲੈਣ ਸਮੇਂ ਕਿਸੇ ਵੀ ਤਰਾਂ ਦੀ ਕੋਈ ਪ੍ਰੇਸ਼ਾਨੀ ਨਾ ਆਵੇ ਅਤੇ ਹੁਣ ਰਾਸ਼ਨ ਕਾਰਡ ਧਾਰਕਾਂ ਨੂੰ ਮਹੀਨਾ ਅਗਸਤ ਤੇ ਸਤੰਬਰ ਦੌਰਾਨ 3 ਮਹੀਨਿਆ ਦੀ ਕਣਕ ਵੰਡੀ ਜਾਵੇਗੀ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਾਸਨ ਕਾਰਡ ਧਾਰਕਾਂ ਨੂੰ ਬਿਨਾ ਕਿਸੇ ਪੱਖਪਾਤ ਤੋਂ ਸਮੇਂ ਸਿਰ ਕਣਕ ਦਿੱਤੀ ਜਾਵੇ ਤਾਂ ਜੋ ਸਰਕਾਰ ਵਲੋਂ ਦਿੱਤੇ ਜਾਣ ਵਾਲੇ ਆਨਾਜ ਦਾ ਲੋੜਵੰਦ ਲੋਕਾਂ ਨੂੰ ਸਹੀ ਲਾਭ ਮਿਲ ਸਕੇ। ਇਸ ਮੌਕੇ ਉਨਾਂ ਕਿਸੇ ਵੀ ਪਿੰਡ ਜਾਂ ਵਾਰਡਾਂ ਵਿੱਚ ਕਿਸੇ ਵਿਸ਼ੇਸ਼ ਵਿਅਕਤੀ ਦੇ ਘਰ ਦੀ ਬਜਾਏ ਆਪਣੇ ਰਾਸਨ ਡੀਪੂ ਜਾਂ ਕਿਸੇ ਸਾਂਝੀ ਥਾਂ ਤੇ ਕਣਕ ਵੰਡਣ ਦੇ ਅਫ਼ਸਰਾਂ ਨੂੰ ਨਿਰਦੇਸ਼ ਵੀ ਦਿੱਤੇ। ਇਸ ਤੋਂ ਇਲਾਵਾ ਹੋਰ ਚੱਲ ਰਹੀਆਂ ਸਕੀਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ। ਇਸ ਮੌਕੇ ਸ੍ਰੀ ਬਿਕਰਮਜੀਤ ਸਿੰਘ ਇੰਨਵੈਸਟੀਗੇਟਰ ਦਫ਼ਤਰ ਉਪ ਅਰਥ ਅਤੇ ਅੰਕੜਾ ਸਲਾਹਕਾਰ, ਪਟਿਆਲਾ ਮੀਟਿੰਗ ਵਿੱਚ ਹਾਜ਼ਰ ਰਹੇ।



ਜਿਲਾ ਯੋਜਨਾ ਦਫਤਰ ਪਟਿਆਲਾ ਵਿਖੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਜਿਲ੍ਹਾ ਤੇ ਖੁਰਾਕ ਸਪਲਾਈਜ਼ ਵਿਭਾਗ ਦੇ ਅਫਸਰਾਂ ਨਾਲ ਮੀਟਿੰਗ ਕਰਦੇ ਹੋਏ ਨਾਲ ਡੀ.ਐਫ.ਐਸ.ਸੀ ਡਾ. ਰਾਵਿੰਦਰ ਕੌਰ, ਬਿਕਰਮਜੀਤ ਸਿੰਘ ਇੰਨਵੈਸਟੀਗੇਟਰ ਆਦਿ।

# ਸੀਟੀ ਗਰੁੱਪ ਨਵੇਂ ਵਿਦਿਆਰਥੀਆਂ ਦਾ ਦੋ-ਦਿਨਾ ਇੰਡਕਸ਼ਨ ਪ੍ਰੋਗਰਾਮ-ਅਰਾਮਭ ਨਾਲ ਸੁਆਗਤ ਕੀਤਾ

**ਜਲੰਧਰ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਗਰੁੱਪ ਨੇ ਇੱਕ ਗਤੀਸ਼ੀਲ ਅਤੇ ਜਾਣਕਾਰੀ ਭਰਪੂਰ ਦੋ ਦਿਨਾਂ ਇੰਡਕਸ਼ਨ ਪ੍ਰੋਗਰਾਮ ਰਾਹੀਂ ਆਪਣੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਇਸ ਇਵੈਂਟ ਨੇ ਨਵੇਂ ਲੋਕਾਂ ਲਈ ਇੱਕ ਰੋਮਾਂਚਕ ਯਾਤਰਾ ਸ਼ੁਰੂ ਕੀਤੀ, ਜੋ ਕਿ ਦਿਲਚਸਪ ਪ੍ਰੇਰਣਾਤਮਕ ਸੈਸ਼ਨਾਂ, ਜਾਣਕਾਰੀ ਭਰਪੂਰ ਲੈਕਚਰਾਂ, ਅਤੇ ਇੰਟਰਐਕਟਿਵ ਗਤੀਵਿਧੀਆਂ ਨਾਲ ਭਰੀ ਹੋਈ ਸੀ।



ਇੰਡਕਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਨਵੇਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਊਰਜਾ ਦੇਣ ਲਈ ਤਿਆਰ ਕੀਤੇ ਗਏ ਪ੍ਰੇਰਕ ਸੈਸ਼ਨਾਂ ਨਾਲ ਹੋਈ। ਇਹਨਾਂ ਸੈਸ਼ਨਾਂ ਤੋਂ ਬਾਅਦ ਕੈਂਪਸ ਦੇ ਮੁਖੀਆਂ ਅਤੇ ਅਧਿਕਾਰੀਆਂ ਦੀ ਜਾਣ-ਪਛਾਣ ਕਰਨ ਵਾਲੇ ਲੈਕਚਰ ਦਿੱਤੇ ਗਏ, ਇਹ ਯਕੀਨੀ ਬਣਾਇਆ ਗਿਆ ਕਿ ਵਿਦਿਆਰਥੀ ਲੀਡਰਸ਼ਿਪ ਟੀਮ ਨਾਲ ਚੰਗੀ ਤਰ੍ਹਾਂ ਜਾਣੂ ਸਨ।

ਪੂਰੇ ਪ੍ਰੋਗਰਾਮ ਦੌਰਾਨ, ਵੱਖ-ਵੱਖ ਨੀਤੀਆਂ ਅਤੇ ਨਿਯਮਾਂ 'ਤੇ ਚਰਚਾ ਕੀਤੀ ਗਈ, ਜਿਸ ਨਾਲ ਵਿਦਿਆਰਥੀਆਂ ਨੂੰ ਸੀਟੀ ਗਰੁੱਪ ਵਿਖੇ ਕੈਂਪਸ ਜੀਵਨ ਅਤੇ ਵਿਭਿੰਨ ਭਾਈਚਾਰੇ ਦੀ ਸਪੱਸ਼ਟ ਸਮਝ ਪ੍ਰਦਾਨ ਕੀਤੀ ਗਈ। ਪਲੇਸਮੈਂਟ ਸੈੱਲ ਦੇ ਕੰਮਕਾਜ 'ਤੇ ਕੇਂਦ੍ਰਿਤ ਵਿਸ਼ੇਸ਼ ਸੈਸ਼ਨ, ਪਲੇਸਮੈਂਟ ਨੂੰ ਪ੍ਰਮੁੱਖ ਤਰਜੀਹ ਬਣਾਉਣ ਲਈ ਸੰਸਥਾ ਦੀ ਵਚਨਬੱਧਤਾ 'ਤੇ ਜ਼ੋਰ ਦਿੰਦੇ ਹੈ।

ਸੀਟੀ ਗਰੁੱਪ ਦੇ ਚੇਅਰਮੈਨ, ਸ. ਚਰਨਜੀਤ ਸਿੰਘ ਨੇ ਵਿਦਿਆਰਥੀਆਂ ਨਾਲ ਇੱਕ ਵਧੀਆ ਸੈਸ਼ਨ ਕੀਤਾ, ਜਿਸ ਵਿੱਚ ਸਿੱਧੀ ਗੱਲਬਾਤ ਕੀਤੀ ਗਈ ਅਤੇ ਜੀਵਨ ਦੇ ਅਨਮੋਲ ਸਬਕ ਸਾਂਝੇ ਕੀਤੇ ਗਏ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ: ਮਨਬੀਰ ਸਿੰਘ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਜੀਵਨ ਭਰ ਸਿੱਖਣ ਲਈ ਲੋੜੀਂਦੀ ਤਬਦੀਲੀ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਨੂੰ ਸੰਬੋਧਨ ਕੀਤਾ।

ਕੈਂਪਸ ਦੇ ਡਾਇਰੈਕਟਰ, ਡਾ. ਧਾਮੀ ਨੇ ਸਾਰੇ ਵਿਭਾਗਾਂ ਦੇ ਮੁਖੀਆਂ ਨਾਲ ਜਾਣ-ਪਛਾਣ ਕਰਵਾਈ, ਜਦੋਂ ਕਿ ਡਾ. ਸੰਗਰਾਮ ਨੇ ਕੈਂਪਸ ਦੇ ਨਿਯਮਾਂ ਅਤੇ ਨੀਤੀਆਂ ਬਾਰੇ ਵਿਸਥਾਰ ਨਾਲ ਦੱਸਿਆ।

ਇਹ ਯਕੀਨੀ ਬਣਾਇਆ ਗਿਆ ਕਿ ਵਿਦਿਆਰਥੀ ਆਪਣੇ ਨਵੇਂ ਮਾਹੌਲ ਬਾਰੇ ਚੰਗੀ ਤਰ੍ਹਾਂ ਜਾਣੂ ਹੋਣ।

# ਡੀ.ਏ.ਵੀ. ਪਟਿਆਲਾ ਵੱਲੋਂ ਵਣ ਮਹਾਉਤਸਵ ਦਾ ਆਯੋਜਨ ਜੋਸ਼ ਨਾਲ ਕੀਤਾ ਗਿਆ

**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀ.ਏ.ਵੀ ਪਬਲਿਕ ਸਕੂਲ, ਪਟਿਆਲਾ ਵੱਲੋਂ ਜੰਗਲਾਂ ਦੀ ਕਟਾਈ ਕਾਰਨ ਹੋਣ ਵਾਲੇ ਨੁਕਸਾਨ ਵਿਰੁੱਧ ਜਾਗਰੂਕਤਾ ਫੈਲਾਉਣ ਅਤੇ ਰੁੱਖ ਲਗਾਉਣ ਦੇ ਮਨੋਰਥ ਨੂੰ ਪ੍ਰਫੁੱਲਤ ਕਰਨ ਦੇ ਮਕਸਦ ਨਾਲ ਸਕੂਲ ਦੇ ਵਿਹੜੇ ਵਿੱਚ ÷ਏਕ ਪੌਦਾ ਮਾਂ ਕੇ ਨਾਮ÷ (ਇੱਕ ਰੁੱਖ ਮਾਂ ਲਈ) ਵਿਸ਼ੇ ਨਾਲ ਵਣ ਮਹਾਂਉਤਸਵ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 6 ਤੋਂ 10 ਜਮਾਤਾਂ ਤੱਕ ਦੀਆਂ ਗਤੀਵਿਧੀਆਂ ਦੀ ਬਹੁਤਾਤ ਸ਼ਾਮਲ ਹੈ।

ਸ਼੍ਰੀਮਤੀ ਕਿਰਨਦੀਪ ਬਾਵਾ ਵੱਲੋਂ ਪ੍ਰਾਰਥਨਾ ਸਭਾ ਵਿੱਚ ਵਣ ਮਹਾਂਉਤਸਵ ਬਾਰੇ ਭਾਸ਼ਣ ਨਾਲ ਦਿਨ ਦੀ ਸ਼ੁਰੂਆਤ ਕੀਤੀ ਗਈ। ਕਲਾਸ 6 ਅਤੇ 7 ਦੇ ਵਿਦਿਆਰਥੀਆਂ ਨੇ ਜੰਗਲਾਂ ਦੀ ਕਟਾਈ ਦੇ ਮਹੱਤਵ ਅਤੇ ਜੰਗਲਾਂ ਦੀ ਕਟਾਈ ਕਾਰਨ ਹੋਣ ਵਾਲੇ ਨੁਕਸਾਨ ਨੂੰ ਦਰਸਾਉਂਦਾ ਨੁੱਕੜ ਨਾਟਕ ਪੇਸ਼ ਕੀਤਾ। 8ਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਰਿਆਵਲ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਟੀ-ਸ਼ਰਟਾਂ 'ਤੇ ਸੁੰਦਰ ਡਿਜ਼ਾਈਨ ਅਤੇ ਪੇਂਟਿੰਗ ਤਿਆਰ ਕੀਤੀ।

9ਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਮੁਕਾਬਲਿਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।



10ਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਰੇ ਵਿਚਾਰਾਂ ਦਾ ਕੋਲਾਜ ਤਿਆਰ ਕੀਤਾ। ਵਣਮਹਾਂਉਤਸਵ ਦੇ ਤਿਉਹਾਰ ਨੂੰ ਮਨਾਉਣ ਲਈ ਇਨ੍ਹਾਂ ਗਤੀਵਿਧੀਆਂ ਵਿੱਚ 500 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।

ਟੀ-ਸ਼ਰਟ ਡਿਜ਼ਾਈਨ ਮੁਕਾਬਲੇ ਵਿੱਚ ਤੁਸ਼ਿਤਾ ਨੇ ਪਹਿਲਾ, ਸਨਾ ਸਿੱਦੀਕੀ ਨੇ ਦੂਜਾ, ਸਨਾ ਨੇ ਤੀਜਾ ਅਤੇ ਬਿਅੰਕਾ ਪੁਰੀ ਨੇ ਹੌਸਲਾ ਅਫ਼ਜ਼ਾਈ ਪੁਜ਼ੀਸ਼ਨਾਂ ਹਾਸਲ ਕੀਤੀਆਂ।ਪੋਸਟਰ ਮੇਕਿੰਗ ਵਿੱਚ ਭਵਿਆ ਸਿੰਗਲਾ ਨੇ ਪਹਿਲਾ, ਮਨੀਸ਼ਵਰ ਨੇ ਦੂਜਾ, ਸਕਸ਼ਮ ਨੇ ਤੀਜਾ ਅਤੇ ਸੋਹਾਨਾ ਨੇ ਹੌਸਲਾ ਅਫ਼ਜ਼ਾਈ ਪੁਜ਼ੀਸ਼ਨਾਂ ਹਾਸਲ ਕੀਤੀਆਂ। ਕੋਲਾਜ ਮੇਕਿੰਗ ਮੁਕਾਬਲੇ ਵਿੱਚ ਗਗਨਜੋਤ, ਮਨਸੀਰਤ, ਖਨਕ, ਸਵਾਸਤਿਕ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਅਤੇ ਤਸੱਲੀ ਦਾ ਸਥਾਨ ਹਾਸਲ ਕੀਤਾ।

ਪ੍ਰਿੰਸੀਪਲ ਵਿਵੇਕ ਤਿਵਾਰੀ ਨੇ ਅਧਿਆਪਕਾਂ ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਦਿਹਾੜੇ ਮਨਾਉਣ ਦਾ ਰਾਸ਼ਟਰੀ ਮਹੱਤਵ ਵਧ ਗਿਆ ਹੈ, ਰੁੱਖ ਲਗਾਉਣ ਨਾਲ ਕੁਦਰਤੀ ਸੁੰਦਰਤਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਦਾ ਮਕਸਦ ਵੀ ਪੂਰਾ ਹੁੰਦਾ ਹੈ। ਅਜਿਹੇ ਦਿਨ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਏ ਜਾਣੇ ਚਾਹੀਦੇ ਹਨ।ਉਨ੍ਹਾਂ ਨੇ ਸ਼੍ਰੀਮਤੀ ਮਧੂ ਖੰਨਾ , ਸ਼੍ਰੀਮਤੀ ਕਿਰਨਦੀਪ ਬਾਵਾ, ਸ਼੍ਰੀਮਤੀ ਪਰਮਿੰਦਰਪਾਲ ਕੌਰ, ਸ਼੍ਰੀਮਤੀ ਮੇਘਾ ਮਨਚੰਦਾ, ਸ਼੍ਰੀਮਤੀ ਉਪਾਸਨਾ ਮਦਾਨ, ਸ਼੍ਰੀਮਤੀ ਕਿਰਨਜੀਤ ਕੌਰ, ਸ਼੍ਰੀਮਤੀ ਰਜਨੀ ਕਪੂਰ, ਸ਼੍ਰੀਮਤੀ ਮੋਨਿਕਾ ਸ਼ਰਮਾ, ਸ਼੍ਰੀਮਤੀ ਸਾਕਸ਼ੀ, ਸ਼੍ਰੀਮਤੀ ਇਸ਼ਪ੍ਰੀਤ ਅਤੇ ਸ਼੍ਰੀਮਤੀ ਸੁਖਮਨ ਅਤੇ ਸਮੁੱਚੇ ਸਾਇੰਸ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਡਿਪਟੀ ਕਮਿਸ਼ਨਰ ਵੱਲੋਂ ਨੌਜਵਾਨਾਂ ਨੂੰ ਸੁਨਹਿਰੇ ਭਵਿੱਖ ਲਈ ਵਾਤਾਵਰਣ ਦੇ ਸੁਪਰਹੀਰੋ ਬਣਨ ਦਾ ਸੱਦਾ

**ਲੁਧਿਆਣਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਸੁਨਹਿਰੇ ਭਵਿੱਖ ਲਈ ਬੂਟੇ ਲਗਾ ਕੇ, ਪਾਣੀ ਦੀ ਬੱਚਤ, ਪਲਾਸਟਿਕ ਤੋਂ ਬਚਣ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਧਰਤੀ ਮਾਂ ਦੀ ਰੱਖਿਆ ਕਰਨ ਦੀ ਅਪੀਲ ਕੀਤੀ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ ਕਲੀਨ ਏਅਰ ਪੰਜਾਬ ਵੱਲੋਂ ਕਰਵਾਏ ਗਏ 'ਯੂਥ ਚੈਂਪੀਅਨ ਫਾਰ ਕਲੀਨ ਏਅਰ' ਪ੍ਰੋਗਰਾਮ ਦੌਰਾਨ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਸਾਹਨੀ ਨੇ ਦੱਸਿਆ ਕਿ ਨੌਜਵਾਨ ਵਾਤਾਵਰਣ ਪ੍ਰਤੀ ਵੱਡਿਆਂ ਦੇ ਰਵੱਈਏ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਧਰਤੀ ਨੂੰ ਬਚਾਉਣ ਵਿੱਚ ਮੁੱਖ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਸਰਕਾਰ ਜਾਂ ਪ੍ਰਸ਼ਾਸਨ ਦੇ ਨਾਲ ਸਮੂਹਿਕ ਯਤਨਾਂ ਦੀ ਲੋੜ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਨੌਜਵਾਨਾਂ ਦਾ ਦੂਜਿਆਂ ਦੇ ਵਿਵਹਾਰ ਅਤੇ ਰਵੱਈਏ ਨੂੰ ਬਦਲਣ ਦੇ ਨਾਲ-ਨਾਲ ਆਪਣੇ ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਵਧੇਰੇ ਜ਼ਿੰਮੇਵਾਰ ਬਣਨ ਲਈ ਪ੍ਰਭਾਵਿਤ ਕਰਨ 'ਤੇ ਸਿੱਧਾ ਅਸਰ ਪੈ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਰੋਜ਼ਾਨਾ ਦੀਆਂ ਕਾਰਵਾਈਆਂ ਦੁਆਰਾ ਕੀਤੇ ਸਕਾਰਾਤਮਕ ਪ੍ਰਭਾਵ ਤੋਂ ਜਾਣੂ ਹੋਣ ਦੀ ਅਪੀਲ ਕੀਤੀ ਅਤੇ ਲਗਾਏ ਗਏ ਬੂਟਿਆਂ ਦੀ ਸਹੀ ਦੇਖਭਾਲ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।



ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਸਾਹਨੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਮੌਨਸੂਨ ਦੌਰਾਨ ਲੁਧਿਆਣਾ ਵਿੱਚ 15 ਲੱਖ ਦੇ ਕਰੀਬ ਬੂਟੇ ਲਗਾਏ ਜਾ ਰਹੇ ਹਨ। ਉਨ੍ਹਾਂ ਸੈਸ਼ਨ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਵਾਤਾਵਰਣ ਸਬੰਧੀ ਮੁੱਦਿਆਂ ਪ੍ਰਤੀ ਜਾਗਰੂਕਤਾ ਦੀ ਵੀ ਸ਼ਲਾਘਾ ਕੀਤੀ।

# ਅੱਖਾਂ ਦੀ ਜਾਂਚ ਤੇ ਲੈਂਜ਼ ਪਾਉਣ ਦਾ ਅੱਠਵਾਂ ਮੁਫ਼ਤ ਜਾਂਚ ਕੈਂਪ 27 ਨੂੰ ਲੱਗੇਗਾ : ਇੰਦਰਜੀਤ ਸਿੰਘ ਮੁੰਡੇ

**ਮਲੇਰਕੋਟਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਘੇ ਵਾਤਾਵਰਨ ਪ੍ਰੇਮੀ, ਸਮਾਜਸੇਵੀ ਅਤੇ ਇੰਟਰਨੈਸ਼ਨਲ ਪੀਸ ਅਵਾਰਡੀ ਅਤੇ ਚੇਅਰਮੈਨ ਕੇ.ਐਸ. ਗਰੁੱਪ ਸ.ਇੰਦਰਜੀਤ ਸਿੰਘ ਮੁੰਡੇ ਦੀ ਅਗਵਾਈ ਹੇਠ ਅਤੇ ਮਹੰਤ ਹਰਪਾਲ ਦਾਸ ਮੁੱਖ ਸੇਵਾਦਾਰ (ਪ੍ਰਮੁੱਖ ਉਦਾਸੀਨ ਆਸ਼ਰਮ ਪਿੰਡ ਇਮਾਮਗੜ੍ਹ) ਦੀ ਸਰਪ੍ਰਸਤੀ ਹੇਠ ਪੁਨਰਜੋਤ ਨੇਤਰਦਾਨ ਸਭਾ ਮਲੇਰਕੋਟਲਾ ਵੱਲੋਂ ਅੱਖਾਂ ਦਾ ਮੁਫ਼ਤ ਜਾਂਚ ਅਤੇ ਲੈਂਜ਼ ਪਾਉਣ ਦਾ ਅੱਠਵਾਂ ਕੈਂਪ ਪੁਨਰਜੋਤ-ਨੇਤਰਦਾਨ ਸਭਾ ਮਾਲੇਰਕੋਟਲਾ ਵੱਲੋਂ ਅੱਖਾਂ ਦਾ ਚੈੱਕ ਅੱਪ ਤੇ ਅਪ੍ਰੇਸ਼ਨ ਕੈਂਪ ਪਿੰਡ ਇਮਾਮਗੜ੍ਹ ਵਿਖੇ ਲਗਾਇਆ ਜਾ ਹੈ। ਉਪਰੋਕਤ ਜਾਣਕਾਰੀ ਦਿੰਦਿਆਂ ਸ. ਇੰਦਰਜੀਤ ਸਿੰਘ ਮੁੰਡੇ ਨੇ ਦੱਸਿਆ ਕਿ ਇਸ ਕੈਂਪ ਵਿਚ ਅੱਖਾਂ ਦੇ ਮਾਹਿਰ ਡਾਕਟਰ ਰਮੇਸ਼ (ਮਨਸੂਰਾਂ ਵਾਲੇ) ਵੱਲੋਂ ਆਪਣੀ ਟੀਮ ਸਮੇਤ ਲੋੜਵੰਦ ਮਰੀਜ਼ਾਂ ਦਾ ਚੈੱਕ ਅੱਪ ਕਰਨਗੇ।

# ਸਬ ਡਵੀਜ਼ਨ ਪਾਤੜਾਂ ਪੁਲਿਸ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ: ਡੀ ਐਸ ਪੀ ਦਲਜੀਤ ਸਿੰਘ ਵਿਰਕ

**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਬ ਡਵੀਜ਼ਨ ਪਾਤੜਾਂ ਪੁਲਿਸ ਵੱਲੋਂ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ, ਐਸ ਐਸ ਪੀ ਪਟਿਆਲਾ ਵਰੁੰਣ ਸ਼ਰਮਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਜੀ ਦੀ ਅਗਵਾਈ ਹੇਠ ਅਤੇ ਨਸ਼ਿਆਂ ਵਿਰੁੱਧ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਡੀ ਐਸ ਪੀ ਸਭ ਡਵੀਜ਼ਨ ਪਾਤੜਾਂ ਦਲਜੀਤ ਸਿੰਘ ਵਿਰਕ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਨੇ ਕੀਤੀ,ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਸਤਗੁਰ ਦਫਤਰੀਵਾਲਾ, ਬੂਟਾ ਸਿੰਘ ਪਾਤੜਾਂ, ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਡੀ ਐਸ ਪੀ ਪਾਤੜਾਂ ਦਲਜੀਤ ਸਿੰਘ ਵਿਰਕ ਨੇ ਕਿਹਾ ਕਿ ਸਭ ਡਵੀਜ਼ਨ ਪਾਤੜਾਂ ਪੁਲਿਸ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ ਹੈ ਇਸ ਮੁਹਿਮ ਵਿਚ ਪਬਲਿਕ ਨੂੰ ਵੀ ਵੱਧ ਚੜ੍ਹਕੇ ਸਹਿਯੋਗ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ, ਉਹਨਾਂ ਕਿਹਾ ਕਿ ਨਸੇ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਛੋਟੇ ਛੋਟੇ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਉਹਨਾਂ ਕਿਹਾ ਕਿ ਨੋਜਵਾਨਾਂ ਨੂੰ ਨਸ਼ਿਆਂ ਨੂੰ ਛੱਡ ਕੇ ਸਮਾਜ ਸੇਵਾ ਦੇ ਖੇਤਰ ਵਿਚ ਅੱਗੇ ਆ ਕੇ ਸੇਵਾ ਕਰਨੀ ਚਾਹੀਦੀ ਹੈ ਅਤੇ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ, ਉਹਨਾਂ ਕਿਹਾ ਕਿ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜਨੀ ਪਵੇਗੀ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਤੋਂ ਬਚਾ ਸਕਾਂਗੇ। ਇਸ ਮੌਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਵਲੋਂ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੋਹ ਵੀ ਚੁਕਾਈ ਗਈ।



# ਸੰਤ ਆਸਾਰਾਮ ਜੀ ਬਾਪੂ ਦੇ ਸਾਧਕਾਂ ਨੇ ਮਨਾਇਆ ਗੁਰ ਪੁਰਨਿਮਾ ਦਿਵਸ

**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰਾਂ ਇਸ ਸਾਲ ਵੀ ਸ੍ਰੀ ਯੋਗ ਵੇਂਦਾਤ ਸੇਵਾ ਸਮਿਤੀ ਪਟਿਆਲਾ ਦੇ ਸਾਧਕਾ ਨੇ 21.07.24 ਨੂੰ ਬਾਪੂ ਜੀ ਦੀ ਕਿਰਪਾ ਨਾਲ ਗੁਰ ਪੁਰਨੀਮਾ ਦਿਵਸ ਬੜੇ ਹੀ ਸਰਧਾ ਅਤੇ ਵਿਸਵਾਸ ਨਾਲ ਮਨਾਇਆ ਇਸ ਦਿਵਸ ਵਿੱਚ ਪਟਿਆਲਾ ਦੇ ਸਾਧਕਾ ਨੇ ਭਾਰੀ ਸੰਖਿਆ ਵਿਚ ਆਕੇ ਬੜੇ ਹੀ ਉਤਸਾਹ ਨਾਲ ਗੁਰੂ ਪੁਰਨੀਮਾ ਦਾ ਦਿਵਸ ਮਨਾਇਆ ਅਤੇ ਗੁਰੂ ਜੀ ਦਾ ਆਸੀਰਵਾਦ ਪ੍ਰਾਪਤ ਕਿੱਤਾ ਇਸ ਤੋਂ ਇਲਾਵਾ ਪਾਤੜਾਂ ' ਨਾਭਾ ' ਦਿੜਵਾ ਅਤੇ ਰਾਜਪੂਰਾ ਦਿਆ ਸਮਿਤਿਆਂ ਵ ਸਾਧਕਾ ਨੇ ਦਿਵਸ ਵਿੱਚ ਸ਼ਾਮਿਲ ਹੋ ਕੇ ਸਤਸੰਗ ਦਿਆ ਰੌਣਕਾ ਨੂੰ ਵਧਾਉਣ ਵਿੱਚ ਸਹਿਭਾਗੀ ਬਣੇ



ਸਮਿਤਿ ਦੇ ਪ੍ਰਧਾਨ ਸ੍ਰੀ ਪ੍ਰੇਮ ਸਿੰਘ ਸੌਖਲ ਨੇ ਦੱਸਿਆ ਕਿ ਗੁਰ ਪੁਰਨਿਮਾ ਮਨਾਉਣ ਦਾ ਉਦੇਸ ਸਾਧਕਾ ਦੀ ਭਗਤੀ ਸ਼ਰਧਾਂ ਵਧਾਉਣ ਅਤੇ ਗੁਰੂ ਜੀ ਦਾ ਆਸੀਰਵਾਦ ਪ੍ਰਾਪਤ ਕਰਣ ਦਾ ਦਿਵਸ ਗੁਰੂ ਪੁਰਨੀਮਾ ਦਾ ਵਿਸੇਸ ਦਿਵਸ ਦਿਨ ਮਨਾਉਣ ਨਾਲ ਹੀ ਪੂਰਾ ਹੁੰਦਾ ਹੈ ਇਸ ਪਾਵਣ ਦਿਵਸ ਦੇ ਦਿੱਨ ਸ੍ਰੀ ਸੰਜੀਵ ਢਿੰਗਰਾ ਉਪ ਪ੍ਰਧਾਨ ਸ੍ਰੀ ਸਿਵ ਕੁਮਾਰ ਸਰਮਾ ਸੈਕਟਰੀ ਸ੍ਰੀ ਕੈਲਾਸ ਕੁਮਾਰ ਸਚਿਵ ਸੈਕਟਰੀ ਅਤੇ ਸ੍ਰੀ ਅਕਸਿਆ ਢਿੰਗਰਾ ਕੈਸਿਅਰ ਭੀ ਸਾਮਲ ਸਨ।

# ਗਾਇਕ ਗੁਰਮੀਤ ਸਹੋਤਾ ਦਾ ਸਿੰਗਲ ਟਰੈਕ 'ਮਿਸ ਯੂ ਮੰਮਾਂ' ਰਿਲੀਜ਼ : ਬਿੰਦਰੀ ਬੇਗਮਪੁਰੀ

ਗਾਇਕ ਗੁਰਮੀਤ ਸਹੋਤਾ ਦਾ ਸਿੰਗਲ ਟਰੈਕ 'ਮਿਸ ਯੂ ਮੰਮਾਂ' (ਮਾਂ ਦੀ ਯਾਦ) ਸੋਸ਼ਲ ਸਾਈਟਾਂ ਅਤੇ ਯੂ ਟਿਊਬ ਤੇ ਪ੍ਰੀਤਮ ਐਂਟਰਟੇਨਮੈਂਟ ਦੇ ਬੈਨਰ ਹੇਠ ਰਿਲੀਜ਼ ਹੋ ਚੁੱਕਾ ਹੈ। ਗੀਤਕਾਰ ਬਿੰਦਰੀ ਬੇਗਮਪੁਰੀ ਨੇ ਦੱਸਿਆ ਕਿ ਉਹਨਾਂ ਇਹ ਗੀਤ ਦਿਲ ਦੀਆਂ ਗਹਿਰਾਈਆਂ ਤੋਂ ਲਿਖਿਆ ਹੈ। ਮਾਂ ਪੁੱਤ ਦੇ ਪਵਿੱਤਰ ਰਿਸ਼ਤੇ ਨੂੰ ਦਰਸਾਉਂਦੇ ਇਸ ਗੀਤ ਨੂੰ ਸੰਗੀਤਕ ਧੁਨਾਂ ਵਿੱਚ ਪਰੋਇਆ ਹੈ ਐਚ.ਪੀ. ਸਿੰਘ ਨੇ । ਵੀਡੀਓ ਨਿਰਦੇਸ਼ਨ ਸੋਨੂ ਮੱਟੂ ਦਾ ਹੈ । ਜਿਸ ਵਿੱਚ ਉਹਨਾਂ ਦੀ ਟੀਮ ਦੇ ਡੀ.ਓ. ਪੀ. ਨੀਰਜ ਮੱਟੂ, ਐਡੀਟਰ ਕੁਲਦੀਪ ਸਿੰਘ ਹਨ । ਵੀਡੀਓ ਦਾ ਕੰਸੈਪਟ ਸੋਮਿਲ ਰਤਨ ਦਾ ਹੈ । ਇਸ ਪ੍ਰੋਜੈਕਟ ਦੇ ਪ੍ਰੋਡਿਊਸਰ ਹਰਦੀਪ ਦੀਪਾ ਨੇ ।ਅਦਾਕਾਰ ਵਿਵੇਕ ਹਾਸ਼ਰ, ਬਾਲ ਕਲਾਕਾਰ ਜਸ਼ਨ ਗੰਗੜ ਅਤੇ ਮੈਡਮ ਰੇਨੂ ਨੇ ਆਪਣੀ ਅਦਾਕਾਰੀ ਨਾਲ ਗੀਤ ਦੇ ਵੀਡੀਓ ਨੂੰ ਜੀਵੰਤ ਕਰ ਦਿੱਤਾ ਹੈ।




ਗਾਇਕ ਗੁਰਮੀਤ ਸਹੋਤਾ ਨੇ ਵਿਦੇਸ਼ ਦੀ ਧਰਤੀ ਤੋਂ ਸਮੂਹ ਪੰਜਾਬੀਆਂ ਦਾ ਧੰਨਵਾਦ ਕੀਤਾ ਜਿਨਾਂ ਨੇ ਉਹਨਾਂ ਦੀ ਇਸ ਭਾਵਨਾਤਮਕ ਕੋਸ਼ਿਸ਼ ਨੂੰ ਕਬੂਲਿਆ ਅਤੇ ਖੂਬ ਪਸੰਦ ਕਰ ਰਹੇ ਹਨ ।

# ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂਟੇ ਵੰਡਣ ਦੀ ਅਤੇ ਸਮਾਜ ਭਲਾਈ ਦੇ ਹੋਰਨਾਂ ਕੰਮਾਂ ਦੀ ਸੇਵਾ ਕੀਤੀ



**ਨਾਭਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨ. ਐਸ. ਓ. ਟੀਮ ਦੇ ਸਹਿਯੋਗ ਨਾਲ ਸਰਪ੍ਰਸਤ ਸੌਰਵ ਗੁਪਤਾ ਪ੍ਰਧਾਨ ਸਮਾਜ ਸੇਵਕ ਵਿਸ਼ਾਲ ਵਾਲੀਆ (ਮੋਨੂੰ) ਦੀ ਅਗਵਾਈ ਵਿੱਚ ਬ ਮੋਤੀਪੁਰੀ ਮੰਦਿਰ, ਮੈਹਸ ਗੇਟ, ਨਾਭਾ ਦੇ ਪਿਛਲੇ ਦਰਵਾਜ਼ੇ ਦੇ ਨਜ਼ਦੀਕ ਅਨਾਥ, ਅਪਾਹਿਜ, ਨੇਤਰਹੀਣ ਆਦਿ ਜ਼ਰੂਰਤਮੰਦ ਵਿਦਿਆਰਥੀਆਂ ਲਈ ਲੇਖਨ ਸਮੱਗਰੀ (ਸਟੇਸ਼ਨਰੀ) ਦੀ, ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਬੂਟੇ ਵੰਡਣ ਦੀ ਅਤੇ ਸਮਾਜ ਭਲਾਈ ਦੇ ਹੋਰਨਾਂ ਕੰਮਾਂ ਦੀ ਸੇਵਾ ਕੀਤੀ ਗਈ। ਕਿ ਸੰਸਥਾ ਵੱਲੋਂ ਇਹ ਸੇਵਾ ਪਿਛਲੇ 6 ਸਾਲਾਂ ਤੋਂ ਨਿਰੰਤਰ ਨਿਭਾਈ ਜਾ ਰਹੀ ਹੈ। ਇਸ ਮੌਕ ? ਤੇ ਪ੍ਰਧਾਨ ਵਿਸ਼ਾਲ ਵਾਲੀਆ (ਮੋਨੂੰ), ਸੌਰਭ ਗੁਪਤਾ,ਸੇਖ਼ਰ,ਤਰੁਣ ਕੁਮਾਰ ਸਰਮਾ,ਰਤਨ ਲਾਲ,ਦਿੰਪਕ,ਵਿਵੇਕ, ਅੰਕੁਸ਼,ਸੁਧੀਰ ਜੈਨ , ਰਮਨ,ਪ੍ਰਸਤੋਮ ਮੋਦੀ ਆਦਿ ਮੌਜੂਦ ਰਹੇ। ਐਨ. ਐਸ. ਓ. ਸੰਸਥਾ ਦੇ ਪ੍ਰਧਾਨ ਵਿਸ਼ਾਲ ਵਾਲੀਆ (ਮੋਨੂੰ) ਵੱਲੋਂ ਟੀਮ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਸੰਸਥਾ ਵੱਲੋਂ ਭਵਿੱਖ ਵਿੱਚ ਵੀ ਇਹ ਸੇਵਾ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹੇਗੀ।

# ਨਗਰ ਨਿਗਮ ਨੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋ ਕਰਨ ਵਾਲਿਆਂ ਦੇ ਕੀਤੇ ਚਲਾਨ

**ਹੁਸ਼ਿਆਰਪੁਰ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰ ਨਗਰ ਨਿਗਮ ਹੁਸਿਆਰਪੁਰ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੁਲਾਈ, 2022 ਤੋਂ ਸਿੰਗਲ ਯੂਜ਼ ਪਲਾਸਟਿਕ ਤੋਂ ਬਣੀਆਂ ਵਸਤਾਂ ਦੀ ਸਟੋਰੇਜ, ਵਿਕਰੀ ਅਤੇ ਵਰਤੋਂ ਕਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ ਅਤੇ ਜੇਕਰ ਕੋਈ ਵਿਅਕਤੀ ਇਸ ਦੀ ਉਲੰਘਣਾ ਕਰਦਾ ਹੋਇਆ ਪਾਇਆ ਜਾਂਦਾ ਹੈ ਤਾਂ ਉਸਦੇ ਖਿਲਾਫ਼ ਬਣਦੀ ਕਾਰਵਾਈ ਅਮਲ ਵਿਚ ਲਿਆਉਂਦੇ ਹੋਏ ਚਲਾਨ ਜਾਰੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਇਸ ਸਬੰਧੀ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਹੋਇਆ ਹੈ, ਜੋ ਕਿ ਫੀਲਡ ਵਿਚ ਚੈਕਿੰਗ ਦੌਰਾਨ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਚਲਾਨ ਜਾਰੀ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸੇ ਲੜੀ ਵਿਚ ਅੱਜ ਨਗਰ ਨਿਗਮ ਹੁਸ਼ਿਆਰੁਪਰ ਦੀ ਇੰਸਪੈਕਟਰ ਰੇਖਾ ਰਾਣੀ ਵਲੋਂ ਆਪਣੀ ਟੀਮ ਨਾਲ ਸ਼ਹਿਰ ਦੇ ਵੱਖ- ਵੱਖ ਇਲਾਕਿਆਂ ਵਿਚ ਚੈਕਿੰਗ ਕੀਤੀ ਗਈ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਕਰ ਰਹੇ ਦੁਕਾਨਦਾਰਾਂ ਤੋਂ ਪਲਾਸਟਿਕ ਦੇ ਲਿਫ਼ਾਫ਼ੇ ਜ਼ਬਤ ਕੀਤੇ ਅਤੇ 4 ਚਲਾਨ ਜਾਰੀ ਕੀਤੇ ਗਏ।



ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੰਗਲ ਯੂਜ਼ ਪਲਾਸਟਿਕ ਤੋਂ ਬਣੇ ਸਾਮਾਨ ਦੀ ਵਰਤੋਂ ਅਕਸਰ ਵਿਆਹ ਸਮਾਗਮਾਂ ਅਤੇ ਹੋਰਨਾਂ ਪਾਰਟੀਆਂ ਵਿਚ ਵੀ ਸ਼ਰੇਆਮ ਕੀਤੀ ਜਾਂਦੀ ਹੈ। ਇਸ ਲਈ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਸ਼ਹਿਰ ਵਿਚ ਬਣੇ ਮੈਰਿਜ ਪੈਲਸਾਂ, ਹੋਟਲਾਂ ਅਤੇ ਧਰਮਸ਼ਾਲਾ ਦੇ ਮਾਲਕਾਂ ਨੂੰ ਸਿੰਗਲ ਯੂਜ਼ ਪਲਾਸਟਿਕ ਤੋਂ ਬਣੇ ਸਾਮਾਨ ਦੀ ਵਰਤੋਂ ਪ੍ਰੋਗਰਾਮਾਂ ਵਿਚ ਨਾ ਕਰਨ ਦੀ ਹਦਾਇਤ ਕੀਤੀ ਗਈ ਹੈ ਅਤੇ ਜੇਕਰ ਕੋਈ ਵੀ ਇਸ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦਾ ਚਲਾਨ ਕੀਤਾ ਜਾਵੇਗਾ।

# ਡਿਪਟੀ ਕਮਿਸ਼ਨਰ ਵੱਲੋਂ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਹੱਲ ਲਈ ਜ਼ਿਲ੍ਹਾ ਨਿਗਰਾਨ ਕਮੇਟੀ ਦੀ ਮੀਟਿੰਗ

➢ ਲੋਕਾਂ ਨੂੰ ਉਲਟੀਆਂ, ਦਸਤਾਂ, ਪੇਚਸ, ਪੀਲੀਆ, ਡੇਂਗੂ, ਚਿਕਨਗੁਨੀਆਂ, ਸਵਾਇਨ ਫਲੂ ਤੋਂ ਬਚਣ ਲਈ ਸੁਚੇਤ ਹੋ ਕੇ ਸਿਹਤਮੰਤ ਰਹਿਣ ਦੀ ਅਪੀਲ

➢ ਪ੍ਰਾਈਵੇਟ ਹਸਪਤਾਲ ਉਲਟੀਆਂ, ਦਸਤ, ਪੀਲੀਆ, ਡੇਂਗੂ ਆਦਿ ਦੇ ਮਰੀਜ ਆਉਣ ਦੀ ਸੂਚਨਾ ਸਿਵਲ ਸਰਜਨ ਨੂੰ ਦੇਣੀ ਯਕੀਨੀ ਬਣਾਉਣ

**ਪਟਿਆਲਾ, 25 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਵਿੱਚ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਉਲਟੀਆਂ, ਦਸਤਾਂ, ਪੇਚਸ, ਪੀਲੀਆ, ਡੇਂਗੂ, ਚਿਕਨਗੁਨੀਆਂ ਆਦਿ ਸਮੇਤ ਸਵਾਇਨ ਫਲੂ ਤੋਂ ਨਾਲ ਨਜਿੱਠਣ ਲਈ ਜ਼ਿਲ੍ਹਾ ਨਿਗਰਾਨੀ ਕਮੇਟੀ ਦੀ ਇੱਕ ਅਹਿਮ ਮੀਟਿੰਗ ਕੀਤੀ। ਮੀਟਿੰਗ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਡੇਚਲਵਾਲ, ਏ.ਡੀ.ਸੀ (ਜ) ਕੰਚਨ ਅਤੇ ਏ.ਡੀ.ਸੀ (ਸ਼ਹਿਰੀ ?ਵਿਕਾਸ) ਨਵਰੀਤ ਕੌਰ ਸੇਖੋਂ, ਸਿਵਲ ਸਰਜਨ ਡਾ: ਸੰਜੇ ਗੋਇਲ, ਡੀ.ਡੀ.ਪੀ.ਓ ਅਮਨਦੀਪ ਕੌਰ ਸਮੇਤ ਹੋਰ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।




ਡਿਪਟੀ ਕਮਿਸ਼ਨਰ ਨੇ ਜਿੱਥੇ ਸਿਹਤ ਵਿਭਾਗ ਸਮੇਤ ਸਥਾਨਕ ਸਰਕਾਰ, ਪੰਚਾਇਤ, ਜਲ ਸਪਲਾਈ ਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਤਾਲਮੇਲ ਕਰਕੇ ਲੋਕਾਂ ਦੀ ? ਸਿਹਤ ਦਾ ਧਿਆਨ ਰੱਖਣ ਦੀ ਹਦਾਇਤ ਕੀਤੀ, ਉਥੇ ਹੀ ਲੋਕਾਂ ਨੂੰ ਵੀ ਉਲਟੀਆਂ, ਦਸਤਾਂ, ਪੇਚਸ, ਪੀਲੀਆ, ਡੇਂਗੂ, ਚਿਕਨਗੁਨੀਆਂ, ਸਵਾਇਨ ਫਲੂ ਤੋਂ ਬਚਣ ਲਈ ਸੁਚੇਤ ਹੋ ਕੇ ਸਿਹਤਮੰਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਹੈਜ਼ਾ, ਏਡੀਡੀ/ ਗੈਸਟ੍ਰੋਐਂਟਰਾਇਟਿਸ, ਹੈਪੇਟਾਈਟਸ ਏ ਅਤੇ ਈ, ਅਤੇ ਟਾਈਫਾਈਡ ਵਰਗੀਆਂ ਪਾਣੀ ਤੋਂ ਪੈਦਾ ਹੋਣ ਵਾਲੀਆਂ ਆਮ ਬਿਮਾਰੀਆਂ ਤੋਂ ਬਚਾਉਣ ਲਈ ਜ਼ੋਰ ਦਿੱਤਾ। ਉਨ੍ਹਾਂ ਨੇ ਪ੍ਰਾਈਵੇਟ ਹਸਪਤਾਲਾਂ ਅਤੇ ਆਈ.ਐਮ.ਏ. ਦੇ ਮੈਂਬਰ ਡਾਕਟਰਾਂ ਨੂੰ ਕਿਹਾ ਕਿ ਉਹ ਆਪਣੇ ਉਲਟੀਆਂ, ਦਸਤ, ਪੀਲੀਆ, ਡੇਂਗੂ ਆਦਿ ਦੇ ਮਰੀਜ ਆਉਣ ਦੀ ਸੂਚਨਾ ਸਿਵਲ ਸਰਜਨ ਨੂੰ ਦੇਣੀ ਵੀ ਯਕੀਨੀ ਬਣਾਉਣ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ, ਪਟਿਆਲਾ ਜ਼ਿਲ੍ਹੇ ਵਿੱਚ ਵੱਖ-ਵੱਖ ਖੇਤਰਾਂ ਵਿੱਚ ਪਾਣੀ ਕਾਰਨ ਹੋਣ ਵਾਲੀਆਂ 12 ਬਿਮਾਰੀਆਂ ਫੈਲੀਆਂ ਹਨ।ਇਸ ਲਈ ਵੱਖ-ਵੱਖ ਵਿਭਾਗਾਂ ਵੱਲੋਂ ਪਛਾਣੇ ਗਏ ਖੇਤਰਾਂ ਵਿੱਚ ਸੰਜੇ ਕਲੋਨੀ, ਜੇਜੀ ਕਲੋਨੀ, ਇੰਦਰਾ ਕਲੋਨੀ, ਮਾਰਕਲ ਕਲੋਨੀ, ਸ਼ਿਕਲੀਗਰ ਬਸਤੀ, ਅਬਚਲ ਨਗਰ, ਭਾਰਤ ਨਗਰ ਨੇੜੇ ਡੀਸੀਡਬਲਿਊ, ਭਾਰਤ ਨਗਰ ਨਾਭਾ ਰੋਡ, ਤਫੱਜ਼ਲਪੁਰਾ, ਬਡੂੰਗਰ, ਓਲਡ ਬਿਸ਼ਨ ਨਗਰ, ਦੀਨ ਦਿਆਲ ਉਪਾਧਿ ?ਆ ਨਗਰ, ਮੁਸਲਿਮ ਕਲੋਨੀ, ਮਥੁਰਾ ਕਲੋਨੀ, ਹੀਰਾ ਬਾਗ, ਭਿੰਡਰਾ ਕਲੋਨੀ, ਨਿਊ ਯਾਦਵਿੰਦਰਾ ਕਲੋਨੀ, ਪਟਿਆਲਾ ਸ਼ਹਿਰੀ ਵਿੱਚ ਬਾਬੂ ਸਿੰਘ ਕਲੋਨੀ; ਪਟਿਆਲਾ ਦਿਹਾਤੀ ਵਿੱਚ ਅਬਲੋਵਾਲ, ਅਲੀਪੁਰ ਅਰਾਈਆਂ, ਚੌਰਾ; ਸਮਾਣਾ ਵਿੱਚ ਵੜੈਚਾਂ ਪੱਤੀ, ਮਲਕਾਣਾ ਪੱਤੀ, ਘੜਾਮਾ ਪੱਤੀ, ਟਿੱਬੀ ਮੁਹੱਲਾ, ਭਾਮਣਾ ਪੱਤੀ, ਸਰਾਏ ਪੱਤੀ, ਲੋਹਾਰਾ ਮੁਹੱਲਾ; ਰਾਜਪੁਰਾ ਵਿੱਚ ਪੁਰਾਣਾ ਰਾਜਪੁਰਾ, ਰਾਜਪੁਰਾ ਟਾਊਨ; ਨਾਭਾ ਵਿੱਚ ਬਾਜ਼ੀਗਰ ਬਸਤੀ, ਮਹਿਸ ਗੇਟ, ਵਾਲਮੀਕ ਬਸਤੀ; ਬਲਾਕ ਕਾਲੋਮਾਜਰਾ ਵਿੱਚ ਪੱਬੜੀ, ਸੈਦਖੇੜੀ, ਮਦਨਪੁਰ, ਨਲਾਸ; ਢੇਹਾ ਕਲੋਨੀ, ਵਾਰਡ ਨੰਬਰ 10, ਘਨੌਰ ਵਿੱਚ ਵਾਰਡ ਨੰਬਰ 11; ਅਤੇ ਵਾਰਡ ਨੰਬਰ 11, ਖਾਲਸਾ ਕਲੋਨੀ, ਭਾਂਖਰ ਕਲੋਨੀ ਸਨੌਰ, ਸ਼ਾਮਲ ਹਨ, ਜਿਨ੍ਹਾਂ ਵੱਲ ਬਹੁਤ ਜ਼ਿਆਦਾ ਧਿਆਨ ਰੱਖਣ ਦੀ ਲੋੜ ਹੈ।

# ਚੇਅਰਮੈਨ ਪਨੂੰ ਵਲੋਂ ਪਿੰਡ ਮਮਰਾਏ ਤੋਂ ਹਰਸੀਆਂ, ਸਤਕੋਹਾ, ਦਿਆਲਗੜ੍ਹ ਅਤੇ ਪਿੰਡ ਸ਼ੇਰਪੁਰਾਂ ਨੂੰ ਜਾਂਧੀ ਸੜਕ ਦਾ ਕੀਤਾ ਉਦਘਾਟਨ

**ਫਤਿਹਗੜ੍ਹ ਚੂੜੀਆਂ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਅਤੇ ਪਨਸਪ ਪੰਜਾਬ ਦੇ ਚੇਅਰਮੈਨ ਬਲਬੀਰ ਸਿੰਘ ਪਨੂੰ ਵਲੋਂ ਹਲਕੇ ਅਦੰਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਉਨਾਂ ਵਲੋਂ ਪਿੰਡ ਮਮਰਾਏ ਵਿੱਚ ਮੇਨ ਰੋਡ ਤੋਂ ਪਿੰਡ ਵੱਲ ਜਾਂਦੀ ਸੜਕ ਦਾ ਉਦਘਾਟਨ ਕੀਤਾ ਗਿਆ। ਇਸ ਸੜਕ ਤੋਂ ਚਾਰ ਪਿੰਡ ਹਰਸੀਆਂ, ਸਤਕੋਹਾ, ਦਿਆਲਗੜ੍ਹ ਅਤੇ ਪਿੰਡ ਸ਼ੇਰਪੁਰਾਂ ਨੂੰ ਰਸਤਾ ਨਿਕਲਦਾ ਹੈ। ਇਹ ਸੜਕ 8 ਲੱਖ ਦੀ ਲਾਗਤ ਨਾਲ ਤਿਆਰ ਹੋਈ ਹੈ। ਇਸ ਮੌਕੇ ਬਲਜੀਤ ਸਿੰਘ, ਰਣਜੀਤ ਸਿੰਘ, ਗੁਰਜਿੰਦਰ ਸਿੰਘ, ਭੁਪਿੰਦਰ ਸਿੰਘ, ਸਤਨਾਮ ਸਿੰਘ, ਜੱਗਾ ਦਿਓਲ, ਨਿਸ਼ਾਨ ਸਿੰਘ, ਅਜੇਪਾਲ ਸਿੰਘ, ਜਸਵੰਤ ਸਿੰਘ, ਹਰਦੀਪ ਸਿੰਘ ਅਤੇ ਗੁਰਦੀਪ ਸਿੰਘ ਮੌਜੂਦ ਸਨ।

ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਪਨੂੰ ਨੇ ਕਿਹਾ ਕਿ ਹਲਕੇ ਅੰਦਰ ਜਿਥੇ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ ਉਸਦੇ ਨਾਲ-ਨਾਲ ਵਿਕਾਸ ਕਾਰਜ ਵੀ ਕਰਵਾਏ ਜਾ ਰਹੇ ਹਨ। ਉਨਾਂ ਦੱਸਿਆ ਕਿ ਸ਼ਹਿਰੀ ਤੇ ਪੇਂਡੂ ਇਲਾਕਿਆਂ ਵਿੱਚ ਪਾਰਦਰਸ਼ੀ ਢੰਗ ਨਾਲ ਲੋਕਹਿੱਤ ਵਿੱਚ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਲੋਕਾਂ ਦੀਆਂ ਚਿਰਾਂ ਤੋਂ ਲਮਕਦੀਆਂ ਮੰਗਾਂ ਨੂੰ ਪੂਰਾ ਕੀਤਾ ਗਿਆ ਹੈ।



ਉਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰੇਕ ਵਰਗ ਦੀ ਭਲਾਈ ਵਿੱਚ ਫੈਸਲੇ ਲਏ ਗਏ ਹਨ ਅਤੇ ਸਰਕਾਰ ਦੀਆਂ ਨੀਤੀਆਂ ਤੋ ਪ੍ਰਭਾਵਿਤ ਹੋ ਕੇ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।

ਉਨਾਂ ਕਿਹਾ ਕਿ ਆਪ ਪਾਰਟੀ ਹੀ ਲੋਕਾਂ ਦੀ ਹਮਦਰਦ ਪਾਰਟੀ ਹੈ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਕੇ ਉਨਾਂ ਦਾ ਜੀਵਨ ਪੱਧਰ ਉੱਚਾ ਚੱਕਿਆ ਜਾ ਰਿਹਾ ਹੈ।

# ਸਾਹਿਤਕ ਪੰਨਾ

## ਕਾਵਿ ਕਿਆਰੀ

### ਗ਼ਜ਼ਲ

ਪੂੰਜੀ ਸੰਗ ਹਰ ਵਸਤ ਹਾੜਨ ਵਾਲਿਆਂ ਨੂੰ ਕੀ ਪਤਾ ?
ਅਣਖ ਦੇ ਮੁੱਲ ਦਾ ਭਲਾ ਬੇ-ਅਣਖਿਆਂ ਨੂੰ ਕੀ ਪਤਾ ?
ਏ.ਸੀ. ਵਿੱਚ ਰਹਿੰਦੇ ਨੇ ਜੋ ਦਫ਼ਤਰ, ਘਰਾਂ ਵਿੱਚ, ਸਫ਼ਰ ਵਿੱਚ,
ਲੋਕ-ਪੀੜਾ ਦਾ ਅਜਿਹੇ ਲੀਡਰਾਂ ਨੂੰ ਕੀ ਪਤਾ ?
ਜਿਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਗਿਆ ਪ੍ਰਫੁਲਣ ਦਾ,
ਉਨ੍ਹਾਂ ਵਿਚਲੀ ਸੱਭਿਅਤਾ ਦਾ, ਰਿਸ਼ਤਿਆਂ ਨੂੰ ਕੀ ਪਤਾ ?
ਸੂਰਜੋਂ ਪਹਿਲਾਂ ਜੋ ਤੁਰ ਪੈਂਦੇ ਨੇ ਫੋਲਣ ਰੂੜੀਆਂ,
'ਲੀਡਰਾਂ ਦੇ ਘਪਲੇ', ਉਨ੍ਹਾਂ ਗੱਭਰੂਆਂ ਨੂੰ ਕੀ ਪਤਾ ?
ਡਿੱਗ ਰਿਹਾ ਹੈ ਨਿੱਤ ਰੁਪਈਆ, ਨਿੱਤ ਉਹਦੇ ਕਿਰਦਾਰ ਵਾਂਗ,
ਹੈ ਪਤਾ ਲੀਡਰ ਨੂੰ, ਐਪਰ ਡਾਲਰਾਂ ਨੂੰ ਕੀ ਪਤਾ ?
ਹਰ ਮਨੁੱਖ ਨੂੰ ਪਰਚੀ ਮੰਨ ਕੇ ਵਸੋਂ ਨੂੰ ਰੋਕੇਂ ਨਾ ਤੂੰ,
ਮੁੱਲ ਘਟਦਾ ਹੈ ਉਨ੍ਹਾਂ ਦਾ ਪਰਚੀਆਂ ਨੂੰ ਕੀ ਪਤਾ ?
ਖਾਣ ਮੁਫ਼ਤੀ, ਪੀਣ ਮੁਫ਼ਤੀ, ਸਫ਼ਰ ਦੇ ਭੱਤੇ ਅਲੱਗ,
ਮਹਿੰਗ ਦਾ ਕਾਨੂੰਨ-ਘਾੜੇ-ਮੁਜਰਮਾਂ ਨੂੰ ਕੀ ਪਤਾ ?
'ਕਾਲੜਾ' ਗ਼ਜ਼ਲਾਂ ਦੇ ਵਿੱਚ ਤੂੰ ਅਰਥ-ਵਿਗਿਆਨੀ ਨਾ ਬਣ,
ਸ਼ਿਅਰ ਵੀ ਨੇ ਬੋਲਦੇ, ਅਗਿਆਨੀਆਂ ਨੂੰ ਕੀ ਪਤਾ ?

**ਪ੍ਰਿੰ. ਕਰਤਾਰ ਸਿੰਘ ਕਾਲੜਾ**
ਸੰਪਰਕ: 94640-88998



### ਗੀਤ

ਖ਼ੁਦ ਨਾਲ ਹੋਈ ਜਦੋਂ
ਗੱਲਬਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ
ਜਜ਼ਬਾਤ ਮੇਰੇ ਸੱਜਣਾ।
ਚਿੜੀ ਚੂਹਕਦੀ ਦੇ ਨਾਲ
ਅੱਖ ਜਦੋਂ ਖੁੱਲ੍ਹੀ ਸੀ।
ਫਿਰ ਇਨ੍ਹਾਂ ਅੱਖੀਆਂ ਨੂੰ
ਨੀਂਦ ਆਉਣੀ ਭੁੱਲੀ ਸੀ।
ਚੰਗੀ ਚੰਗੀ ਲੱਗੀ
ਪ੍ਰਭਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...
ਸੋਚਾਂ ਦੇ ਪਰਿੰਦੇ ਜਦੋਂ
ਗੀਤ ਕੋਈ ਗਾਇਆ ਸੀ।
ਸੱਚੀਂ ਉਹਨੂੰ ਸੁਣ ਕੇ
ਸਕੂਨ ਬੜਾ ਆਇਆ ਸੀ।
ਦਾਦੀ ਨੇ ਸੁਣਾਈ
ਜਿਵੇਂ ਬਾਤ ਕੋਈ ਸੱਜਣਾ।
ਖੀਵੇ ਹੋ ਕੇ ਨੱਚੇ...
ਦਿਲ ਦੀਆਂ ਪਰਤਾਂ ਨੂੰ
ਖੋਲ੍ਹ ਕੇ ਮੈਂ ਵੇਖਿਆ।
ਹਰ ਇੱਕ ਰਿਸ਼ਤੇ ਨੂੰ
ਤੋਲ ਕੇ ਮੈਂ ਵੇਖਿਆ।
ਕਿਹੋ ਜਿਹੀ ਇਹ
ਕਾਇਨਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...
ਜਾਚ ਸਾਨੂੰ ਆ ਗਈ ਹੁਣ
ਜ਼ਿੰਦਗੀ ਨੂੰ ਜੀਣ ਦੀ।
ਹੰਝੂ ਅਤੇ ਗ਼ਮ ਸੱਭੇ
ਪਾਣੀ ਵਾਂਗੂੰ ਪੀਣ ਦੀ।
ਹਾਸਿਆਂ ਦੀ ਮਿਲ ਗਈ
ਸੌਗਾਤ ਮੇਰੇ ਸੱਜਣਾ।
ਖੀਵੇ ਹੋ ਕੇ ਨੱਚੇ...।

**ਜਗਤਾਰ ਪੱਖ**
ਸੰਪਰਕ: 94651-96946

### ਹਾਸਿਲ

ਸਭ ਕੁਝ ਹਾਸਿਲ ਕਰ ਲਿਆ
ਕੀ ਪ੍ਰਵਾਹ ਏ
ਪਰ ਅਚਾਨਕ ਖੋਹ
ਜਿਹੀ ਪੈਂਦੀ
ਕਿ ਸੱਚਮੁੱਚ ਸਭ ਹਾਸਿਲ ਏ ?
ਫਿਰ ਚੀਸ ਕਿਉਂ ?
ਵੈਰਾਗ ਕਿਉਂ ?
ਇਹ ਵੀ ਵੱਡਾ ਸੱਚ ਏ
ਕਿ ਹਾਸਿਲ ਕਰਕੇ ਵੀ
ਸਭ 'ਹਾਸਿਲ' ਨਹੀਂ ਹੁੰਦਾ!

**- ਪਰਮਜੀਤ ਕੌਰ**
ਸੰਪਰਕ: 83608-15955

### ਖਾਲੀਪਣ

ਵਧ ਗਈ ਬੜੀ ਹੀ ਖਾਰ ਦਿਲਾਂ ਵਿੱਚ।
ਰਿਹਾ ਨਾ ਹੁਣ ਇਤਬਾਰ ਦਿਲਾਂ ਵਿੱਚ।
ਪਿਆਰ-ਮੁਹੱਬਤ ਦਿਸੇ ਨਾ ਕਿਧਰੇ,
ਖਾਲੀਪਣ ਹੁਣ ਯਾਰ ਦਿਲਾਂ ਵਿੱਚ।
ਪਿਆਰ ਵੀ ਹੁਣ ਤਕਰਾਰ ਬਣ ਗਿਆ,
ਵਜਦੀ ਨਾ ਹੁਣ ਤਾਰ ਦਿਲਾਂ ਵਿੱਚ।
ਸੁਪਨਿਆਂ ਅੰਦਰ ਜਿੱਤਾਂ ਰੱਖੀਂ,
ਚੰਗੀ ਨਹੀਓਂ ਹਾਰ ਦਿਲਾਂ ਵਿੱਚ।
ਵਾਅਦੇ ਝੂਠੇ, ਲੋਕ ਫਰੇਬੀ,
ਵਧ ਗਈ ਹੈ ਤਕਰਾਰ ਦਿਲਾਂ ਵਿੱਚ।
ਹਰ ਥਾਂ ਈਰਖਾ, ਨਫ਼ਰਤ, ਸਾੜਾ,
ਸੋਚ ਬੜੀ ਬੀਮਾਰ ਦਿਲਾਂ ਵਿੱਚ।
ਹਲਕੀਆਂ ਗੱਲਾਂ ਨਿੱਤ ਵਧਾਉਂਦੀਆਂ,
ਯਾਰੋ ਕਿੰਨਾ ਭਾਰ ਦਿਲਾਂ ਵਿੱਚ।
'ਭੱਟੀ' ਪਿਆਰ ਵਪਾਰ ਬਣ ਗਿਆ,
ਵਧ ਗਈ ਰਫ਼ਤਾਰ ਦਿਲਾਂ ਵਿੱਚ।

**- ਸਵਿੰਦਰ ਸਿੰਘ ਭੱਟੀ**

## ਕਹਾਣੀ: ਯਮਦੂਤ ਕੌਣ?

**ਗੁਰਵਿੰਦਰ ਸਿੰਘ**



ਟਰਾਲੇ ਤੇ ਮੋਟਰਸਾਈਕਲ ਦੀ ਟੱਕਰ ਹੋਣੀ ਸੀ। ਮੋਟਰਸਾਈਕਲ ਸਵਾਰ ਨੇ ਮਰ ਜਾਣਾ ਸੀ। ਯਮਰਾਜ ਨੇ ਦੋ ਯਮਦੂਤਾਂ ਦੀ ਡਿਊਟੀ ਲਾਈ ਸੀ। ਤੁਰਨ ਤੋਂ ਪਹਿਲਾਂ ਯਮਰਾਜ ਆਪਣੇ ਦੂਤਾਂ ਨੂੰ ਹਦਾਇਤਾਂ ਦੇ ਰਿਹਾ ਸੀ, "ਸਮਾਂ ਬਿਲਕੁਲ ਨਸ਼ਟ ਨਹੀਂ ਕਰਨਾ। ਉਸੇ ਵੇਲੇ ਆਤਮਾ ਲੈ ਕੇ ਮੁੜ ਆਉਣੈ, ਨਹੀਂ ਤਾਂ ਲੋਕ ਕਈ ਵਾਰ ਬੰਦੇ ਨੂੰ ਹਸਪਤਾਲ ਜਾਂ ਡੇਰਿਆਂ ਆਦਿ 'ਤੇ ਲੈ ਜਾਂਦੇ ਨੇ ਤੇ ਆਤਮਾ ਲਿਆਉਣ ਵਿੱਚ ਦੇਰ ਹੋ ਜਾਂਦੀ ਏ। ਨਾਲੇ ਜਦ ਬੰਦਾ ਆਪਣੇ ਸਾਥੀਆਂ-ਬੇਲੀਆਂ ਦੇ ਸਾਹਮਣੇ ਮਰਦੈ ਤਾਂ ਬਾਕੀਆਂ ਨੂੰ ਬਹੁਤ ਤਕਲੀਫ਼ ਹੁੰਦੀ ਹੈ। ਕਈਆਂ ਵਿੱਚਾਰਿਆਂ ਨੂੰ ਤਾਂ ਕਈ-ਕਈ ਦਿਨ ਨੀਂਦ ਹੀ ਨਹੀਂ ਆਉਂਦੀ। ਮਰਦਾ ਬੰਦਾ ਉਨ੍ਹਾਂ ਦੇ ਸੁਪਨਿਆਂ ਵਿੱਚ ਆਉਂਦਾ ਹੈ।" ਯਮਦੂਤ ਨਿਸ਼ਚਿਤ ਸਮੇਂ ਤੋਂ ਕੁਝ ਦੇਰ ਪਹਿਲਾਂ ਹੀ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ ਅਤੇ ਉਡੀਕ ਕਰਨ ਲੱਗੇ। ਦੁਰਘਟਨਾ ਹੋ ਗਈ। ਮੋਟਰਸਾਈਕਲ ਸਵਾਰ ਟਰਾਲੇ ਦੀ ਫ਼ੇਟ ਖਾ ਕੇ ਸੜਕ ਦੇ ਵਿੱਚਕਾਰ 20 ਕੁ ਫ਼ੁੱਟ ਦੂਰ ਜਾ ਡਿੱਗਿਆ। ਵਾਰ-ਵਾਰ ਸੜਕ 'ਤੇ ਵੱਜਣ ਕਾਰਨ ਸਰੀਰ ਥਾਂ-ਥਾਂ 'ਤੇ ਜ਼ਖ਼ਮੀ ਹੋ ਗਿਆ, ਲੱਤਾਂ-ਬਾਹਾਂ ਟੁੱਟ ਗਈਆਂ ਅਤੇ ਸਿਰ ਸੜਕ 'ਤੇ ਵੱਜਣ ਕਾਰਨ ਖ਼ੂਨ ਦੀਆਂ ਘਰਾਲਾਂ ਵਗ ਰਹੀਆਂ ਸਨ। ਦੋਵਾਂ ਪਾਸਿਆਂ ਤੋਂ ਆਉਂਦਾ ਟ੍ਰੈਫ਼ਿਕ ਰੁਕ ਗਿਆ। ਇੱਕਦਮ ਹੀ ਬਹੁਤ ਭੀੜ ਹੋ ਗਈ। ਬਹੁਤ ਸਾਰੇ ਲੋਕ ਟਰਾਲੇ ਵੱਲ ਭੱਜੇ। "ਹੈਂ! ਓਏ ਮੈਨੂੰ ਲੱਗਦਾ ਸਾਨੂੰ ਗਲਤ ਦੱਸਿਆ ਗਿਆ ਸੀ। ਸ਼ਾਇਦ ਟਰਾਲੇ ਵਾਲਾ ਜ਼ਖ਼ਮੀ ਹੋਇਆ ਹੈ ਤਾਂ ਹੀ ਸਾਰੇ ਲੋਕ ਓਧਰ ਨੂੰ ਭੱਜ ਰਹੇ ਨੇ। ਹੁਣ ਉਹ ਵਿੱਚਾਰੇ ਨੂੰ ਬਚਾਉਣ ਦੀ ਕੋਸ਼ਿਸ਼ ਕਰਨਗੇ।" ਨੌਜਵਾਨ ਯਮਦੂਤ ਹੈਰਾਨ ਹੋ ਗਿਆ। ਉਸ ਨੂੰ ਪਹਿਲੀ ਵਾਰ ਆਤਮਾ ਲਿਆਉਣ ਲਈ ਭੇਜਿਆ ਗਿਆ ਸੀ। ਪਹਿਲਾਂ ਉਹ ਨਰਕ ਵਿੱਚ ਹੀ ਅੰਡਰ ਟ੍ਰੇਨਿੰਗ ਸੀ।

"ਨਹੀਂ ਕਾਕਾ ਤੂੰ ਅਜੇ ਨਵਾਂ ਏਂ। ਹੌਲੀ-ਹੌਲੀ ਤੈਨੂੰ ਸਭ ਸਮਝ ਵਿੱਚ ਆ ਜਾਵੇਗਾ।" ਬਜ਼ੁਰਗ ਯਮਦੂਤ, ਜਿਹੜਾ ਕਈ ਸਾਲਾਂ ਤੋਂ ਇਹ ਕੰਮ ਕਰ ਰਿਹਾ ਸੀ, ਦੀ ਆਵਾਜ਼ ਵਿੱਚ ਠਰੰਮਾ ਸੀ। ਲੋਕਾਂ ਨੇ ਟਰਾਲੇ ਦੀ ਬਾਰੀ ਖੋਲ੍ਹ ਲਈ ਸੀ। ਡਰਾਈਵਰ ਨੂੰ ਘਸੀਟ ਕੇ ਬਾਹਰ ਕੱਢਿਆ ਗਿਆ। ਲੋਕਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕੀਤਾ। ਕੋਈ ਥੱਪੜ, ਕੋਈ ਮੁੱਕੇ ਅਤੇ ਕੋਈ ਲੱਤਾਂ ਨਾਲ ਮਾਰ ਰਿਹਾ ਸੀ। ਉਹ ਦਰਦ ਨਾਲ ਤੜਫ਼ ਰਿਹਾ ਸੀ। ਚੀਕਾਂ ਦੀ ਆਵਾਜ਼ ਆ ਰਹੀ ਸੀ। ਇਸ ਸ਼ੋਰ ਸ਼ਰਾਬੇ ਵਿੱਚ ਦੂਰ ਡਿੱਗਿਆ ਮੋਟਰਸਾਈਕਲ ਸਵਾਰ ਵੀ ਦਰਦ ਨਾਲ ਤੜਫ਼ ਰਿਹਾ ਸੀ ਜਿਸ ਦੇ ਦੁਆਲੇ ਕੁਝ ਤਮਾਸ਼ਬੀਨ ਇੱਕਠੇ ਹੋ ਗਏ ਸਨ ਪਰ ਕੋਈ ਹੱਥ ਲਾਉਣ ਲਈ ਤਿਆਰ ਨਹੀਂ ਸੀ। "ਇਹ ਕੀ ਹੋ ਰਿਹਾ ਹੈ ? ਜਵਾਨ ਯਮਦੂਤ ਜਾਣਨ ਲਈ ਕਾਹਲਾ ਸੀ। "ਛੱਡ ਯਾਰ ਆਪਾਂ ਜਲਦੀ ਵਾਪਸ ਚਲੀਏ।" ਬਜ਼ੁਰਗ ਯਮਦੂਤ ਡਿਊਟੀ ਦਾ ਪੱਕਾ ਸੀ। ਉਹ ਯਮਰਾਜ ਦੇ ਗੁੱਸੇ ਨੂੰ ਜਾਣਦਾ ਸੀ। "ਕੋਈ ਨਹੀਂ ਚਾਚਾ! ਅਜੇ ਉਸ ਦੀ ਜ਼ਿੰਦਗੀ ਦੇ ਕੁਝ ਪਲ ਬਾਕੀ ਨੇ।" ਜਵਾਨ ਯਮਦੂਤ ਨੇ ਘੜੀ ਵੇਖਦਿਆਂ ਕਿਹਾ ਸੀ। "ਲੱਗਦਾ ਹੈ ਇਹ ਸਾਰੇ ਲੋਕ ਮਰਨ ਵਾਲੇ ਨੂੰ ਬਹੁਤ ਪਿਆਰ ਕਰਦੇ ਨੇ। ਤਾਂ ਹੀ ਤਾਂ ਮਾਰ ਮਾਰ ਕੇ ਟਰਾਲੇ ਵਾਲੇ ਦਾ ਬੁਰਾ ਹਾਲ ਕਰ ਰਹੇ ਨੇ।" ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ। "ਨਹੀਂ ਕਾਕਾ! ਤੂੰ ਇਸ ਦੁਨੀਆਂ ਨੂੰ ਨਹੀਂ ਜਾਣਦਾ। ਇਹ ਸਾਰੇ ਲੋਕ ਮਤਲਬਪ੍ਰਸਤ ਨੇ। ਕਿਸੇ ਨੂੰ ਵੀ ਉਸ ਨਾਲ ਪਿਆਰ ਨਹੀਂ," ਬਜ਼ੁਰਗ ਯਮਦੂਤ, ਨੌਜਵਾਨ ਯਮਦੂਤ ਦੀ ਜਗਿਆਸਾ ਸ਼ਾਂਤ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ, "ਆ ਮੈਂ ਤੈਨੂੰ ਅਸਲੀਅਤ ਦਿਖਾਉਂਦਾ ਹਾਂ।" ਉਹ ਦੋਵੇਂ ਭੀੜ ਵੱਲ ਵਧੇ। ਭੀੜ ਵਿੱਚੋਂ ਇੱਕ ਨੌਜਵਾਨ ਲੜਕੇ ਦੀਆਂ ਅੱਖਾਂ ਬਜ਼ੁਰਗ ਯਮਦੂਤ ਨਾਲ ਮਿਲੀਆਂ ਸਨ। ਯਮ ਸ਼ਕਤੀ ਕਾਰਨ ਲੜਕਾ ਬਿਨਾਂ ਕੁਝ ਕਹੇ ਦੋਵਾਂ ਯਮਦੂਤਾਂ ਵੱਲ ਆਪ ਮੁਹਾਰੇ ਹੀ ਤੁਰਿਆ ਆਇਆ ਸੀ। "ਛੋਟੇ ਵੀਰ, ਤੂੰ ਉਸ ਆਦਮੀ ਨੂੰ ਕਿਉਂ ਮਾਰ ਰਿਹਾ ਹੈਂ ? ਲੱਗਦਾ ਹੈ ਮੋਟਰਸਾਈਕਲ ਵਾਲਾ ਤੇਰਾ ਕੋਈ ਰਿਸ਼ਤੇਦਾਰ ਸੀ।" ਨੌਜਵਾਨ ਯਮਦੂਤ ਨੇ ਪੁੱਛਿਆ ਸੀ। "ਨਹੀਂ ਜੀ! ਮੈਂ ਤਾਂ ਮੋਟਰਸਾਈਕਲ ਸਵਾਰ ਨੂੰ ਜਾਣਦਾ ਵੀ ਨਹੀਂ। ਮੈਂ ਤਾਂ ਇੰਟਰਵਿਊ ਦੇ ਕੇ ਆ ਰਿਹਾਂ। ਮੈਨੂੰ ਇਸ ਵਾਰ ਵੀ ਨੌਕਰੀ ਨਹੀਂ ਮਿਲੀ। ਮੇਰੀ ਥਾਂ ਇੱਕ ਅਯੋਗ ਸਿਫ਼ਾਰਸ਼ੀ ਨੂੰ ਨੌਕਰੀ ਦੇ ਦਿੱਤੀ ਗਈ। ਮੈਨੂੰ ਇਸੇ ਗੱਲ ਦਾ ਗੁੱਸਾ ਸੀ।" ਨੌਜਵਾਨ ਦੀਆਂ ਅੱਖਾਂ ਵਿੱਚ ਨਿਰਾਸ਼ਾ ਸਾਫ਼ ਨਜ਼ਰ ਆ ਰਹੀ ਸੀ। ਨੌਜਵਾਨ ਯਮਦੂਤ ਹੈਰਾਨ ਰਹਿ ਗਿਆ ਸੀ। ਉਸ ਨੂੰ ਅਜੇ ਪੂਰਾ ਯਕੀਨ ਨਹੀਂ ਸੀ ਹੋਇਆ। ਉਸ ਨੇ ਸਾਧਾਰਨ ਜਿਹੇ ਕੱਪੜਿਆਂ ਵਿੱਚ ਟਰਾਲੇ ਦੇ ਡਰਾਈਵਰ ਨੂੰ ਕੁੱਟਦੇ ਇੱਕ ਅਧਖੜ ਆਦਮੀ ਨੂੰ ਦੇਖਿਆ। "ਇਹ ਜ਼ਰੂਰ ਹੀ ਮੋਟਰਸਾਈਕਲ ਵਾਲੇ ਦਾ ਕੋਈ ਰਿਸ਼ਤੇਦਾਰ ਹੋਵੇਗਾ।" ਉਸ ਨੇ ਸੋਚਿਆ। ਬਜ਼ੁਰਗ ਯਮਦੂਤ ਉਸ ਦੇ ਮਨ ਦੀ ਗੱਲ ਪੜ੍ਹ ਗਿਆ ਸੀ। ਉਸ ਨੇ ਅਧਖੜ ਵਿਅਕਤੀ ਨੂੰ ਬੁਲਾਇਆ। "ਹਾਂ ਬਈ ਦੱਸ! ਤੂੰ ਡਰਾਈਵਰ ਨੂੰ ਕਿਉਂ ਮਾਰ ਰਿਹਾ ਹੈਂ ? ਕੀ ਇਹ ਤੇਰਾ ਰਿਸ਼ਤੇਦਾਰ ਹੈ ?" ਉਸ ਨੇ ਡਿੱਗੇ ਮੋਟਰਸਾਈਕਲ ਵਾਲੇ ਵੱਲ ਇਸ਼ਾਰਾ ਕਰ ਕੇ ਪੁੱਛਿਆ। "ਕਾਹਦਾ ਰਿਸ਼ਤੇਦਾਰ ?" ਅਧਖੜ ਦੇ ਲਹਿਜ਼ੇ ਵਿੱਚ ਤਲਖ਼ੀ ਸੀ। "ਇਹ ਅਮੀਰ ਲੋਕ ਕਿਸੇ ਦੇ ਰਿਸ਼ਤੇਦਾਰ ਨਹੀਂ ਹੁੰਦੇ। ਹੁਣ ਵੇਖੋ ਚਾਰ ਦਿਨ ਹੋ ਗਏ ਮੈਨੂੰ ਦਿਹਾੜੀ ਕਰਦੇ ਨੂੰ। ਅੱਜ ਜਦ ਪੈਸੇ ਮੰਗੇ ਤਾਂ ਮਾਲਕ ਕਹਿੰਦਾ ਮੇਰੇ ਕੋਲ ਪੈਸੇ ਖ਼ਤਮ ਹੋ ਗਏ। ਜ਼ਰਾ ਸੋਚੋ ਜੇ ਮੈਨੂੰ ਪੈਸੇ ਸਮੇਂ 'ਤੇ ਨਹੀਂ ਮਿਲਣੇ ਤਾਂ ਫ਼ਿਰ ਕੰਮ ਕਰਨ ਦਾ ਕੀ ਫ਼ਾਇਦਾ ?" ਅਧਖੜ ਦੀਆਂ ਅੱਖਾਂ ਵਿੱਚ ਘਰ ਲਈ ਲਿਜਾਣ ਵਾਲੀਆਂ ਚੀਜ਼ਾਂ ਦੀ ਸੂਚੀ ਘੁੰਮ ਰਹੀ ਸੀ ਅਤੇ ਉਹ ਬਹਾਨਾ ਸੋਚ ਰਿਹਾ ਸੀ ਕਿ ਅੱਜ ਬੱਚਿਆਂ ਨੂੰ 'ਚੀਜੀ' ਨਾ ਲਿਆਉਣ ਕਰ ਕੇ ਕੀ ਬਹਾਨਾ ਬਣਾਵੇਗਾ। ਹੁਣ ਇੱਕ ਚੰਗੇ ਸੂਟ-ਬੂਟ ਵਾਲੇ ਵਿਅਕਤੀ ਨੂੰ ਬੁਲਾਇਆ ਗਿਆ। ਉਹ ਆਪਣੀ ਕਾਰ ਵਿੱਚੋਂ ਉੱਤਰ ਕੇ ਆਇਆ ਸੀ ਅਤੇ ਬੜੇ ਜੋਸ਼ ਨਾਲ ਮਾਰ-ਕੁਟਾਈ ਵਿੱਚ ਹਿੱਸਾ ਲੈ ਰਿਹਾ ਸੀ। "ਮੈਂ ਏਨੀ ਮਹੱਤਵਪੂਰਨ ਮੀਟਿੰਗ 'ਤੇ ਜਾ ਰਿਹਾ ਹਾਂ, ਇਸ ਗਧੇ ਦੀ ਬੇਵਕੂਫ਼ੀ ਕਾਰਨ ਹੁਣ ਏਥੇ ਟ੍ਰੈਫ਼ਿਕ ਜਾਮ ਹੋ ਗਿਆ ਹੈ। ਲੱਗਦਾ ਹੈ ਕਲਾਇੰਟ ਹੱਥੋਂ ਨਿਕਲ ਜਾਵੇਗਾ।" ਉਹ ਜੇਬ ਵਿੱਚੋਂ ਮੋਬਾਈਲ ਕੱਢ ਕੇ ਆਪਣੇ ਕਲਾਇੰਟ ਨੂੰ ਦੇਰ ਨਾਲ ਆਉਣ ਦਾ ਕਾਰਨ ਦੱਸਣਾ ਚਾਹੁੰਦਾ ਸੀ। ਫ਼ਿਰ ਇੱਕ ਨੀਲੀ ਗੱਡੀ ਆ ਕੇ ਰੁਕੀ। ਉਸ ਵਿੱਚੋਂ ਕੁਝ ਖਾਕੀ ਕੱਪੜਿਆਂ ਵਾਲੇ ਉਤਰੇ। ਉਨ੍ਹਾਂ ਦੇ ਹੱਥਾਂ ਵਿੱਚ ਡੰਡੇ ਅਤੇ ਹਥਿਆਰ ਸਨ। ਆਉਂਦਿਆਂ ਹੀ ਉਨ੍ਹਾਂ ਨੇ ਟਰਾਲੇ ਦੇ ਡਰਾਈਵਰ ਨੂੰ ਭੀੜ ਤੋਂ ਛੁਡਵਾਇਆ। ਇੱਕ ਖਾਕੀ ਕੱਪੜਿਆਂ ਵਾਲਾ ਵਿਅਕਤੀ ਡਿੱਗੇ ਹੋਏ ਮੋਟਰਸਾਈਕਲ ਸਵਾਰ ਵੱਲ ਵਧਿਆ ਜਿਹੜਾ ਹੁਣ ਸ਼ਾਂਤ ਹੋ ਚੁੱਕਿਆ ਸੀ। ਆਸੇ-ਪਾਸੇ ਦੇ ਲੋਕਾਂ ਤੋਂ ਪੁੱਛਣ ਲੱਗਾ ਕਿ ਇਹ ਸਭ ਕਿਵੇਂ ਹੋਇਆ ਹੈ। ਨੌਜਵਾਨ ਯਮਦੂਤ ਦੀਆਂ ਅੱਖਾਂ ਵਿੱਚ ਪ੍ਰਸ਼ੰਸਾ ਦੇ ਭਾਵ ਆਏ, 'ਵਾਹ! ਕਿੰਨੇ ਦਿਆਲੂ ਲੋਕ ਹਨ। ਜੇ ਇਹ ਨਾ ਰੋਕਦੇ ਤਾਂ ਭੀੜ ਨੇ ਟਰਾਲੇ ਵਾਲੇ ਨੂੰ ਮਾਰ ਦੇਣਾ ਸੀ।' ਇਹ ਕੀ ? ਇੰਨੇ ਸਮੇਂ ਵਿੱਚ ਮੋਟਰਸਾਈਕਲ ਵੱਲ ਵਧਣ ਵਾਲੇ ਨੇ ਤਸਦੀਕ ਕੀਤੀ ਕਿ ਮੋਟਰਸਾਈਕਲ ਸਵਾਰ ਮਰ ਚੁੱਕਿਆ ਹੈ। ਹੁਣ ਖਾਕੀ ਕੱਪੜਿਆਂ ਵਾਲਿਆਂ ਨੇ ਟਰਾਲੇ ਦੇ ਡਰਾਈਵਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਅੱਧ-ਮਰਿਆ ਹੋ ਗਿਆ ਤਾਂ ਉਸ ਨੂੰ ਚੁੱਕ ਕੇ ਗੱਡੀ ਵਿੱਚ ਸੁੱਟ ਲਿਆ ਗਿਆ। "ਕੀ ਇਹ ਮੋਟਰਸਾਈਕਲ ਵਾਲੇ ਨੂੰ ਮਾਰਨ ਦੀ ਸਜ਼ਾ ਇਸ ਨੂੰ ਦੇ ਰਹੇ ਹਨ ?" ਨੌਜਵਾਨ ਨੇ ਅੱਧ-ਮਰੇ ਹੋਏ ਟਰਾਲੇ ਦੇ ਡਰਾਈਵਰ ਵੱਲ ਇਸ਼ਾਰਾ ਕਰ ਕੇ ਪੁੱਛਿਆ। ਬਜ਼ੁਰਗ ਯਮਦੂਤ, ਜਿਹੜਾ ਮ੍ਰਿਤਕ ਦੀ ਆਤਮਾ ਨੂੰ ਕੱਢ ਚੁੱਕਿਆ ਸੀ, ਨੇ ਇੱਕ ਖਾਕੀ ਵਰਦੀ ਵਾਲੇ ਨੂੰ ਬੁਲਾਇਆ ਅਤੇ ਟਰਾਲੇ ਦੇ ਡਰਾਈਵਰ ਦੀ ਕੁੱਟਮਾਰ ਦਾ ਕਾਰਨ ਪੁੱਛਿਆ। "ਕੀ ਕਰੀਏ ਜੀ! ਇਨ੍ਹਾਂ ਲੋਕਾਂ ਨੇ ਸਾਡਾ ਜੀਣਾ ਮੁਹਾਲ ਕੀਤਾ ਹੋਇਆ ਹੈ। ਅਜੇ ਪਿੰਡੋਂ 'ਰੇਡ' ਤੋਂ ਆ ਕੇ ਬੈਠੇ ਹੀ ਸਾਂ ਕਿ ਇਨ੍ਹਾਂ ਦਾ ਫ਼ੋਨ ਆ ਗਿਆ ਕਿ ਟਰਾਲੇ ਥੱਲੇ ਦੇ ਕੇ ਬੰਦਾ ਮਾਰ 'ਤਾ। ਅਸੀਂ ਵੀ ਆਖਰ ਇਨਸਾਨ ਹਾਂ। ਸਾਨੂੰ ਵੀ ਤਾਂ ਆਰਾਮ ਚਾਹੀਦੈ। ਅਫ਼ਸਰ ਆਪ ਤਾਂ ਦਫ਼ਤਰਾਂ ਵਿੱਚ ਬੈਠੇ ਹੁਕਮ ਚਲਾ ਦੇਂਦੇ ਨੇ ਤੇ ਅਸੀਂ ਦਿਨ-ਰਾਤ ਧੱਕੇ ਖਾਂਦੇ ਹਾਂ।" ਪੁਲਿਸ ਵਾਲੇ ਨੇ ਦਿਲ ਦੀ ਭੜਾਸ ਕੱਢੀ। ਨੌਜਵਾਨ ਯਮਦੂਤ ਦੀ ਪੂਰੀ ਤਸੱਲੀ ਹੋ ਚੁੱਕੀ ਸੀ। "ਅਸੀਂ ਚੰਗੇ ਹਾਂ ਚਾਚਾ," ਉਸ ਨੇ ਬਜ਼ੁਰਗ ਯਮਦੂਤ ਨੂੰ ਕਿਹਾ, "ਇਨ੍ਹਾਂ ਲੋਕਾਂ ਦੀ ਤਰ੍ਹਾਂ ਸਵਾਰਥੀ ਨਹੀਂ। ਘੱਟੋ-ਘੱਟ ਅਸੀਂ ਆਪਣਾ ਫ਼ਰਜ਼ ਤਾਂ ਮਨ ਲਾ ਕੇ ਪੂਰਾ ਕਰਦੇ ਹਾਂ।" "ਪੁੱਤਰ, ਇਹ ਧਰਤੀ ਵਾਸੀ ਸਾਡੇ ਤੋਂ ਵੀ ਵੱਡੇ ਯਮਦੂਤ ਹਨ। ਅਸੀਂ ਤਾਂ ਮੁਰਦਿਆਂ ਦੀ ਆਤਮਾ ਕੱਢਦੇ ਹਾਂ ਪਰ ਇਨ੍ਹਾਂ ਨੇ ਜਿਉਂਦੇ ਜੀਅ ਆਪਣੀ ਆਤਮਾ ਵੇਚ ਦਿੱਤੀ ਹੈ। ਇਸੇ ਲਈ ਇਨ੍ਹਾਂ ਦੇ ਆਲੇ ਦੁਆਲੇ ਭਾਵੇਂ ਕੁਝ ਵੀ ਹੋਈ ਜਾਵੇ, ਇਹ ਸਿਰਫ਼ ਆਪਣਾ ਸਵਾਰਥ ਵੇਖਦੇ ਨੇ!" ਤੇ ਫ਼ਿਰ ਉਨ੍ਹਾਂ ਨੇ ਆਤਮਾ ਨੂੰ ਸੰਭਾਲਿਆ ਅਤੇ ਆਪਣੇ 'ਹੈਡਕੁਆਰਟਰ' ਵੱਲ ਚਾਲੇ ਪਾ ਦਿੱਤੇ।

## ਕਹਾਣੀ: ਪੱਥਰ

**-ਸ਼ਰਨਪ੍ਰੀਤ ਕੌਰ**



ਹਸਪਤਾਲ ਦੇ ਗਾਇਨੀ ਡਿਪਾਰਟਮੈਂਟ ਦੇ ਕਮਰੇ ਅੱਗੇ ਖੜ੍ਹੀ ਗੁਰਮੀਤ ਆਪਣੀਆਂ ਦੋ ਪੋਤੀਆਂ ਤੇ ਗੁਆਂਢਣ ਨਾਲ ਬੜੀ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੀ ਸੀ ਕਿ ਕਦੋਂ ਇਹ ਪਤਾ ਲੱਗੇ ਕਿ ਉਸ ਦੇ ਘਰ ਪੋਤੇ ਨੇ ਜਨਮ ਲਿਆ ਹੈ। ਉਹ ਵਾਰ-ਵਾਰ ਗੱਲਾਂ ਕਰਦੀ ਕਹਿ ਰਹੀ ਸੀ ਆਪਣੀ ਗੁਆਂਢਣ ਨੂੰ ਕਿ ਮੇਰਾ ਦਿਲ ਕੰਬ ਰਿਹਾ ਹੈ ਕਿ ਇਸ ਵਾਰ ਫਿਰ ਕਿਧਰੇ ਰੱਬ ਪੱਥਰ ਨਾ ਦੇ ਦੇਵੇ ਮੇਰੇ ਮੁੰਡੇ ਦੇ ਘਰ...ਕੋਈ ਚੰਗੀ ਚੀਜ਼ ਦੇ ਦੇਵੀਂ ਰੱਬਾ ਤੇਰੇ ਘਰ ਕੋਈ ਘਾਟਾ ਨਹੀਂ। ਗੁਆਂਢਣ ਵੀ ਹੌਂਸਲਾ ਦਿੰਦੀ ਇਹ ਹੀ ਕਹਿੰਦੀ, 'ਕੋਈ ਨ੍ਹੀਂ ਭੈਣੇ...ਸਬਰ ਕਰ ਸਬਰ... ਰੱਬ ਚੰਗੀ ਚੀਜ਼ ਹੀ ਦੇਉਗਾ...ਤੁਸੀਂ ਕੋਈ ਭੁੰਨ ਕੇ ਤਾਂ ਨ੍ਹੀਂ ਬੀਜਿਆ।'

ਗੁਰਮੀਤ ਦੀ ਚਾਰ ਕੁ ਸਾਲ ਦੀ ਪੋਤੀ ਇਹ ਸਭ ਗੱਲਾਂ ਸੁਣਕੇ ਪੁੱਛ ਲੈਂਦੀ ਹੈ ਕਿ, 'ਬੇਬੇ ਮੈਂ ਵੀ ਚੰਗੀ ਚੀਜ਼ ਹਾਂ ?' ਗੁਰਮੀਤ ਸਵੇਰ ਦੀ ਅੱਕੀ-ਥੱਕੀ ਹੋਈ ਨੇ ਸਾਰਾ ਗੁੱਸਾ ਆਪਣੀ ਪੋਤੀ 'ਤੇ ਉਤਾਰ ਦਿੱਤਾ ਕਹਿਣ ਲੱਗੀ, 'ਤੂੰ ਤਾਂ ਪੱਥਰ ਐਂ ਪੱਥਰ... ਕਿੱਥੋਂ ਮਗਰ ਪਈਆਂ ਨੇ ...ਤੂੰ ਚੰਗੀ ਚੀਜ਼ ਹੁੰਦੀ ਤਾਂ ...ਗੁਰਮੀਤ ਬੁੜ-ਬੁੜ ਕਰਦੀ ਕੋਲੋਂ ਲੰਘਦੀ ਨਰਸ ਵੱਲ ਭੱਜ ਕੇ ਜਾਂਦੀ ਹੈ, ਪਰ ਕੋਈ ਉੱਤਰ ਨ੍ਹੀ ਮਿਲਦਾ। ਗੁਰਮੀਤ ਦੀ ਪੋਤੀ ਫੇਰ ਬੋਲ ਪੈਂਦੀ ਹੈ, ਬੇਬੇ ਮੇਰੇ ਹੱਥ ਲਾ ਕੇ ਤਾਂ ਵੇਖ ਮੈਂ ਤਾਂ ਪੋਲੀ-ਪੋਲੀ ਹਾਂ... ਮੇਰਾ ਮੂੰਹ ਵੀ ਪੋਲਾ ਹੈ, ਮੇਰੇ ਹੱਥ ਵੀ ਪੋਲੇ-ਪੋਲੇ ਹਨ।' ਗੁਰਮੀਤ ਉਸ ਦੀ ਗੱਲ ਵੱਲ ਕੋਈ ਧਿਆਨ ਨ੍ਹੀਂ ਦਿੰਦੀ।

ਐਨੇ ਨੂੰ ਅੰਦਰੋਂ ਨਰਸ ਭੱਜੀ-ਭੱਜੀ ਆਉਂਦੀ ਹੈ ਤੇ ਵਧਾਈਆਂ ਦਿੰਦੀ ਹੈ। ਗੁਰਮੀਤ ਵੀ ਕਾਹਲੀ ਨਾਲ ਅੰਦਰ ਆਪਣੀ ਬੇਹੋਸ਼ ਪਈ ਨੂੰਹ ਦਾ ਹਾਲ-ਚਾਲ ਪੁੱਛੇ ਬਿਨਾਂ ਹੀ ਪਹਿਲਾਂ ਆਪਣੇ ਪੋਤੇ ਨੂੰ ਵੇਖਣ ਲਈ ਭੱਜਦੀ ਹੈ। ਥੋੜ੍ਹੀ ਦੇਰ ਬਾਅਦ ਬੱਚਾ ਗੁਰਮੀਤ ਨੂੰ ਫੜਾ ਦਿੱਤਾ ਤੇ ਸਾਰੇ ਹੀ ਉਸ ਕੋਲ ਆ ਜਾਂਦੇ ਹਨ। ਛੋਟੀ ਬੱਚੀ ਇਕ ਪਾਸੇ ਖੜ੍ਹ ਜਾਂਦੀ ਹੈ। ਗੁਰਮੀਤ ਉਸ ਨੂੰ ਬੁਲਾਉਂਦੀ ਹੈ, ਆ ਜਾ ਪੁੱਤ ਤੇਰਾ ਵੀਰਾ ਆ ਗਿਆ। ਛੋਟੀ ਬੱਚੀ ਨੇ ਰੋ ਕੇ ਕਿਹਾ, 'ਬੇਬੇ ਮੇਰੇ ਸੋਹਣੇ ਜਿਹੇ ਵੀਰੇ ਦੇ ਪੱਥਰ ਨਾ ਵੱਜ ਜਾਵੇ... ਮੈਂ ਦੂਰ ਤੋਂ ਹੀ ਵੇਖ ਲਵਾਂਗੀ।' ਬੇਬੇ ਸ਼ਰਮਿੰਦਾ ਹੋਈ ਕਹਿੰਦੀ ਹੈ, 'ਨਾ ਪੁੱਤ ਨਾ ਤੁਸੀਂ ਤਾਂ ਹੁਣ ਫੁੱਲ ਬਣ ਗਈਆਂ... ਵੀਰਾ ਆ ਗਿਆ ਤੁਹਾਡਾ ਤੁਸੀਂ ਵੀ ਤਰ ਗਈਆਂ ਹੁਣ ਇਹਦੇ ਨਾਲ...ਤੁਸੀਂ ਤਾਂ ਚੁੱਕਣੈ ਹੁਣ ਇਹਨੂੰ...ਤੁਸੀਂ ਪਾਲਣੈ ਇਹਨੂੰ।'

9417738737.

## ਯਾਦਾਂ ਦੇ ਝਰੋਖੇ 'ਚੋਂ: ਜਦੋਂ ਅਸੀਂ ਕਾਰ ਵਾਲੇ ਬਣੇ

**ਹਰਜੀਤ ਸਿੰਘ ਢਿੱਲੋਂ**



ਸਮਾਂ ਹੈ ਕਿ ਕਈ ਵਾਰ ਗੇੜ ਪਾ ਕੇ ਬੀਤੇ ਦੀਆਂ ਯਾਦਾਂ ਨੂੰ ਸਾਕਾਰ ਕਰ ਦਿੰਦਾ ਹੈ, ਗੱਲ ਇਹ 1970 ਦੇ ਔੜ-ਗੇੜ ਦੀ ਏ ਜਦੋਂ ਆਰਥਿਕ ਪੱਖੋਂ ਡੰਗ ਟਪਾਈ ਦੇ ਗੇੜ 'ਚੋਂ ਗੁਜ਼ਰਦੇ ਅਸੀਂ ਚਿੱਤ ਹੱਥੋਂ ਮਜਬੂਰ ਹੋਏ ਕਾਰ ਵਾਲੇ ਬਣਨ ਦਾ ਚਾਅ ਪੂਰਾ ਕਰਦੇ-ਕਰਦੇ ਕਿਸੇ ਘਰ ਨਕਾਰਾ ਸਮਝ ਕੇ ਖੜ੍ਹੀ ਕੀਤੀ ਅੰਬੈਸਡਰ ਕਾਰ ਸਸਤੀ ਜਹੀ ਖਰੀਦ ਬੈਠੇ ਤੇ ਉਹਨੂੰ ਚਾਲੂ ਹਾਲਤ ਵਿਚ ਕਰਨ ਲਈ ਕਿਸੇ ਤਰ੍ਹਾਂ ਨੇੜਲੇ ਮਿਸਤਰੀ ਕੋਲ ਲੈ ਗਏ। ਕਾਰ ਦੇ ਚਾਰੇ ਪਾਸੇ ਗੇੜਾ ਜਿਹਾ ਦੇ ਕੇ ਉਸ ਪੁੱਛਿਆ, 'ਕੀ ਕਰਵਾਉਣਾ ਏਂ ?' 'ਤੁਰਦੀ-ਫਿਰਦੀ ਕਰ ਦਿਓ' ਮੇਰੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ, ਹੋ ਜਾਊ ਉਹਨੇ ਵੀ ਉਸੇ ਲਹਿਜ਼ੇ 'ਚ ਜਵਾਬ ਦਿੱਤਾ। ਬੋਨਟ ਚੁੱਕ ਕੇ ਕੁਝ ਦੇਰ ਉਹਦੀਆਂ ਨਾੜਾਂ ਟੋਂਹਦਾ ਰਿਹਾ ਮੈਥੋਂ ਪੈਟਰੋਲ ਮੰਗਾ ਕਿ ਪਾਇਆ ਤੇ ਕੋਲ ਖੜ੍ਹੀ ਮੁਰੰਮਤ ਲਈ ਆਈ ਇਕ ਗੱਡੀ ਦੀ ਬੈਟਰੀ ਰੱਖ ਕੇ ਕਾਰ ਸਟਾਰਟ ਕਰ 'ਤੀ। 'ਇੰਜਣ ਉਂਜਣ ਕਿਵੇਂ ਆਂ' ਮੈਂ ਪੁੱਛਿਆ ? 'ਇੰਜਣ ਤਾਂ ਵੀਰ ਅਖੀਰੀ ਸਾਹਾਂ 'ਤੇ ਆ, ਜਦੋਂ ਇੰਜਣ ਦਾ ਕੰਮ ਹੋਊ ਬਾਕੀ ਪੁਰਜ਼ਿਆਂ 'ਤੇ ਵੀ ਹੱਥ ਫਿਰ ਜੂ।' 'ਚਲੋ ਠੀਕ ਆ ਪਿਛਲੀ ਵਾਰ ਟਰੈਕਟਰ ਦਾ ਕਰਵਾਇਆ ਸੀ ਐਤਕੀਂ ਹਾੜ੍ਹੀ ਆਉਂਦੇ ਹੀ ਇਹਦੇ ਇੰਜਣ ਦਾ ਕੰਮ ਕਰਵਾ ਦਿਆਂਗੇ, ਦੋ ਤਾਂ ਮਹੀਨੇ ਰਹਿ ਗਏ ਨੇ', ਮੈਂ ਕਿਹਾ ਤੇ ਬੈਟਰੀ ਚਾਰਜ ਕਰਵਾ ਕੇ ਅਸੀਂ ਕਾਰ ਘਰ ਲੈ ਗਏ। ਪੁਰਾਣੀ ਹੋਵੇ ਭਾਵੇਂ ਨਵੀਂ ਕਾਰ ਤਾਂ ਕਾਰ ਈ ਸੀ, ਘਰੇ ਸਾਰੇ ਖੁਸ਼ ਸਨ ਚਲੋ ਕਿਤੇ ਜਾਣਾ, ਆਉਣਾ ਸੁਖਾਲਾ ਹੋ ਜਾਊ। ਮਾਂ ਨੇ ਸੁਹੰਢਣੀ ਹੋਣ ਦੀ ਅਸੀਸ ਦਿੱਤੀ। ਖੁਸ਼ੀ ਵਿਚ ਅਸੀਂ ਉਸੇ ਦਿਨ ਦਾਰਜੀ ਨੂੰ ਵੀ ਖਤ ਲਿਖ ਦਿੱਤਾ ਜਿਥੇ ਉਹ ਨੌਕਰੀ ਕਰਦੇ ਸਨ। ਖਤ ਮਿਲਿਆ ਤਾਂ ਖੁਸ਼ੀ ਉਨ੍ਹਾਂ ਨੂੰ ਵੀ ਨਾ ਪਚੀ ਆਪਣੇ ਵੱਡੇ ਅਫਸਰ ਨਾਲ ਗੱਲ ਸਾਂਝੀ ਕਰ ਦਿੱਤੀ। ਅਫ਼ਸਰ ਕਹਿਣ ਲੱਗਾ ਇਹ ਤਾਂ ਰੱਬ ਨੇ ਸਾਡੀ ਸੁਣ ਲਈ। ਘਰ ਵਾਲੀ ਰੋਜ਼ ਮਾਤਾ ਜੀ ਦੇ ਦਰਸ਼ਨਾਂ ਨੂੰ ਜਾਣ ਲਈ ਕਹਿੰਦੀ ਏ, 'ਨਾਲੇ ਫੁੱਲ ਨਾਲੇ ਫਲੀਆਂ' ਕਾਰ ਦੀ ਪਰਖ ਵੀ ਹੋ ਜੂ ਤੇ ਮਾਤਾ ਜੀ ਦੇ ਦਰਸ਼ਨ ਵੀ ਹੋ ਜਾਣਗੇ, ਆਹੀ ਐਤਵਾਰ ਅਰਥੇ ਲੱਗ ਜਾਏ ਤਾਂ ਚੰਗਾ ਏ ਤੁਸੀਂ ਬੰਦਾ ਭੇਜ ਕੇ ਕਾਰ ਮੰਗਵਾ ਈ ਲਓ। ਉਸੇ ਸ਼ਾਮ ਦਾਰਜੀ ਦੇ ਇਕ ਮੁਲਾਜ਼ਮ ਨੇ ਇਹ ਕਹਾਣੀ ਆਣ ਦੱਸੀ। ਮੈਨੂੰ ਕਹਿਣ ਲੱਗਾ ਸਵੇਰੇ ਆਪਾਂ ਚੱਲਣਾ ਏਂ। ਮੇਰੇ ਮਨ 'ਚ ਕਈ ਖਿਆਲ ਆਏ ਪਰ ਦਾਰਜੀ ਦੀ ਕਹੀ ਅਨੁਸਾਰ ਅਸੀਂ ਸਵੇਰੇ ਕਾਰ ਸੜਕੇ ਪਾ ਲਈ ਤੇ ਸਫਰ ਪੂਰਾ ਕਰਦੇ ਹੋਏ ਦੋ ਕੂ ਘੰਟੇ ਵਿਚ ਟਿਕਾਣੇ 'ਤੇ ਉੱਪੜ ਗਏ। ਰਾਹ 'ਚ ਕੇਰਾਂ ਡਿੱਗੀ ਵਿਚ ਲੱਗੇ ਤੇਲ ਚੁੱਕਣ ਵਾਲੇ ਪੰਪ ਨੇ ਕੋਈ ਰੁਕਾਵਟ ਆਉਣ 'ਤੇ ਝਟਕਾ ਜਿਹਾ ਮਾਰਿਆ ਪਰ ਫਿਰ ਆਪ ਹੀ ਸਹੀ ਹੋ ਗਿਆ। ਕਾਰ ਸਾਹਿਬ ਦੇ ਸਪੁਰਦ ਕਰਕੇ ਅਸੀਂ ਦਾਰਜੀ ਦੀ ਰਿਹਾਇਸ਼ 'ਤੇ ਆ ਗਏ। ਸਾਹਿਬ ਕਾਰ ਕਿੱਥੇ ਲੱਗਿਆ ਇਹ ਪੁੱਛਣ ਦਾ ਹੌਂਸਲਾ ਦਾਰਜੀ ਨੇ ਵੀ ਨਹੀਂ ਕੀਤਾ। ਅਗਲੀ ਸ਼ਾਮ ਦਾ ਕਹਿ ਕਿ ਸਾਹਿਬ ਅਗਲੀ ਰਾਤ ਵੀ ਨਾ ਮੁੜਿਆ। ਮੇਰੀਆਂ ਨਜ਼ਰਾਂ ਸੜਕ ਵੱਲ ਲੱਗੀਆਂ ਹੋਈਆਂ ਸਨ ਕਿ ਤੀਸਰੇ ਦਿਨ ਦੁਪਹਿਰੇ ਜਹੇ ਸਾਡੀ ਕਾਰ ਟੈਂਪੂ ਮਗਰ ਬੰਨੀ ਸ਼ਹਿਰ ਵੱਲ ਲੰਘ ਗਈ, ਅਸੀਂ ਪਿਓ-ਪੁੱਤ ਵੀ ਮਗਰੇ ਪਹੁੰਚ ਗਏ। ਸਾਨੂੰ ਵੇਖਦੇ ਸਾਹਿਬ ਬੋਲਿਆ, 'ਕਮਾਲ ਦੀ ਗੱਲ ਇਹ ਹੈ ਕਿ ਜਾਂਦੀ ਤਾਂ ਸਾਰੀਆਂ ਪਹਾੜੀਆਂ ਚੜ੍ਹ ਗਈ ਪਰ ਆਉਂਦਿਆਂ ਇਹ ਉਤਰਾਈ 'ਤੇ ਹੀ ਅੜ ਗਈ। ਮਿਸਤਰੀ ਕਹਿੰਦਾ ਇੰਜਣ 'ਚ ਗੜਬੜ ਏ। ਤੁਸੀਂ ਇਸ ਨੂੰ ਠੀਕ ਕਰਵਾ ਕਿ ਪਹਿਲਾਂ ਮੁੰਡੇ ਨੂੰ ਤੋਰੋ।' ਗੱਡੀ ਵਰਕਸ਼ਾਪ ਲਿਆ ਕੇ ਅਸੀਂ ਮਿਸਤਰੀ ਨੂੰ ਮਜਬੂਰੀ ਦੱਸੀ ਤੇ ਪਿੱਛੇ ਪਿੰਡ ਕੰਮ ਕਾਰ ਦੇ ਹੁੰਦੇ ਨੁਕਸਾਨ ਬਾਰੇ ਵੀ ਦੱਸਿਆ, ਉਹ ਭਲਾ ਪੁਰਸ਼ ਸਾਡੀ ਮਜਬੂਰੀ ਸਮਝ ਗਿਆ। ਸ਼ਾਮੀ ਉਹਨੇ ਇੰਜਣ ਨੂੰ ਖੋਲ੍ਹਣ ਲਈ ਹੱਥ ਪਾਇਆ, ਪੂਰੀ ਰਾਤ ਵਿਚ ਇੰਜਣ ਬੰਨ੍ਹ ਕੇ ਸਵੇਰੇ ਚਾਲੂ ਹਾਲਤ ਵਿਚ ਕਾਰ ਸਾਡੇ ਹਵਾਲੇ ਕਰ ਦਿੱਤੀ। ਦਾਰਜੀ ਨੂੰ ਰਾਹ 'ਚ ਲਾਹ ਕੇ ਮੈਂ ਪਿੰਡ ਨੂੰ ਤੁਰ ਪਿਆ, ਲੁਧਿਆਣੇ ਤੱਕ ਸਭ ਠੀਕ ਠਾਕ ਰਿਹਾ ਪਰ ਜਗਰਾਉਂ ਪੁਲ ਚੜ੍ਹਦਿਆਂ ਇਕ ਲੰਮਾਂ ਹਾਉਕਾ ਜਿਹਾ ਲੈਣ ਮਗਰੋਂ ਝਟਕਾ ਮਾਰ ਕੇ ਕਾਰ ਰੁਕ ਗਈ, ਸਟਾਰਟ ਨਾ ਹੋਈ ਮਿਸਤਰੀ ਲਿਆਂਦਾ, ਕਹਿੰਦਾ ਤੇਲ ਚੁੱਕਣ ਵਾਲਾ ਪੰਪ ਜਵਾਬ ਦੇ ਗਿਆ ਏ ਬਦਲਣਾ ਪਊ। ਕਾਰ ਇਕ ਦੁਕਾਨ 'ਤੇ ਖੜ੍ਹੀ ਕਰਕੇ ਭੂੰਡ ਟੈਂਪੂ 'ਤੇ ਬੈਠਾ ਪਿੰਡ ਨੂੰ ਆਉਂਦਾ ਮੈਂ ਇਹੀ ਸੋਚਦਾ ਰਿਹਾ ਕੇ ਕਿਵੇਂ ਇਨ੍ਹਾਂ ਮਹਿੰਗੇ ਸ਼ੌਕਾਂ 'ਚ ਉਲਝ ਕਿ ਆਮ ਆਦਮੀ ਬੇਲੋੜੇ ਖਰਚਿਆਂ ਦਾ ਤਾਣਾ ਆਪਣੇ ਦੁਆਲੇ ਬੁਣ ਲੈਂਦਾ ਏ ਜੇਕਰ ਇਨ੍ਹਾਂ ਹੀ ਰੁਪਇਆਂ ਦਾ ਮਾਂ ਨੂੰ ਘਰ ਦਾ ਸੌਦਾ ਲਿਆ ਕੇ ਦਿੱਤਾ ਹੁੰਦਾ ਤਾਂ ਉਸ ਨੇ ਕਈ ਮਹੀਨੇ ਮੌਜ ਨਾਲ ਲੰਘਾ ਲੈਣੇ ਸਨ।

-ਮੋਬਾਈਲ : --98144-

## ਚਿੰਤਾ

'ਹੈਲੋ ਭਾਈ ਸਾਹਿਬ, ਥੋਨੂੰ ਥੋੜ੍ਹੀ ਬਹੁਤ ਸ਼ਰਮ ਹੈ ਕਿ ਨਹੀਂ, ਤੈਨੂੰ ਬਰੇਕ ਮਾਰਨੀ ਵੀ ਔਖੀ ਲੱਗਦੀ ਐ... ਚੜ੍ਹੇ ਮਹੀਨੇ ਰੁੱਗ ਰੁਪਈਆਂ ਦਾ ਦੇਈਦਾ, ਨਹੀਂ ਲਿਜਾ ਸਕਦੇ ਤਾਂ ਜਵਾਬ ਦੇ ਦਿਓ, ਅਸੀਂ ਆਪੇ ਹੋਰ ਪ੍ਰਬੰਧ ਕਰ ਲਵਾਂਗੇ। ਮੈਂ ਕਰਦਾਂ ਤੇਰੇ ਸੀਨੀਅਰ ਨਾਲ ਗੱਲ। ਤੁਸੀਂ ਨਿੱਤ ਦਾ ਪਾਖੰਡ ਫੜਿਆ। ਬੱਚਾ ਬਾਹਰ ਮੀਂਹ 'ਚ ਖੜ੍ਹਾ ਭਿੱਜ ਰਿਹਾ, ਭਾਵੇਂ ਬਿਮਾਰ ਹੋ ਜਾਵੇ, ਥੋਡੀ ਕੋਈ ਜ਼ਿੰਮੇਵਾਰੀ ਨੀ ਬਣਦੀ ?'

ਅੱਗੋਂ ਵੀ ਹਰਖ ਭਰੀ ਆਵਾਜ਼ ਆਈ, 'ਅਸੀਂ ਵੀ ਕਿਸੇ ਨੂੰ ਜਵਾਬ ਦੇਣਾ ਹੁੰਦਾ। ਜੇ ਫਾਟਕ ਬੰਦ ਹੋ ਗਿਆ ਤਾਂ ਇਕ ਪਿੱਛੇ ਸਾਰੀ ਬੱਸ ਲੇਟ ਕਰ ਦੇਈਏ।'



ਤੇਜ਼ੀ ਨਾਲ ਦੌੜੀ ਜਾਂਦੀ ਟਰੇਨ ਦੀ ਸੀਟ 'ਤੇ ਬੈਠੇ ਚੰਗੇ ਰੋਹਬ-ਦਾਹਬ ਵਾਲੇ ਵਿਅਕਤੀ ਨੇ ਫੋਨ ਕੰਨ ਨਾਲੋਂ ਪਰ੍ਹੇ ਹਟਾ ਹੋਰ ਨੰਬਰ ਮਿਲਾ ਲਿਆ। ਉਧਰੋਂ ਆਉਂਦੀ ਆਵਾਜ਼ ਸੁਣਦਿਆਂ ਹੀ ਬੋਲਿਆ, 'ਹਾਂ ਜੀ ਬੱਚੇ, ਕਦੋਂ ਅਕਲ ਆਊ ਤੈਨੂੰ ਸਾਰਾ ਦਿਨ ਟੀ. ਵੀ. ਨਾਲ ਜੁੜਿਆ ਰਹਿਨੈ, ਬਾਹਰ ਨਿਕਲ ਕੇ ਨੀ ਖੜ੍ਹ ਸਕਦਾ ਸੀ, ਕਦੋਂ ਦਾ ਮੀਂਹ ਹਟਿਆ ਹੋਇਆ। ਆਪਣੀ ਮੰਮੀ ਨਾਲ ਗੱਲ ਕਰਾ।'

ਉਹ ਵੀ ਮੂਹਰੇ ਤੋਂ ਭਰੀ-ਪੀਤੀ ਬੋਲੀ, 'ਮੈਂ ਕੀ ਕਰਾਂ ਕਦੋਂ ਦੀ ਆਵਾਜ਼ਾਂ ਮਾਰੀ ਜਾਨੀ ਆਂ ਸੁਣੇ ਤਾਂ...। ਜਦੋਂ ਕਾਹਲੀ ਨਾਲ ਬੈਗ ਚੁੱਕ ਕੇ ਲੈ ਗਈ ਤਾਂ ਉਹਬੱਸ ਭਜਾ ਕੇ ਲੈ ਗਿਆ, ਜਿਵੇਂ ਪੈਰ ਮਚਦੇ ਹੋਣ ਦੋ ਮਿੰਟਾਂ ਨਾਲ।'

ਜਦੋਂ ਕਿਸੇ ਪਾਸਿਓਂ ਵੀ ਠੀਕ ਉੱਤਰ ਨਾ ਮਿਲਿਆ ਤਾਂ ਮੱਥਾ ਫੜ ਬੈਠਾ ਆਪਣੇ ਮਨ ਨਾਲ ਗੱਲ ਕਰਨ ਲੱਗਾ, 'ਅਸੀਂ ਚਾਰੇ ਭੈਣ-ਭਰਾ ਬਸਤੇ 'ਚ ਫੱਟੀਆਂ ਪਾ ਪਿੱਠ 'ਤੇ ਲਾ, ਦੜੰਗੇ ਮਾਰਦੇ ਕਦੋਂ ਸਕੂਲ ਚਲੇ ਜਾਂਦੇ ਮਾਂ-ਪਿਓ ਨੂੰ ਪਤਾ ਵੀ ਨਹੀਂ ਸੀ ਲੱਗਦਾ। ਬੱਚੇ ਦੇ ਟਿਫਨ ਵਿਚ ਨਿੱਤ-ਦਿਹਾੜੇ ਬਦਲਵੀਂ ਰੋਟੀ ਸਬਜ਼ੀ ਦੀਥਾਂ ਆਚਾਰ ਦੀ ਫਾੜੀ ਜਾਂ ਗੁੜ ਦੀ ਡਲੀ ਰੋਟੀ 'ਤੇ ਰੱਖ ਭੂਕਨਾ ਬਣਾ ਖਾਂਦੇ ਸਕੂਲ ਪਹੁੰਚ ਜਾਂਦੇਸੀ। ਸਫਾਈ ਦੀ ਵਾਰੀ ਵਾਲੇ ਦਿਨ ਕਮਰੇ 'ਚ ਝਾੜੂ ਮਾਰ ਕੇ ਟਾਟ ਵਿਛਾਉਂਦਿਆਂ ਭਾਵੇਂ ਕੱਪੜੇ ਭਰ ਜਾਣ ਪਰ ਕਦੇ ਟਾਲਾ ਨਹੀਂ ਸੀ ਵੱਟਿਆ।'

ਉਸ ਬੈਗ 'ਚੋਂ ਪਾਣੀ ਦੀ ਬੋਤਲ ਕੱਢ ਦੋ ਘੁੱਟ ਪਾਣੀ ਪੀ ਠੰਢਾ ਹਓਕਾ ਭਰਿਆ, 'ਕਾਸ਼! ਜੇ ਉਹ ਦਿਨ ਵਾਪਸ ਆ ਜਾਣ। ਪੜ੍ਹਾਈਆਂ ਸੌਖੀਆਂ ਤੇ ਭਾਰੇ ਬਸਤਿਆਂ ਦੀ ਜਗ੍ਹਾ ਉਨ੍ਹਾਂ ਦੇ ਕੱਦ-ਕਾਠ ਉੱਚੇ ਲੰਮੇ ਹੋ ਜਾਣ, ਉਨ੍ਹਾਂ ਨੂੰ ਨਿਮਰਤਾ, ਲਿਆਕਤ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਮਾਪੇ ਵੀ ਚਿੰਤਾ ਮੁਕਤ ਤੇ ਸਹਿਜਤਾ ਦਾ ਜੀਵਨ ਬਤੀਤ ਕਰ ਸਕਣ।'

**-ਬਲਰਾਜ ਕੋਹਾੜਾ**
84370-48523.

## ਟੀਚਰ

ਕਲਾਸ ਵਿਚ ਟੀਚਰ ਬੱਚਿਆਂ ਨੂੰ ਪੁੱਛ ਰਿਹਾ ਸੀ, 'ਬੱਚਿਓ ਤੁਸੀਂ ਪੜ੍ਹ ਕੇ ਕੀ ਬਣਨਾ ਚਾਹੁੰਦੇ ਹੋ ?'



'ਕਿਸੇ ਨੇ ਕਿਹਾ ਸੀ ਡਾਕਟਰ, ਕਿਸੇ ਨੇ ਕਿਹਾ, 'ਜੀ ਪੁਲਿਸ ਅਫਸਰ।' ਇਕ ਬੱਚਾ ਕਹਿੰਦਾ, 'ਜੀ ਮੈਂ ਟੀਚਰ ਬਣਨਾ ਚਾਹੁੰਦਾ ਹਾਂ, ਜੀ ਤੁਸੀਂ ਮੈਨੂੰ ਸੱਚੋ-ਸੱਚ ਦੱਸਿਓ ਤੁਸੀਂ ਟੀਚਰ ਕਿਵੇਂ ਬਣੇ ?'

ਟੀਚਰ ਸੋਚ ਰਿਹਾ ਸੀ ਕਿ ਹੁਣ ਬੱਚਿਆਂ ਨੂੰ ਸੱਚ ਦੱਸਣਾ ਹੀ ਪਵੇਗਾ। ਟੀਚਰ ਕਹਿੰਦਾ, 'ਬੱਚਿਓ, ਮੈਂ ਐਮ.ਏ. ਕਰਨ ਤੋਂ ਬਾਅਦ ਬੀ.ਐੱਡ ਕੀਤੀ। ਕਈ ਸਾਲ ਟੀਚਰ ਬਣਨ ਲਈ ਧਰਨੇ, ਮੁਜ਼ਾਹਰੇ ਕਰਦੇ ਰਹੇ, ਟੈਂਕੀਆਂ 'ਤੇ ਚੜ੍ਹਦੇ ਰਹੇ, ਮਟਕਾ ਚੌਕ ਵਿਚ ਲਾਠੀ ਚਾਰਜ ਸਹਿਣਾ ਪਿਆ, ਫਿਰ ਚੋਣਾਂ ਦਾ ਸਾਲ ਆਇਆ, ਸਰਕਾਰ ਦੇ ਹੱਕ 'ਚ ਵੋਟ ਪਾਈ ਤੇ ਫਿਰ ਟੀਚਰ ਬਣਿਆ।'

ਟੀਚਰ ਦੀ ਇਹ ਗੱਲ ਸੁਣ ਕੇ ਸਾਰਿਆਂ ਬੱਚਿਆਂ ਦੀਆਂ ਅੱਖਾਂ ਵਿਚ ਪਾਣੀ ਝਲਕ ਰਿਹਾ ਸੀ। ਸੁਣ ਕੇ ਉਹ ਬੱਚਾ ਚੁੱਪ ਕਰਕੇ ਨੀਵੀਂ ਪਾ ਕੇ ਬੈਠ ਗਿਆ। ਲਗਦਾ ਸੀ ਉਹਨੇ ਟੀਚਰ ਬਣਨ ਦਾ ਇਰਾਦਾ ਬਦਲ ਲਿਆ ਸੀ।

**-ਗੁਰਾਂਦਿੱਤਾ ਸੰਧੂ**
ਮੋਬਾਈਲ : 98760-47435

## ਸੰਪਾਦਕੀ

# ਵਧਦੀ ਆਬਾਦੀ ਦੇ ਮਸਲੇ

ਸੰਯੁਕਤ ਰਾਸ਼ਟਰ ਨੇ 'ਵਿਸ਼ਵ ਆਬਾਦੀ ਦੀਆਂ ਸੰਭਾਵਨਾਵਾਂ–2024' ਤਹਿਤ ਜਾਰੀ ਤਾਜ਼ਾ ਰਿਪੋਰਟ ਵਿੱਚ ਭਾਰਤ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਕਰਾਰ ਦਿੱਤਾ ਹੈ। ਰਿਪੋਰਟ ਅਨੁਸਾਰ ਭਾਰਤ ਦੀ ਕੁੱਲ ਆਬਾਦੀ 144.11 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ। ਜੂਨ 2023 ਤੱਕ ਚੀਨ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਮੰਨਿਆ ਜਾਂਦਾ ਰਿਹਾ ਹੈ। ਹੁਣ ਵਿਸ਼ਵ ਦੀ ਕੁੱਲ ਆਬਾਦੀ ਦਾ 17.76% ਭਾਰਤ ਵਿੱਚ ਹੈ। ਉਦਯੋਗਿਕ ਤੇ ਤਕਨੀਕੀ ਵਿਕਾਸ ਅਤੇ ਨਵੀਆਂ ਮੈਡੀਕਲ ਪ੍ਰਾਪਤੀਆਂ ਕਾਰਨ ਆਮ ਜਨ ਜੀਵਨ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਤਬਦੀਲੀ ਆਈ ਹੈ। 50 –60 ਸਾਲ ਪਹਿਲਾਂ ਦੇ ਮੁਕਾਬਲੇ ਜਿਊਂਦੇ ਰਹਿਣ ਦੀ ਸੰਭਾਵਨਾ (ਉਮਰ) ਵਿੱਚ ਵੀ ਵਾਧਾ ਹੋਇਆ ਹੈ। ਆਬਾਦੀ ਬਾਰੇ ਵਿਗਿਆਨੀ ਭਾਵੇਂ ਵਸੋਂ ਵਾਲੇ ਅੰਕੜਿਆਂ ਜਿਵੇਂ ਮੌਤ ਦਰ, ਜਨਮ ਦਰ, ਬਾਲ ਮੌਤ ਦਰ, ਜਨਣ ਸਮਰੱਥਾ ਆਦਿ ਵਿੱਚ ਸੁਧਾਰ ਦੇਖਦੇ ਹਨ ਪਰ ਜਿਸ ਉੱਚ ਪੱਧਰ 'ਤੇ ਆਬਾਦੀ ਦੇ ਪੱਖ ਤੋਂ ਭਾਰਤ ਪਹੁੰਚ ਗਿਆ ਹੈ, ਇਹ ਸਮਾਜ ਵਿਗਿਆਨੀਆਂ ਤੇ ਅਰਥ ਸ਼ਾਸਤਰੀਆਂ ਲਈ ਚਿੰਤਾ ਦਾ ਵਿਸ਼ਾ ਹੈ। ਵਧ ਰਹੀ ਆਬਾਦੀ ਆਰਥਿਕ ਵਸੀਲਿਆਂ ਉੱਪਰ ਬੋਝ ਬਣਦੀ ਜਾਪਦੀ ਹੈ। ਬੇਰੁਜ਼ਗਾਰੀ, ਭੁੱਖਮਰੀ ਤੇ ਕੁਪੋਸ਼ਣ, ਅਨਪੜ੍ਹਤਾ ਅਤੇ ਗਰੀਬੀ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਸਮਾਜਿਕ ਕੁਰੀਤੀਆਂ ਉਭਰ ਰਹੀਆਂ ਹਨ। ਬੇਰੁਜ਼ਗਾਰ ਜਵਾਨੀ ਨਸਿ ?ਆਂ ਵੱਲ ਜਾ ਰਹੀ ਹੈ। ਨੌਜਵਾਨ ਰੁਜ਼ਗਾਰ ਖਾਤਰ ਆਪਣਾ ਮੁਲਕ ਛੱਡਣ ਲਈ ਮਜਬੂਰ ਹਨ। ਵਿਦਿਅਕ ਸੰਸਥਾਵਾਂ, ਹਸਪਤਾਲਾਂ, ਪਾਰਕਾਂ ਆਦਿ ਵਿੱਚ ਸਮਰੱਥਾ ਤੋਂ ਵੱਧ ਭੀੜ ਹੋ ਰਹੀ ਹੈ। ਦੂਜੇ ਪਾਸੇ ਕੁਦਰਤੀ ਤੇ ਨਾ–ਨਵਿਆਉਣ ਯੋਗ ਸਾਧਨ ਪਾਣੀ, ਹਵਾ, ਵਾਤਾਵਰਨ, ਜੰਗਲਾਤ ਆਦਿ ਪਲੀਤ ਹੋ ਰਹੇ ਹਨ ਜਾਂ ਘਟ ਰਹੇ ਹਨ। ਪਸ਼ੂ ਪੰਛੀ ਤੇ ਜਾਨਵਰਾਂ ਦੀਆਂ ਅਨੇਕ ਜਾਤੀਆਂ ਪਰਜਾਤੀਆਂ ਖਤਮ ਹੋ ਰਹੀਆਂ ਹਨ। ਇਸ ਸਾਰੇ ਕੁਝ ਨੂੰ ਕੰਟਰੋਲ ਕਰਨ ਵਾਸਤੇ ਸੁਚੇਤ ਹੋਣ ਦੀ ਜ਼ਰੂਰਤ ਹੈ। ਸਮਾਜ ਵਿਗਿਆਨੀ ਫਿ ?ਕਰਮੰਦ ਹਨ ਕਿ ਜੇ ਆਬਾਦੀ ਦਾ ਵਾਧਾ ਵਿਕਾਸ ਦੇ ਰਾਹ ਵਿੱਚ ਅੜਿੱਕਾ ਹੈ ਤਾਂ ਇਸ ਨੂੰ ਕਿਵੇਂ ਹੱਲ ਕਰਨਾ ਹੈ? ਇਸ ਦਾ ਸਾਰਥਕ ਢੰਗ ਇਹ ਹੋ ਸਕਦਾ ਹੈ ਕਿ ਚੀਨ ਦੀ ਤਰਜ਼ 'ਤੇ ਨੌਜਵਾਨ ਵਰਗ ਲਈ ਯੋਜਨਾਬੱਧ ਤਰੀਕੇ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਪਰ ਬਦਕਿਸਮਤੀ ਇਹ ਹੈ ਕਿ ਦੇਸ਼ ਦੇ ਵਿਕਾਸ ਪ੍ਰਬੰਧ ਵਿਚ ਰੁਜ਼ਗਾਰ ਨੀਤੀ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ। ਇਕ ਪੱਖ ਇਹ ਵੀ ਹੈ ਕਿ ਆਬਾਦੀ ਦੇ ਵਾਧੇ ਨਾਲ ਦੇਸ਼ ਨੂੰ ਮਨੁੱਖੀ ਸਰੋਤ ਜਾਂ ਪੂੰਜੀ ਵੀ ਮਿਲ ਰਹੀ ਹੈ, ਇਸ ਪੂੰਜੀ ਦਾ ਸਾਕਾਰਾਤਮਕ ਪ੍ਰਯੋਗ ਹੀ ਇਸ ਸਮੱਸਿਆ ਦਾ ਹੱਲ ਹੈ। ਅਸਲ ਵਿੱਚ, ਜਦੋਂ ਆਬਾਦੀ ਸੀਮਾ ਤੋਂ ਵਧ ਜਾਂਦੀ ਹੈ ਤਾਂ ਉਸ ਦਾ ਚਿਰ ਸਥਾਈ ਆਰਥਿਕ ਵਿਕਾਸ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਹੋਰ ਸੰਸਥਾਈ ਸੰਸਥਾਵਾਂ ਤੇ ਮੁੱਢਲੇ ਬੁਨਿਆਦੀ ਢਾਂਚੇ ਉੱਪਰ ਭਾਰ ਵਧਣ ਲੱਗਦਾ ਹੈ। ਸਵਾਲ ਹੈ: ਵਧ ਰਹੀ ਆਬਾਦੀ ਨੂੰ ਕੇਵਲ ਵਿਸ਼ਵ ਆਬਾਦੀ ਦਿਵਸ ਮਨਾ ਕੇ ਗੱਲੀਂ–ਬਾਤੀਂ ਹੀ ਸਾਰ ਲਿਆ ਜਾਵੇ ਜਾਂ ਇਸ ਬਾਰੇ ਠੋਸ ਸਾਰਥਕ ਨੀਤੀ ਜਾਂ ਪ੍ਰੋਗਰਾਮ ਉਲੀਕੇ ਜਾਣ? ਕਿਸੇ ਮੁੱਦੇ ਬਾਰੇ ਨੀਤੀ ਬਣਾਉਣ ਤੋਂ ਪਹਿਲਾਂ ਉਸ ਦੇ ਸਾਰੇ ਪੱਖਾਂ ਉੱਪਰ ਵਿਚਾਰ ਜ਼ਰੂਰੀ ਹੈ। ਆਬਾਦੀ ਦਾ ਵਾਧਾ ਕੇਵਲ ਗਿਣਤੀ ਨਾਲ ਸਬੰਧਿਤ ਨਹੀਂ; ਇਸ ਦੇ ਹੋਰ ਪਹਿਲੂ ਵੀ ਹਨ– ਆਬਾਦੀ ਕਿਸ ਰਫ਼ਤਾਰ ਨਾਲ ਵਧ ਰਹੀ ਹੈ; ਦੂਜਾ, ਆਬਾਦੀ ਦੀ ਉਮਰ ਸੰਰਚਨਾ (ਵਰਗ) ਕੀ ਹੈ; ਤੀਜਾ, ਆਬਾਦੀ ਦੀ ਗੁਣਵੱਤਾ ਜਾਂ ਮਿਆਰ ਕੀ ਹੈ ਅਰਥਾਤ ਸਿੱਖਿਆ, ਸਿਹਤ ਤੇ ਹੁਨਰ ਦੇ ਪੱਖ ਤੋਂ ਇਸ ਦਾ ਪੱਧਰ ਕੀ ਹੈ। ਆਜ਼ਾਦੀ ਤੋਂ ਬਾਅਦ 1951 ਤੋਂ ਆਬਾਦੀ ਅੰਕੜੇ ਇਕੱਠੇ ਕਰਨ ਦਾ ਕੰਮ ਵਧੇਰੇ ਗੰਭੀਰਤਾ ਨਾਲ ਸ਼ੁਰੂ ਹੋ ਗਿਆ। ਉਸ ਵੇਲੇ ਸਾਡੀ ਆਬਾਦੀ 36 ਕਰੋੜ ਦੇ ਲਗਭਗ ਸੀ। 1961 ਤੋਂ 1981 ਤੱਕ ਆਬਾਦੀ ਦਾ ਵਾਧਾ ਕਾਫੀ ਤੇਜ਼ੀ ਨਾਲ ਹੋਇਆ। ਇਸੇ ਕਰ ਕੇ 1971 ਤੋਂ 1981 ਦੇ ਦਹਾਕੇ ਨੂੰ 'ਆਬਾਦੀ ਵਿਸਫੋਟ' ਦਾ ਨਾਮ ਦਿੱਤਾ ਗਿਆ ਸੀ। 1975 ਵਿੱਚ ਪਰਿਵਾਰ ਨਿਯੋਜਨ ਦੇ 20 ਨੁਕਾਤੀ ਪ੍ਰੋਗਰਾਮ ਤਹਿਤ 'ਹਮ ਦੋ ਹਮਾਰੇ ਦੋ' ਦਾ ਨਾਅਰਾ ਦਿੱਤਾ। ਪ੍ਰੋਗਰਾਮ ਦੀ ਸਫਲਤਾ ਅਤੇ ਸਰਕਾਰੀ ਅੰਕੜੇ ਪੂਰੇ ਕਰਨ ਹਿੱਤ ਨਸਬੰਦੀ ਤੇ ਨਲਬੰਦੀ ਦੇ ਜ਼ਬਰਦਸਤੀ ਅਪਰੇਸ਼ਨ ਕੀਤੇ ਗਏ ਜਿਸ ਦਾ ਲੋਕਾਂ ਨੇ ਵਿਰੋਧ ਵੀ ਕੀਤਾ। ਮਗਰੋਂ ਵਸੋਂ ਗਿਣਤੀ ਵਿੱਚ ਤਾਂ ਵਾਧਾ ਹੋ ਰਿਹਾ ਸੀ ਪਰ ਦਰ ਨੂੰ ਮੋੜਾ ਪੈ ਗਿਆ। 2011 ਤੱਕ ਵਸੋਂ ਦੇ ਵਾਧੇ ਦੀ ਦਰ 2.3 ਤੋਂ ਘਟ ਕੇ 1.3% ਆ ਗਈ। ਸੰਯੁਕਤ ਰਾਸ਼ਟਰ ਵਸੋਂ ਫੰਡ ਦੇ ਅੰਦਾਜਿ ?ਆਂ ਅਨੁਸਾਰ, 2021 ਵਿੱਚ ਵਸੋਂ ਦੇ ਵਾਧੇ ਦੀ ਦਰ 0.18 ਦਰਜ ਹੋਈ। ਇਸੇ ਸਮੇਂ ਦੌਰਾਨ ਭਾਰਤ ਨੇ ਕੌਮੀ ਵਸੋਂ ਨੀਤੀ–1976 ਅਤੇ ਫਿਰ 2002 ਵਾਲੀ ਨੀਤੀ ਤਹਿਤ ਵਸੋਂ ਵਾਧਾ ਦਰ ਕਾਫੀ ਹੱਦ ਤੱਕ ਕੰਟਰੋਲ ਕਰ ਲਈ। ਦੂਜਾ ਪਹਿਲੂ ਉਮਰ ਵਰਗ ਨਾਲ ਸਬੰਧਿਤ ਹੈ ਜਿਸ ਅਨੁਸਾਰ 14 ਸਾਲ ਤੱਕ ਬੱਚੇ, 15 ਤੋਂ 60 ਸਾਲ ਦੀ ਕੰਮਕਾਜੀ ਵਸੋਂ (ਇਸ ਵਿੱਚ 18 ਤੋਂ 44 ਸਾਲ ਤੱਕ ਦੇ ਨੌਜਵਾਨ ਵੀ ਸ਼ਾਮਿਲ ਹਨ) ਅਤੇ 60 ਸਾਲ ਤੋਂ ਉੱਪਰ ਦੀ ਬਜ਼ੁਰਗ ਵਸੋਂ ਹੁੰਦੀ ਹੈ। ਇਸ ਵੇਲੇ ਭਾਰਤ ਨੂੰ ਸਭ ਤੋਂ ਵਧੇਰੇ ਨੌਜਵਾਨ ਵਸੋਂ ਵਾਲਾ ਦੇਸ਼ ਹੋਣ ਦਾ ਮਾਣ ਵੀ ਪ੍ਰਾਪਤ ਹੈ ਜਿਹੜਾ ਕੁੱਲ ਆਬਾਦੀ ਦਾ ਲਗਭਗ 68% ਹੈ। ਵਸੋਂ ਦਾ ਤੀਜਾ ਪੱਖ ਵਸੋਂ ਦੀ ਗੁਣਵੱਤਾ ਜਾਂ ਮਿਆਰ ਹੈ। ਕੁੱਲ ਆਬਾਦੀ ਵਿੱਚ ਨੌਜਵਾਨਾਂ ਦੀ ਵਧੇਰੇ ਦਰ ਅਤੇ ਨਿਤ ਦਿਨ ਇਸ ਉਮਰ ਵਰਗ ਦੀ ਵਧ ਰਹੀ ਗਿਣਤੀ ਹੁਣ ਚਰਚਾ ਦਾ ਵਿਸ਼ਾ ਹੈ। ਕਿਹਾ ਜਾਂਦਾ ਹੈ ਕਿ ਪੈਦਾ ਹੋਣ ਵਾਲੇ ਹਰ ਬੱਚੇ ਦਾ ਮੂੰਹ ਹੁੰਦਾ ਹੈ। ਉਂਝ, ਇਸ ਦਾ ਦੂਜਾ ਪਹਿਲੂ ਵੀ ਹੈ ਕਿ ਹਰ ਬੱਚੇ ਦੇ ਦੋ ਹੱਥ ਵੀ ਹੁੰਦੇ ਹਨ ਜਿਹੜੇ ਇੱਕ ਸਮੇਂ ਬਾਅਦ ਕੰਮ ਕਰਨ ਯੋਗ ਹੋ ਜਾਂਦੇ ਹਨ। ਉਹ ਜਿੰਨੇ ਸਾਧਨ ਵਰਤਦਾ ਹੈ, ਉਸ ਤੋਂ ਕਈ ਗੁਣਾ ਵਧੇਰੇ ਉਤਪਾਦਨ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਬਸ ਸਮੱਸਿਆ ਅਤੇ ਬਹਿਸ ਇੱਥੇ ਆ ਕੇ ਦਿਸ਼ਾ ਬਦਲ ਲੈਂਦੀ ਹੈ ਕਿਉਂਕਿ ਉਹ ਉਤਪਾਦਨ ਉਸ ਹਾਲਤ ਵਿੱਚ ਹੀ ਕਰੇਗਾ ਜਦੋਂ ਉਸ ਨੂੰ ਮਿਆਰੀ ਸਿੱਖਿਆ, ਸਿਖਲਾਈ ਤੇ ਸਿਹਤ ਪ੍ਰਾਪਤ ਹੋਵੇਗੀ ਅਤੇ ਨੌਜਵਾਨ ਕੰਮਕਾਜ ਕਰਨ ਦੇ ਸਮਰੱਥ ਹੋਣਗੇ। ਕੀ ਸਾਡੇ ਕੋਲ ਲੋੜੀਂਦੀ ਮਾਤਰਾ ਵਿੱਚ ਰੁਜ਼ਗਾਰ ਹਨ? ਆਰਥਿਕਤਾ ਵਿੱਚ ਕਿਹੜੇ ਰੁਜ਼ਗਾਰ ਅਤੇ ਵਿਕਾਸ ਮਾਡਲ ਅਪਣਾਏ ਜਾਣ ਜਿਸ ਨਾਲ ਰੁਜ਼ਗਾਰ ਦੀ ਮੰਗ ਤੇ ਪੈਦਾਵਾਰ ਵਿੱਚ ਸੰਤੁਲਨ ਬਣਾਇਆ ਜਾ ਸਕੇ? 1990 ਦੇ ਮੱਧ ਤੱਕ ਆਰਥਿਕ ਮਾਹਿਰਾਂ ਸੁਝਾਅ ਦਿੰਦੇ ਸਨ ਕਿ ਜਦੋਂ ਖੇਤੀ ਖੇਤਰ ਵਿੱਚ ਰੁਜ਼ਗਾਰ ਦੀ ਸੀਮਾਂਤ ਉਤਪਾਦਕਤਾ ਜ਼ੀਰੋ ਹੋ ਜਾਵੇ ਤਾਂ ਵਾਧੂ ਨੌਜਵਾਨ ਕੱਢ ਕੇ ਗੈਰ–ਖੇਤੀ ਖੇਤਰ ਜਾਂ ਉਦਯੋਗਿਕ/ਮੈਨੂਫੈਕਚਰਿੰਗ ਤੇ ਭਵਨ ਨਿਰਮਾਣ ਖੇਤਰ ਵਿੱਚ ਲਗਾਉਣੇ ਚਾਹੀਦੇ ਹਨ ਪਰ ਤਕਨੀਕੀ ਸਿੱਖਿਆ, ਸਿਖਲਾਈ ਤੇ ਮੁਹਾਰਤ ਦੀ ਅਣਹੋਂਦ ਕਾਰਨ ਉਸ ਵੇਲੇ ਉਹ ਨੌਜਵਾਨ ਉੱਥੇ ਸਮਾਏ ਨਾ ਜਾ ਸਕੇ। ਉਨ੍ਹਾਂ ਨੂੰ ਗੈਰ–ਖੇਤੀ ਖੇਤਰ ਵਿੱਚ ਸ਼ਾਮਿਲ ਕਰਨ ਲਈ ਪਹਿਲਾਂ ਤਾਂ ਉਥੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ, ਦੂਜਾ ਉਨ੍ਹਾਂ ਨੂੰ ਆਧੁਨਿਕ ਤਕਨੀਕ ਤੇ ਹੁਨਰ ਦੀ ਸਿਖਲਾਈ ਦਿੱਤੀ ਜਾਵੇ। ਸਕੂਲਾਂ ਵਿੱਚ ਬੱਚਿਆਂ ਨੂੰ ਕਿੱਤਾ ਮੁਖੀ ਸਿਖਲਾਈ ਦਿੱਤੀ ਜਾਵੇ ਤਾਂ ਕਿ ਜਿਉਂ ਹੀ ਉਹ ਰੁਜ਼ਗਾਰ ਦੀ ਮੰਡੀ ਵਿੱਚ ਸ਼ਾਮਿਲ ਹੋਣ, ਰੋਜ਼ੀ ਰੋਟੀ ਕਮਾਉਣ ਦੇ ਕਾਬਲ ਹੋ ਜਾਣ। ਅੱਜ ਵਾਲੀ ਅਰਥ ਵਿਵਸਥਾ ਦਾ ਵਿਕਾਸ ਮਾਡਲ ਅਜਿਹਾ ਹੈ ਜਿਥੇ ਆਮਦਨ ਵਿਕਾਸ ਦਰ ਤਾਂ ਵਧ ਰਹੀ ਹੈ ਪਰ ਰੁਜ਼ਗਾਰ ਘਟ ਰਹੇ ਹਨ। ਪ੍ਰਾਈਵੇਟ ਖੇਤਰ ਅਤੇ ਕਾਰਪੋਰੇਟ ਘਰਾਣੇ ਆਪਣੇ ਮੁਫਾਦਾਂ ਲਈ ਰੁਜ਼ਗਾਰ ਘਟਾ ਰਹੇ ਹਨ। ਘਰੋਂ ਹੀ ਕੰਮ ਲੈਣਾ, ਕਾਮਿਆਂ ਦੀ ਛਾਂਟੀ, ਠੇਕੇ 'ਤੇ ਕੰਮ ਦੇਣਾ, ਰੁਜ਼ਗਾਰ ਦੀ ਅਨਿਸ਼ਚਿਤਤਾ ਆਦਿ ਨੌਜਵਾਨਾਂ ਨੂੰ ਪਰਵਾਸ ਲਈ ਮਜਬੂਰ ਕਰ ਰਿਹਾ ਹੈ। ਸੇਵਾਵਾਂ ਦੇ ਖੇਤਰ ਵਿੱਚ ਨਵੇਂ ਰੁਜ਼ਗਾਰ ਪੈਦਾ ਕਰਨ ਦੇ ਵਧੇਰੇ ਮੌਕੇ ਹਨ। ਜਿੱਥੇ ਨੌਜਵਾਨਾਂ ਨੂੰ ਆਧੁਨਿਕ ਤਕਨੀਕ ਵਾਲੀ ਸਿਖਲਾਈ ਮੁਹੱਈਆ ਕਰਵਾਉਣੀ ਚਾਹੀਦੀ ਹੈ। ਸਾਰੇ ਕੁਝ ਵਾਸਤੇ ਪ੍ਰਾਈਵੇਟ ਖੇਤਰ 'ਤੇ ਨਿਰਭਰ ਨਹੀਂ ਕਰ ਸਕਦੇ। ਸਰਕਾਰੀ ਸੰਸਥਾਵਾਂ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਵਾਸਤੇ ਸਰਕਾਰੀ ਨਿਵੇਸ਼ ਜ਼ਰੂਰੀ ਹੈ। ਸਰਕਾਰੀ ਵਿਦਿਅਕ ਅਦਾਰਿਆਂ, ਤਕਨੀਕੀ ਸੰਸਥਾਵਾਂ ਦੇ ਨਾਲ–ਨਾਲ ਸਰਕਾਰੀ ਹਸਪਤਾਲਾਂ ਤੇ ਡਿਸਪੈਂਸਰੀਆਂ ਨੂੰ ਪ੍ਰਫੁੱਲਤ ਕਰਨਾ ਪਵੇਗਾ। ਇਸ ਵੇਲੇ 92.93% ਰੁਜ਼ਗਾਰ ਪ੍ਰਾਈਵੇਟ ਅਤੇ ਗ਼ੈਰ–ਜਥੇਬੰਦ ਖੇਤਰ ਵਿੱਚ ਹੈ ਜਿੱਥੇ ਅਨਿਸ਼ਚਿਤਤਾ ਤੇ ਛਾਂਟੀ ਦੀ ਤਲਵਾਰ ਲਟਕਦੀ ਰਹਿੰਦੀ ਹੈ। ਕੰਮ, ਮਾਣ ਭੱਤੇ, ਪੈਨਸ਼ਨ, ਛੁੱਟੀਆਂ, ਮੈਡੀਕਲ ਭੱਤਾ ਆਦਿ ਕੁਝ ਵੀ ਮਿਆਰ ਅਨੁਸਾਰ ਨਹੀਂ। ਇਸ ਲਈ ਨੌਜਵਾਨੀ ਨੂੰ ਦੋਸ਼ ਦੇਣਾ ਕਿ ਉਹ ਮਾਨਸਿਕ ਬਿਮਾਰੀਆਂ ਜਾਂ ਡਿਪਰੈਸ਼ਨ ਦਾ ਸਿ ?ਕਾਰ ਹੋ ਰਹੇ ਹਨ ਜਾਂ ਨਸਿ ?ਆਂ ਵੱਲ ਵਧ ਰਹੇ ਹਨ ਜਾਂ ਮਾਪਿਆਂ ਦੀ ਸਾਰੀ ਉਮਰ ਦੀ ਕਮਾਈ ਦਾਅ 'ਤੇ ਲਾ ਕੇ ਪਰਵਾਸ ਦੇ ਰਾਹ ਪੈ ਰਹੇ ਹਨ, ਠੀਕ ਨਹੀਂ। ਅਜੇ ਵੀ ਮੌਕਾ ਸੰਭਾਲਣ ਦਾ ਵੇਲਾ ਹੈ। ਜੇ ਭਾਰਤ ਨੂੰ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਮੰਨ ਲਿਆ ਗਿਆ ਹੈ ਤਾਂ ਇਸ ਦੇ ਹਾਂ ਪੱਖੀ ਪਹਿਲੂ ਉਜਾਗਰ ਕਰਨੇ ਲਾਹੇਵੰਦ ਹੋਏਗਾ। ਇਸ ਨੂੰ ਮਨੁੱਖੀ ਸਰੋਤ ਵਜੋਂ ਲੈਣਾ ਚਾਹੀਦਾ ਹੈ। ਇਸ ਮਨੁੱਖੀ ਸਰੋਤ ਦਾ ਪੱਧਰ ਸੁਧਾਰਨ ਵੱਲ ਤਵੱਜੋ ਦੇਣੀ ਬਣਦੀ ਹੈ। ਆਬਾਦੀ ਉੱਪਰ ਰਾਜਨੀਤੀ ਕਰਨ ਦੀ ਥਾਂ ਆਬਾਦੀ ਅਤੇ ਰੁਜ਼ਗਾਰ ਨਾਲ ਸਬੰਧਿਤ ਠੋਸ ਨੀਤੀ ਬਣਾ ਕੇ ਸ਼ਾਸਨ/ਰਾਜ ਜਾਂ ਸੇਵਾ ਕਰਨਾ ਲਾਹੇਵੰਦ ਹੋਏਗਾ। 2002 ਵਿੱਚ ਜਿਹੜੀ ਆਬਾਦੀ ਨੀਤੀ ਐਲਾਨੀ ਸੀ, ਉਸ ਦੇ ਨਤੀਜੇ ਵਜੋਂ ਵਸੋਂ ਵਾਧਾ ਦਰ ਵਿੱਚ ਕਮੀ ਦਰਜ ਹੋਈ ਸੀ। ਔਰਤਾਂ ਦੀ ਜਨਣ ਸ਼ਕਤੀ ਘਟ ਕੇ 1.8 ਹੋ ਚੁੱਕੀ ਹੈ। ਇਸ ਲਈ ਵਧਦੀ ਆਬਾਦੀ ਦੀ ਸਮੱਸਿਆ ਨੂੰ ਦੇਖ ਕੇ ਚੁਫੇਰੇ ਘਬਰਾਹਟ ਪੈਦਾ ਕਰਨ ਨਾਲੋਂ ਆਬਾਦੀ ਦੇ ਵਾਧੇ, ਖਾਸ ਕਰ ਕੇ ਨੌਜਵਾਨਾਂ ਦੀ ਵਧ ਰਹੀ ਵਸੋਂ ਦਰ ਨੂੰ ਲਾਭ ਅੰਸ਼ ਵਜੋਂ ਲੈਣਾ ਜਿ ?ਆਦਾ ਸਹੀ ਹੋਵੇਗਾ। ਜੇ ਭਾਰਤ ਦਾ ਵਿਸ਼ਵ ਦੀ ਘਰੇਲੂ ਪੈਦਾਵਾਰ ਵਿੱਚ ਹਿੱਸਾ 1 ਤੋਂ ਵਧ ਕੇ 3.5% ਹੋ ਸਕਦਾ ਹੈ ਤੇ ਅਸੀਂ ਤੀਜੀ ਵੱਡੀ ਅਰਥ ਵਿਵਸਥਾ ਬਣਨ ਦਾ ਸੁਫ਼ਨਾ ਜਲਦੀ ਸਾਕਾਰ ਹੋਣ ਦੇ ਦਾਅਵੇ ਕਰ ਰਹੇ ਹਾਂ ਤਾਂ ਨਿਸ਼ਚੇ ਹੀ ਸਾਡੇ ਕੋਲ ਇਹ ਸਭ ਕੁਝ ਕਰਨ ਦੀ ਸਮਰੱਥਾ ਹੈ। ਜ਼ਰੂਰਤ ਕੇਵਲ ਦ੍ਰਿੜ ਇਰਾਦੇ ਨਾਲ ਰਾਜਨੀਤੀ ਤੋਂ ਉੱਪਰ ਉੱਠ ਕੇ ਆਬਾਦੀ ਨਾਲ ਸਬੰਧਿਤ ਮੌਕਾ ਸਾਂਭਣ ਦੀ ਹੈ।

# ਪੰਜਾਬ ਦਾ ਭਵਿੱਖ ਅਤੇ ਸਿਆਸੀ ਲੀਡਰਸ਼ਿਪ

**ਸੁੱਚਾ ਸਿੰਘ ਖੱਟੜਾ**



ਖ਼ਾਲਿਸਤਾਨ ਦੀ ਧਾਰਨਾ ਉੱਤੇ ਪ੍ਰਿੰਟ ਅਤੇ ਬਿਜਲਈ ਪ੍ਰਚਾਰ ਸਾਧਨ ਭਰਪੂਰ ਚਰਚਾਵਾਂ ਕਰਵਾ ਰਹੇ ਹਨ। ਧਾਰਨਾ ਦੀ ਸਮੁੰਦਰ ਰਿੜਕਨ ਪ੍ਰਕਿਰਿਆ ਵਿੱਚ ਵਿਸ਼ਾ ਸਮੱਗਰੀ ਦੇ ਵਾਧੇ ਵਜੋਂ ਨਿਤ ਕੁਝ ਨਾ ਕੁਝ ਪੈਂਦਾ ਰਹਿਣਾ ਚਾਹੀਦਾ ਹੈ ਤਾਂ ਕਿ ਲੋਕ ਮਨਾਂ ਵਿੱਚੋਂ ਕੁਝ ਵੀ ਅਜਿਹਾ ਅਣ–ਵਿਆਖਿਅਤ ਨਾ ਰਹੇ ਜੋ ਸਮਾਜ ਦਾ ਨਾਸੂਰ ਬਣ ਕੇ ਮੁੜ ਰਿਸਣ ਲੱਗ ਜਾਵੇ।

1699 ਵਿੱਚ ਜਿਸ ਮਾਨਵ ਨੂੰ ਖ਼ਾਲਸਾ ਬਣਾਇਆ, ਉਸ ਦੀ ਰੂਹ ਦੀ ਘਾੜਤ ਤਾਂ ਬਾਬੇ ਨਾਨਕ ਤੋਂ ਸ਼ੁਰੂ ਸੀ। ਇਸ ਦੇ ਆਧਾਰ ਸਨ ਇੱਕ ਈਸ਼ਵਰ, ਅਸੀਂ ਸਭ ਉਸ ਦੇ ਬਾਲਕ। ਇੱਥੇ ਜਾਤ–ਪਾਤ, ਊਚ–ਨੀਚ ਸਮਾਪਤ ਹੈ। ਔਰਤ ਲਈ ਬਰਾਬਰੀ ਤੈਅ ਹੋ ਗਈ। ਕਿਰਤ ਅਤੇ ਕਿਰਤੀ ਸਤਿਕਾਰਤ ਹੋ ਗਏ। ਜ਼ੁਲਮ ਤੇ ਜ਼ਾਲਮ ਵਿਰੁੱਧ ਡਟਾ ਕਿਰਦਾਰ ਦਾ ਹਿੱਸਾ ਬਣ ਗਿਆ। ਪਰਾਇਆ ਹੱਕ ਪਾਪ ਹੋ ਗਿਆ। ਇਉਂ ਖ਼ਾਲਸਾ ਬਣਨਾ ਸ਼ੁਰੂ ਸੀ।

1699 ਵਿੱਚ ਖ਼ਾਲਸਾ ਪੰਥ ਨੂੰ ਸਾਕਾਰ ਕਰਨ ਲਈ ਖ਼ਾਲਸਾ ਫ਼ੌਜ ਦਾ ਨੀਂਹ ਪੱਥਰ ਰੱਖਿਆ ਗਿਆ। ਭਾਵ ਵਾਚਕ ਹੁਣ ਵਿਸ਼ੇਸ਼ਣ ਬਣ ਸ਼ਖ਼ਸੀਅਤ ਅਤੇ ਸਮੂਹ ਨਾਲ ਜੁੜ ਗਿਆ। ਇਤਿਹਾਸ ਦੇ ਕਾਲ ਖੰਡ ਵਿੱਚ ਚੁਣੌਤੀਆਂ ਆਈਆਂ, ਮੌਕੇ ਆਏ ਅਤੇ ਮਿਲੀ ਭੂਮਿਕਾ ਨਿਭਾਈ। ਸਰਹੰਦ ਦੀ ਇੱਟ ਨਾਲ ਇੱਟ ਖੜਕਾਈ, ਜ਼ਿਮੀਂਦਾਰੀ ਸਮਾਪਤ ਕਰ ਜ਼ਮੀਨਾਂ ਹਲ ਵਾਹਕਾਂ ਵਿੱਚ ਵੰਡ ਦਿੱਤੀਆਂ।

ਮੌਤ ਸਾਹਮਣੇ ਆਈ, ਈਨ ਮੰਨਣ ਦੀ ਥਾਂ ਹੱਸਦਿਆਂ ਸ਼ਹੀਦੀਆਂ ਪਾ ਲਈਆਂ। ਅਬਦਾਲੀ ਅਤੇ ਦੁੱਰਾਨੀ ਨੇ ਦਿੱਲੀ ਉੱਤੇ ਹਮਲੇ ਕੀਤੇ। ਲੁੱਟੇ ਮਾਲ ਵਜੋਂ ਹਿੰਦੂ ਧੀਆਂ ਵੀ ਨਾਲ ਲਿਜਾਣ ਲੱਗੇ। ਪੰਜਾਬ ਦੀ ਧਰਤੀ ਉੱਤੇ ਖ਼ਾਲਸੇ ਨੇ ਧੀਆਂ ਛੁਡਵਾਈਆਂ ਅਤੇ ਪਰਿਵਾਰਾਂ ਪਾਸ ਵਾਪਸ ਪਹੁੰਚਾਈਆਂ। ਸਮਾਜ ਵਿੱਚ ਨਵਾਂ ਸੂਰਮਾ ਪੈਦਾ ਹੋ ਚੁੱਕਾ ਸੀ। ਖ਼ਾਲਸਾ ਇਉਂ ਸਮਾਜ ਦੀ ਸ਼ਰਧਾ ਤੇ ਸਤਿਕਾਰ ਦਾ ਪਾਤਰ ਬਣ ਗਿਆ। ਹਰ ਘਰ ਦੀ ਕਾੜ੍ਹਨੀ ਦਾ ਦੁੱਧ ਅਤੇ ਚਾਟੀ ਦਾ ਦਹੀਂ ਖ਼ਾਲਸੇ ਦਾ ਸੀ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ ਹਕੂਮਤ ਵਿਰੁੱਧ ਇਕੱਲਾ ਪੰਜਾਬ ਲੜ ਹੀ ਨਹੀਂ ਸੀ ਸਕਦਾ। ਇਹੀ ਕਾਰਨ ਸੀ ਕਿ ਗ਼ਦਰ ਪਾਰਟੀ ਨੇ ਆਪਣਾ ਦੇਸ ਪੰਜਾਬ ਨਹੀਂ, ਹਿੰਦੋਸਤਾਨ ਅਪਣਾਇਆ। ਮਗਰੋਂ ਜਿੰਨੀਆਂ ਕੁਰਬਾਨੀਆਂ ਹੋਈਆਂ, ਉਹ ਪੰਜਾਬ ਜਾਂ ਸਿੱਖ ਰਾਜ ਦੀ ਆਜ਼ਾਦੀ ਲਈ ਨਹੀਂ, ਹਿੰਦ ਦੀ ਆਜ਼ਾਦੀ ਲਈ ਦਿੱਤੀਆਂ। ਆਜ਼ਾਦੀ ਨਾਲ ਹੀ ਦੇਸ ਵੰਡਿਆ ਗਿਆ। ਪੰਜਾਬ ਉਸ ਪ੍ਰਭੁਤਾ ਵਾਲੇ ਦੇਸ ਦਾ ਸੂਬਾ ਬਣਿਆ ਜਿਹੜਾ ਲੋਕ ਰਾਜੀ ਸੰਸਦੀ ਸਿਸਟਮ ਦੀ ਸੰਵਿਧਾਨਕ ਗਰੰਟੀ ਵਾਲਾ ਹੈ। ਅੰਗਰੇਜ਼ ਵੱਖਰਾ ਦੇਸ ਸਿੱਖਾਂ ਨੂੰ ਦੇ ਸਕਦੇ ਸਨ, ਆਗੂਆਂ ਦੀ ਨਾਲਾਇਕੀ ਕਾਰਨ ਨਹੀਂ ਮਿਲਿਆ, ਇਹ ਝੂਠ ਹੈ। ਇੱਥੋਂ ਹੀ ਖ਼ਾਲਸਾ ਰਾਜ ਲਈ ਮ੍ਰਿਗ ਤ੍ਰਿਸ਼ਨਾ ਜਨਮ ਲੈਂਦੀ ਹੈ।

ਅੰਮ੍ਰਿਤਸਰ ਦੇ ਨਿਰੰਕਾਰੀ ਕਾਂਡ ਪਿੱਛੋਂ ਸੰਤ ਜਰਨੈਲ ਸਿੰਘ ਦੇ ਹਥਿਆਰਬੰਦ ਅੰਗ ਰੱਖਿਅਕਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਠਿਕਾਣਾ ਬਣਾਉਣ ਤੋਂ ਬਾਅਦ ਸਾਕਾ ਨੀਲਾ ਤਾਰਾ ਤੱਕ ਅਨੇਕ ਹਿੰਦੂ ਸਿੱਖ ਮਾਰੇ ਜਾ ਚੁੱਕੇ ਸਨ। ਇਨ੍ਹਾਂ ਵਿੱਚ ਸਿੱਖਾਂ ਨੂੰ ਪੰਜਾਬ ਪੁਲੀਸ ਨੇ ਮਾਰਿਆ ਦੱਸਿਆ ਜਾਂਦਾ ਹੈ। 21 ਅਪਰੈਲ 1986 ਨੂੰ ਪੰਥਕ ਕਮੇਟੀ ਦੇ ਖ਼ਾਲਿਸਤਾਨ ਦੇ ਐਲਾਨ ਤੋਂ ਬਾਅਦ ਬੱਸਾਂ ਵਿੱਚੋਂ ਇੱਕ ਫਿ ?ਰਕੇ ਦੇ ਲੋਕਾਂ ਨੂੰ ਕੱਢ–ਕੱਢ ਕੇ ਮਾਰਨਾ ਆਮ ਹੋ ਗਿਆ ਸੀ। ਮਾਨਵ ਦਾ ਬਾਬੇ ਨਾਨਕ ਤੋਂ ਦਸਵੇਂ ਪਾਤਸ਼ਾਹ ਤੱਕ ਪਹੁੰਚ ਕੇ ਖ਼ਾਲਸਾ ਬਣਨਾ ਅਤੇ ਆਪਣੇ ਕਿਰਦਾਰ ਨਾਲ ਦੂਰ–ਦੂਰ ਤੱਕ ਸਤਿਕਾਰ ਹਾਸਿਲ ਕਰਨਾ ਅਤੇ ਵੀਹਵੀਂ ਸਦੀ ਦੇ ਅੱਸੀਵਿਆਂ ਵਿੱਚ ਤਥਾਕਥਿਤ ਖ਼ਾਲਸੇ ਦਾ 180 ਡਿਗਰੀ ਦਾ ਮੋੜਾ ਕੱਟਣਾ ਅਤੇ ਦਹਿਸ਼ਤੀ ਹੋ ਜਾਣਾ ਸਮਝਣਾ ਬਣਦਾ ਹੈ। ਉਹ ਵੀ ਖ਼ਾਲਸਾ ਸੀ ਜੋ ਹਿੰਦੂ ਧੀਆਂ ਛੁਡਵਾ ਕੇ ਉਨ੍ਹਾਂ ਦੇ ਮਾਪਿਆਂ ਹਵਾਲੇ ਕਰਦਾ ਸੀ; ਇਹ ਵੀ ਖ਼ਾਲਸਾ ਸੀ ਜੋ ਬੱਸਾਂ ਵਿੱਚੋਂ ਕੱਢ–ਕੱਢ ਹਿੰਦੂਆਂ ਨੂੰ ਮਾਰਨ ਲੱਗ ਪਿਆ। ਕਾਹਦਾ ਬਦਲਾ? ਕਾਹਦੀ ਸਜ਼ਾ? ਮੁਗ਼ਲ ਹਕੂਮਤ ਨੇ ਗੁਰੂ ਤੇਗ਼ ਬਹਾਦਰ, ਚਾਰ ਸਾਹਿਬਜ਼ਾਦੇ ਸ਼ਹੀਦ ਕੀਤੇ, ਖ਼ਾਲਸੇ ਨੇ ਕਿਸੇ ਨਿਹੱਥੇ ਮੁਸਲਮਾਨ ਨੂੰ ਨਿਸ਼ਾਨਾ ਨਹੀਂ ਬਣਾਇਆ। ਅੱਸੀਵਿਆਂ ਵਿੱਚ ਖ਼ਾਲਸਾ ਸਨਮਾਨ ਖੋਅ ਗਿਆ।

ਖ਼ਾਲਿਸਤਾਨ ਬਣਨ ਵਿੱਚ ਕੁਝ ਮੁੱਖ ਅੜਿੱਕੇ ਹਨ। ਸਿੱਖ ਗੁਰੂਆਂ ਅਤੇ ਆਜ਼ਾਦੀ ਘੁਲਾਟੀਆਂ, ਸਭ ਦੇ ਹਿੰਦੋਸਤਾਨ ਨਾਲ ਜੁੜਾਓ ਨੇ ਪੰਜਾਬੀਆਂ ਦੀ ਮਾਨਸਿਕਤਾ ਸਿਰਜੀ ਹੈ। ਇਹ ਅ–ਬਦਲ ਹੈ। ਖ਼ਾਲਿਸਤਾਨ ਇਸ ਮਾਨਸਿਕਤਾ ਨੂੰ ਬਦਲ ਕੇ ਹੀ ਬਣੇਗਾ। ਖ਼ਾਲਿਸਤਾਨ ਲਈ ਅੱਸੀਵਿਆਂ ਦੇ ਯਤਨਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਅਜਿਹੀ ਸੱਟ ਮਾਰੀ ਕਿ ਪੰਜਾਬ ਬਾਕੀ ਸੂਬਿਆਂ ਦੇ ਸਿਖਰ ਤੋਂ ਅੱਧੇ ਸੂਬਿਆਂ ਤੋਂ ਵੀ ਹੇਠਾਂ ਜਾ ਡਿੱਗਾ। ਉਦਯੋਗ ਬਾਹਰ ਚਲੇ ਗਏ। ਸਿੱਖਿਆ, ਸੁਰੱਖਿਆ, ਸਿਹਤ ਅਤੇ ਕੌਮੀ ਮੁਕਾਬਲਿਆਂ ਵਿੱਚ ਪੰਜਾਬੀ ਗੱਭਰੂਆਂ ਦੀਆਂ ਸਫਲਤਾਵਾਂ, ਸਭ ਚੌਪਟ ਹੋ ਗਿਆ। ਖ਼ਾਲਿਸਤਾਨ ਹੁਣ ਡਰਾਉਣਾ ਭੂਤ ਬਣ ਚੁੱਕਾ ਹੈ। ਪੰਜਾਬ ਤੋਂ ਬਾਹਰ ਦੇਸ ਦੇ ਕੋਨੇ–ਕੋਨੇ ਵਿੱਚ ਵੱਸਦੇ ਸਿੱਖ ਖ਼ਾਲਿਸਤਾਨ ਦੀ ਥਾਂ ਪੰਜਾਬ ਨੂੰ ਭਾਰਤ ਦੇ ਹਿੱਸੇ ਵਜੋਂ ਰੱਖਣ ਵਿੱਚ ਸੁਰੱਖਿਅਤ ਮਹਿਸੂਸ ਕਰਦੇ ਹਨ। ਅੱਜ ਧਰਮ ਦੇ ਆਧਾਰ ਉੱਤੇ ਦੇਸ ਖੜ੍ਹਾ ਕਰਨਾ ਪਿਛਾਖੜੀ ਸੋਚ ਹੈ। ਸੱਭਿਅਤਾ ਧਰਮ ਨਿਰਪੱਖ ਲੋਕਤੰਤਰੀ ਪ੍ਰਣਾਲੀਆਂ ਅਪਣਾ ਚੁੱਕੀ ਹੈ। ਇਸ ਤੋਂ ਇਲਾਵਾ ਭਾਰਤ ਦਾ ਜੋ ਵੀ ਮਹਾਨ ਹੈ, ਪੰਜਾਬੀ ਅਤੇ ਸਿੱਖ ਉਸ ਉੱਤੇ ਮਾਣ ਕਰਦਾ ਹੈ ਤੇ ਉਸ ਨੂੰ ਆਪਣਾ ਸਮਝਦਾ ਹੈ।

ਸਭ ਤੋਂ ਵੱਡਾ ਅੜਿੱਕਾ ਇਹ ਹੈ ਕਿ ਜਿਸ ਦੇਸ ਤੋਂ ਵੱਖ ਹੋ ਕੇ ਖ਼ਾਲਿਸਤਾਨ ਬਣਾਉਣਾ ਹੈ, ਉਸ ਨਾਲ ਟਕਰਾਅ ਖ਼ਾਲਿਸਤਾਨ ਦਾ ਨੀਂਹ ਪੱਥਰ ਹੈ। ਸਪਸ਼ਟ ਹੈ ਕਿ ਖ਼ਾਲਿਸਤਾਨ ਲਈ ਭਾਰਤੀ ਫ਼ੌਜ ਤੋਂ ਵੱਡੀ ਫ਼ੌਜ ਰੱਖਣੀ ਪਵੇਗੀ। ਪੰਜਾਬ ਦਾ ਰੇਲਵੇ ਸਿਸਟਮ ਸ਼ੰਭੂ ਤੱਕ ਰਹੇਗਾ। ਆਰਥਿਕਤਾ ਗਲੋਬਲ ਵਰਤਾਰਾ ਹੈ; ਦੇਸ–ਵਿਦੇਸ਼ ਦਾ ਕੋਈ ਖ਼ਾਲਿਸਤਾਨੀ ਆਪਣੇ ਆਰਥਿਕ ਮਾਡਲ ਦਾ ਚਾਰਟ ਬਣਾ ਕੇ ਦੇ ਦੇਵੇ ਪਰ ਭਾਰਤੀ ਫ਼ੌਜ ਤੋਂ ਵੱਡੀ ਫ਼ੌਜ, ਫ਼ੌਜੀ ਸਾਜ਼ੋ–ਸਮਾਨ, ਟੈਂਕ, ਲੜਾਕੂ ਹਵਾਈ ਜਹਾਜ਼ ਆਦਿ ਦੀ ਸਾਂਭ–ਸੰਭਾਲ ਦਾ ਖ਼ਰਚਾ ਪੂਰਾ ਕਰਨ ਵਾਲਾ ਆਰਥਿਕ ਮਾਡਲ ਹੋਣਾ ਚਾਹੀਦਾ ਹੈ। ਯਾਦ ਰਹੇ, ਇਸ ਫ਼ੌਜੀ ਅਤੇ ਆਰਥਿਕ ਪੱਖ ਨੂੰ ਡਾ. ਜਗਜੀਤ ਸਿੰਘ ਚੌਹਾਨ ਨੇ ਵੀ 16 ਜੂਨ 1980 ਦੇ ਆਪਣੇ ਐਲਾਨੇ ਖ਼ਾਲਿਸਤਾਨ ਦੇ ਖ਼ਾਕੇ ਵਿੱਚ ਕਿਤੇ ਦਰਜ ਨਾ ਕੀਤਾ। ਪੰਜਾਬ ਤੋਂ ਜਾ ਕੇ ਵਿਦੇਸ਼ ਬੈਠ ਕੇ ਖ਼ਾਲਿਸਤਾਨ ਪੰਜਾਬ ਵਿੱਚ ਬਣਾਉਣਾ ਖ਼ੁਫ਼ੀਆ ਏਜੰਸੀਆਂ ਦੀ ਖੇਡ ਹੈ। ਵਿਦੇਸ਼ ਬੈਠੇ ਖ਼ਾਲਿਸਤਾਨੀਆਂ ਨੂੰ ਅਪੀਲ ਹੈ ਕਿ ਉਨ੍ਹਾਂ ਨੂੰ ਸੱਜੇ ਖੱਬੇ ਵਾਰ–ਵਾਰ ਦੇਖਣ– ਕੀ ਉਨ੍ਹਾਂ ਦੇ ਫ਼ੈਸਲੇ ਸੁਤੰਤਰ ਹਨ?

ਪੰਜਾਬ ਵਿੱਚ ਕਿਸੇ ਅਜਿਹੀ ਸਿਆਸੀ ਲੀਡਰਸ਼ਿਪ ਦਾ ਉੱਠਣਾ ਜ਼ਰੂਰੀ ਹੈ ਜਿਹੜੀ ਪੰਜਾਬ ਨੂੰ ਸਿੱਖਿਆ ਅਤੇ ਸਕਿੱਲ (ਹੁਨਰ) ਦੀ ਹੱਬ ਬਣਾ ਸਕੇ। ਭਾਰਤ ਹੀ ਨਹੀਂ, ਵਿਦੇਸ਼ਾਂ ਤੋਂ ਵੀ ਵਿਦਿਆਰਥੀ ਪੰਜਾਬ ਵਿਚ ਸਿੱਖਿਆ ਪ੍ਰਾਪਤ ਕਰਨ ਆਉਣ ਅਤੇ ਪੰਜਾਬ ਤੋਂ ਸਿੱਖਿਅਤ ਹੋ ਕੇ ਦੁਨੀਆ ਦੇ ਹਰ ਕੋਨੇ ਵਿੱਚ ਜਾ ਕੇ ਆਪਣੀ ਬੌਧਿਕਤਾ ਦਾ ਕਮਾਲ ਦਿਖਾਉਣ। ਪੁਰਾਣੇ ਸਮਿਆਂ ਦਾ ਭਾਰਤ ਦਾ ਤਕਸ਼ਿਲਾ ਵਿਸ਼ਵਵਿਦਿਆਲਾ ਅਣਵੰਡੇ ਪੰਜਾਬ ਵਿੱਚ ਹੀ ਤਾਂ ਸੀ। ਇਸ ਅਮਲ ਨਾਲ ਪੰਜਾਬੀ ਵੀ ਸਿੱਖਿਅਤ ਹੋ ਕੇ ਬਾਹਰ ਜਾ ਕੇ ਪੰਜਾਬ ਨੂੰ ਵਿਦੇਸ਼ੀ ਕਰੰਸੀ ਨਾਲ ਮਾਲਾਮਾਲ ਕਰ ਸਕਣਗੇ। ਜਦੋਂ ਪੰਜਾਬ ਦੀ ਆਰਥਿਕਤਾ ਹੈ ਹੀ ਖੇਤੀਬਾੜੀ ਉੱਤੇ ਆਧਾਰਿਤ, ਫਿਰ ਖੇਤੀ ਜਿਨਸਾਂ ਵਿੱਚ ਵੰਨ–ਸਵੰਨਤਾ ਅਤੇ ਹਰ ਵੰਨਗੀ ਲਈ ਮੁੱਲ–ਵਾਧੇ ਦੇ ਛੋਟੇ ਵੱਡੇ ਉਦਯੋਗ ਖੜ੍ਹੇ ਕਰਨੇ ਪੈਣਗੇ। ਇਉਂ ਸਿੱਖਿਆ ਅਤੇ ਖੇਤੀ ਖੇਤਰ ਪੰਜਾਬ ਵਿੱਚ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਵਿੱਚ ਸਹਾਈ ਹੋਣਗੇ।

ਨਵੀਂ ਲੀਡਰਸ਼ਿਪ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹਾਸਲ ਕਰੇ, ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਹੱਕਦਾਰੀ ਅਤੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਕਰੇ। ਪੰਜਾਬ ਰੰਗਲਾ ਤਾਂ ਹੀ ਬਣੇਗਾ ਜੇ ਨਸ਼ਾ ਮੁਕਤ ਹੋਵੇਗਾ। ਪੰਜਾਬ ਵਿੱਚ ਹਿੰਦੂਆਂ ਸਿੱਖਾਂ ਦੀ ਸਾਂਝ ਬਾਦਲਾਂ ਦੇ ਫਾਰਮੂਲੇ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਵੇਲਿਆਂ ਦੀ ਭਾਵਨਾ ਉੱਤੇ ਆਧਾਰਿਤ ਹੋਵੇ। ਨਵੀਂ ਲੀਡਰਸ਼ਿਪ ਨੂੰ ਨਵੀਂ ਪਾਰਟੀ ਵੀ ਬਣਾਉਣੀ ਪੈ ਜਾਵੇ, ਬਣਾ ਲਈ ਜਾਵੇ ਪਰ ਇਸ ਨਵੀਂ ਬਣੀ ਪਾਰਟੀ ਵਿੱਚੋਂ 'ਪੰਜਾਬ ਸਾਰਾ ਜਿਊਂਦਾ ਗੁਰਾਂ ਦੇ ਨਾਮ 'ਤੇ' ਵਾਲੀ ਝਲਕ ਹੀ ਨਹੀਂ, ਇਸ ਵਿਚਾਰ ਨਾਲ ਓਤ–ਪੋਤ ਹੋਣੀ ਚਾਹੀਦੀ ਹੈ। ਇਤਿਹਾਸਕ ਗੁਰਦੁਆਰਿਆਂ ਨੂੰ ਅੰਦਰੂਨੀ ਬਹਿਰੂਨੀ ਏਜੰਸੀਆਂ ਦੀ ਘੁਸਪੈਠ ਤੋਂ ਬਚਾਉਣਾ ਪਵੇਗਾ। ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰੈਡੀਕਲਾਂ ਦੇ ਕਬਜ਼ੇ ਵਿੱਚ ਜਾਣ ਤੋਂ ਰੋਕਣਾ, ਨਾਲ ਹੀ ਸਿਆਸਤ ਤੋਂ ਮੁਕਤ ਕਰਵਾ ਕੇ ਨਿਰੋਲ ਸਿੱਖੀ ਪ੍ਰਚਾਰ ਲਈ ਵਚਨਬੱਧ ਸ਼ਖ਼ਸੀਅਤਾਂ ਦੇ ਹੱਥਾਂ ਵਿੱਚ ਦੇਣਾ ਸੰਭਵ ਬਣਾਉਣਾ ਪਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲੀ ਆਗੂਆਂ ਦੇ ਕਿਰਦਾਰਾਂ ਵਿੱਚ ਗਿਰਾਵਟ ਦਰ ਗਿਰਾਵਟ ਰੋਕਣ ਵਿੱਚ ਅਸਫਲ ਹੈ ਅਤੇ ਅਸਫਲ ਰਹੇਗਾ। ਵਾਰ–ਵਾਰ ਗ਼ਲਤੀਆਂ ਕਰਨਾ, ਮੁਆਫ਼ੀਆਂ ਦੇਣਾ ਅਤੇ ਤਨਖ਼ਾਹਾਂ ਲਾਉਣ ਦੀ ਕਵਾਇਦ ਤੋਂ ਸਿੱਖਾਂ ਦੀ ਇਸ ਸਰਵਉੱਚ ਸੰਸਥਾ ਨੂੰ ਹੁਣ ਬਾਹਰ ਹੋ ਜਾਣਾ ਚਾਹੀਦਾ ਹੈ। ਇਨ੍ਹਾਂ ਆਦਤਨ ਗੁਨਾਹਗਾਰਾਂ ਨੂੰ ਕਿਹਾ ਜਾਵੇ ਕਿ ਇਹ ਆਪ ਹੀ ਸੇਵਾ ਕਰ ਕੇ ਆਪਣੀ ਸ਼ੁੱਧੀ ਕਰ ਲਿਆ ਕਰਨ। ਪੰਜਾਬ ਦੀ ਨਵ–ਉਸਾਰੀ ਲਈ ਰਚਨਾਤਮਕ ਏਜੰਡਾ ਹੀ ਖ਼ਾਲਿਸਤਾਨ ਦੀ ਮ੍ਰਿਗ ਤ੍ਰਿਸ਼ਨਾ ਦੂਰ ਕਰ ਸਕਦਾ ਹੈ।

ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਬਚ ਕੇ ਰਹਿਣਾ ਪਏਗਾ। ਇਨ੍ਹਾਂ ਤੋਂ ਏਜੰਸੀਆਂ ਅਜਿਹਾ ਕੁਝ ਲਾਜਿ ?ਮ ਕਰਵਾਉਣਗੀਆਂ ਜਿਸ ਨਾਲ ਪੰਜਾਬ ਅੱਸੀਵਿਆਂ ਨੂੰ ਦੁਹਰਾਉਣ ਵੱਲ ਧੱਕਿਆ ਜਾਵੇਗਾ। ਆਰਐੱਸਐੱਸ ਦੇ ਅਨੇਕ ਵਿੰਗ ਪੰਜਾਬ ਅੰਦਰ ਸਿੱਖੀ ਅਤੇ ਸਿੱਖਾਂ ਵਿਰੁੱਧ ਨਿਤ ਊਲ–ਜਲੂਲ ਬੋਲਦੇ ਹਨ; ਦੂਜੇ ਪਾਸੇ, ਨਿਹੰਗ ਬਾਣੇ ਵਿੱਚ ਮੋੜਵਾਂ ਜਵਾਬ ਦੇਣ ਵਾਲੇ ਪਹਿਲਾਂ ਹੀ ਤਿਆਰ ਹਨ। ਅਕਸਰ ਕੋਈ ਤਾਂ ਇਨ੍ਹਾਂ ਪਿੱਛੇ ਜ਼ਰੂਰ ਹੈ। ਸਰਕਾਰਾਂ ਦੀ ਨਾਲਾਇਕੀ ਕਾਰਨ ਪੰਜਾਬ ਬਾਰੂਦ ਦੇ ਢੇਰ ਉੱਤੇ ਲਿਆ ਖੜ੍ਹਾ ਕਰ ਦਿੱਤਾ ਹੈ। ਹਿੰਦੂ ਅਤੇ ਸਿੱਖ ਵੀਰਾਂ ਨੂੰ ਆਪੋ–ਆਪਣੇ ਖ਼ਰੂਦੀ ਤੱਤਾਂ ਵਿਰੁੱਧ ਖੁੱਲ੍ਹ ਕੇ ਆਵਾਜ਼ ਉਠਾਉਣੀ ਚਾਹੀਦੀ ਹੈ; ਵਰਨਾ ਬਾਰੂਦ ਦੇ ਢੇਰ ਨੂੰ ਪਲੀਤਾ ਕਦੇ ਵੀ ਲਾਇਆ ਜਾ ਸਕਦਾ ਹੈ।

## ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ 'ਮਿਸ਼ਨ ਨਿਸ਼ਚੇ' ਤਹਿਤ ਗੁਰਦਾਸਪੁਰ ਪੁਲਿਸ ਵੱਲੋਂ ਕ੍ਰਿਕਟ ਮੈਚ ਕਰਵਾਇਆ ਗਿਆ



**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ, ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਵੱਲੋਂ ਦਿੱਤੇ ਗਏ ਦਿਸ਼ਾ–ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪੁਲਿਸ ਗੁਰਦਾਸਪੁਰ ਵੱਲੋਂ ਆਮ ਜਨਤਾ ਤੇ ਖ਼ਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਬਾਹਰ ਕੱਢਣ ਲਈ 'ਮਿਸ਼ਨ ਨਿਸ਼ਚੇ' ਤਹਿਤ ਵਿਸ਼ੇਸ਼ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਨ੍ਹਾਂ ਜਾਗਰੂਕਤਾ ਪ੍ਰੋਗਰਾਮਾਂ ਦੀ ਲੜੀ ਤਹਿਤ ਸ੍ਰੀ ਦਾਯਮਾ ਹਰੀਸ਼ ਕੁਮਾਰ, ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਦੀ ਅਗਵਾਈ ਹੇਠ ਪੁਲਿਸ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਅੱਜ ਸਥਾਨਕ ਪੁਲਿਸ ਲਾਈਨ ਵਿਖੇ ਸਰਹੱਦੀ ਪਿੰਡਾਂ ਦੀਆਂ ਵਿਲੇਜ਼ ਡਿਫੈਂਸ ਕਮੇਟੀਆਂ ਦੀ ਸਾਂਝੀ ਟੀਮ ਅਤੇ ਪੁਲਿਸ ਵਿਭਾਗ ਦੀ ਟੀਮ ਦਰਮਿਆਨ ਇੱਕ ਕ੍ਰਿਕਟ ਮੈਚ ਕਰਵਾਇਆ ਗਿਆ। ਇਸ ਰੁਮਾਂਚਕ ਮੈਚ ਵਿੱਚ ਸਰਹੱਦੀ ਪਿੰਡਾਂ ਦੀ ਕ੍ਰਿਕੇਟ ਟੀਮ ਜੇਤੂ ਰਹੀ।

ਇਸ ਮੈਚ ਨੂੰ ਦੇਖਣ ਅਤੇ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਲਈ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਦਾਯਮਾ ਹਰੀਸ਼ ਕੁਮਾਰ ਅਤੇ ਹੋਰ ਪੁਲਿਸ ਅਧਿਕਾਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਸੰਬੋਧਿਤ ਹੁੰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਦਾਯਮਾ ਹਰੀਸ਼ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤਹਿਤ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਪੁਲਿਸ ਜਿੱਥੇ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ ਓਥੇ ਨੌਜਵਾਨਾਂ ਵਿੱਚ ਜਾਗਰੂਕਤਾ ਵੀ ਪੈਦਾ ਕੀਤੀ ਜਾ ਰਹੀ ਹੈ ਕਿ ਉਹ ਨਸ਼ਿਆਂ ਦੀ ਦਲ–ਦਲ ਵਿੱਚ ਨਾ ਫਸਣ। ਉਨ੍ਹਾਂ ਕਿਹਾ ਕਿ ਅੱਜ ਦਾ ਇਹ ਮੈਚ ਕਰਵਾਉਣ ਦਾ ਮਕਸਦ ਵੀ ਏਹੀ ਹੈ ਕਿ ਨੌਜਵਾਨ ਖੇਡਾਂ ਨਾਲ ਜੁੜਨ ਅਤੇ ਨਸ਼ਿਆਂ ਤੋਂ ਦੂਰ ਰਹਿਣ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਪੁਲਿਸ ਵੱਲੋਂ ਇਹ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ। ਇਸ ਦੌਰਾਨ ਐੱਸ.ਐੱਸ.ਪੀ. ਗੁਰਦਾਸਪੁਰ ਵੱਲੋਂ 'ਨਸ਼ਿਆਂ ਨੂੰ ਨਾਂਹ, ਪੰਜਾਬ ਨੂੰ ਹਾਂ' ਦਾ ਨਾਅਰਾ ਵੀ ਦਿੱਤਾ ਗਿਆ। ਕ੍ਰਿਕੇਟ ਮੈਚ ਦੀ ਜੇਤੂ ਟੀਮ ਅਤੇ ਰਨਰ ਅੱਪ ਟੀਮ ਨੂੰ ਟਰਾਫ਼ੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਵਿਲੇਜ਼ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਮੀਟਿੰਗ ਵੀ ਕੀਤੀ ਅਤੇ ਉਨ੍ਹਾਂ ਨੂੰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਸੂਚਨਾ ਪੁਲਿਸ ਨੂੰ ਦੇਣ ਸਬੰਧੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਸਮਾਜ ਦੇ ਹਰ ਵਰਗ ਦਾ ਸਹਿਯੋਗ ਲੈ ਕੇ ਨਸ਼ਿਆਂ ਦੀ ਲਾਹਨਤ ਨੂੰ ਸਖ਼ਤੀ ਨਾਲ ਖ਼ਤਮ ਕਰੇਗੀ।

## ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੀਆਂ ਸਕੀਮਾਂ ਦਾ ਵੱਧ ਤੋਂ ਵੱਧ ਕੀਤਾ ਜਾਵੇ ਪ੍ਰਚਾਰ: ਇਸ਼ਾ ਸਿੰਗਲ



**ਫਤਹਿਗੜ੍ਹ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਰੇ ਵਿਭਾਗ ਆਪਣੇ–ਆਪਣੇ ਅਧਿਕਾਰ ਖੇਤਰ ਵਿਚ ਆਉਂਦੀਆਂ ਰੋਜ਼ਗਾਰ ਅਤੇ ਸਵੈ–ਰੋਜ਼ਗਾਰ ਦੀਆਂ ਸਕੀਮਾਂ ਦਾ ਪ੍ਰਚਾਰ ਵੱਧ ਤੋਂ ਵੱਧ ਕਰਨ, ਤਾਂ ਜੋ ਲੋੜਵੰਦਾਂ ਨੂੰ ਇਨ੍ਹਾਂ ਦਾ ਲਾਹਾ ਦਿੱਤਾ ਜਾ ਸਕੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ, ਈਸ਼ਾ ਸਿੰਗਲ ਨੇ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਫਤਿਹਗੜ੍ਹ ਸਾਹਿਬ ਵਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਵਿਖੇ ਸੱਦੀ ਗਵਰਨਿੰਗ ਕਾਊਂਸਲ ਦੀ ਮੀਟਿੰਗ ਦੌਰਾਨ ਕੀਤਾ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਨੇ ਡੀ.ਬੀ.ਈ.ਈ. ਫਤਿਹਗੜ੍ਹ ਸਾਹਿਬ ਦੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦਾ ਜਾਇਜ਼ਾ ਲਿਆ ਗਿਆ। ਓਹਨਾ ਲਾਈਨ ਵਿਭਾਗਾਂ ਨੂੰ ਡੀ.ਬੀ.ਈ.ਈ. ਦੀਆਂ ਸਾਰੀਆਂ ਪਲੇਸਮੈਂਟ/ਸਵੈ–ਰੋਜ਼ਗਾਰ ਸਬੰਧੀ ਗਤੀਵਿਧੀਆਂ ਲਈ ਡੀ.ਬੀ.ਈ.ਈ. ਨੂੰ ਪੂਰਾ ਸਹਿਯੋਗ ਦੇਣ ਲਈ ਕਿਹਾ । ਇਸ ਦੇ ਨਾਲ ਹੀ ਡੀ.ਬੀ.ਈ.ਈ. ਫਤਿਹਗੜ੍ਹ ਸਾਹਿਬ ਵਿੱਚ ਪੀ.ਡੀ.ਓ.ਟੀ ਸੈਂਟਰ ਬਾਰੇ ਚਰਚਾ ਕੀਤੀ ਗਈ। ਐਨ ਏ ਪੀ ਐਸ ਦੀ ਸਮੀਖਿਆ ਸਬੰਧੀ ਅਤੇ ਜਿਲ੍ਹੇ ਵਿੱਚ ਚੱਲ ਰਹੇ ਸਕਿੱਲ ਸੈਂਟਰਾਂ ਬਾਰੇ ਚਰਚਾ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਵਲੋਂ ਜ਼ੋਰ ਦਿੰਦਿਆਂ ਕਿਹਾ ਗਿਆ, ਕਿ ਨੌਜਵਾਨਾਂ ਦੇ ਰੋਜ਼ਗਾਰ ਪ੍ਰਾਪਤੀ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ। ਇਸ ਮੀਟਿੰਗ ਵਿੱਚ ਹਰਪ੍ਰੀਤ ਸਿੰਘ ਸਿੱਧੂ, ਜਿਲ੍ਹਾ ਰੋਜ਼ਗਾਰ ਅਫਸਰ, ਜਗਦੀਸ਼ ਸਿੰਘ ਜਨਰਲ ਮੈਨੇਜਰ ਡੀ.ਆਈ.ਸੀ.. ਮੁਕੇਸ਼ ਕੁਮਾਰ ਸੈਣੀ, ਐਲ.ਡੀ.ਐਮ.. ਮੁਕੇਸ਼ ਕੁਮਾਰ ਪੀ.ਐਸ.ਡੀ.ਐਮ., ਜਸਵਿੰਦਰ ਸਿੰਘ ਪਲੇਸਮੈਂਟ ਅਫਸਰ, ਦੀਪਕ ਕੁਮਾਰ ਜਿਲ੍ਹਾ ਗਾਈਡੈਂਸ ਕਾਊਂਸਲਰ ਅਤੇ ਹੋਰ ਵਿਭਾਗ ਹੋਰ ਵੱਖ–ਵੱਖ ਵਿਭਾਗ ਆਰਸੈਟੀ, ਮੱਛੀ ਪਾਲਣ ਵਿਭਾਗ, ਪਸ਼ੂ ਪਾਲਣ ਵਿਭਾਗ, ਡੇਅਰੀ ਵਿਭਾਗ, ਐਸ.ਸੀ.ਐਫ.ਸੀ (ਅ/ਜ) ਵਿਭਾਗ, ਬੀ.ਸੀ. ਕਾਰਪੋਰੇਸ਼ਨ, ਆਈ.ਟੀ. ਆਈ. ਬਸੀ ਪਠਾਣਾ ਸ਼ਾਮਲ ਹੋਏ।

## ਗੁਰਦੁਆਰਾ ਜਨਮ ਅਸਥਾਨ ਸ਼ੇਰਗੜ੍ਹ ਚੀਮਾ ਵਿਖੇ ਹੋਮੋਪੈਥਿਕ ਚੈੱਕਅਪ ਕੈਂਪ ਲਗਾਇਆ

**ਸੰਦੌੜ 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਸਾਧੂ ਰਾਮ ਜੀ ਪਿੰਡ ਸ਼ੇਰਗੜ੍ਹ ਚੀਮਾ ਵਿਖੇ ਮੁੱਖ ਸੇਵਾਦਾਰ ਬਾਬਾ ਹਰਦੀਪਕ ਸਿੰਘ ਦੀ ਅਗਵਾਈ ਹੇਠ ਮਹੀਨਾਵਾਰ ਗੁਰਮਤਿ ਸਮਾਗਮ ਕਰਵਾਇਆ ਗਿਆ ਜਿਸ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਸੰਬੰਧੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਉਪਰੰਤ ਰਨਤਰਾਜ ਹੋਮੋਪੈਥਿਕ ਕਲੀਨਿਕ ਬਰਨਾਲਾ ਵੱਲੋਂ ਹੋਮੋਪੈਥਿਕ ਚੈੱਕਅਪ ਕੈਂਪ ਲਗਾਇਆ ਗਿਆ ਜਿਸ ਵਿੱਚ ਡਾ. ਦੀਕਸਾ ਗੁਪਤਾ ਵੱਲੋਂ ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ ਅਤੇ ਹਰ ਪ੍ਰਕਾਰ ਦੀਆਂ ਬਿਮਾਰੀਆਂ ਦੀ ਦਿਵਾਈ ਬਿਲਕੁਲ ਮੁਫਤ ਦਿੱਤੀ ਗਈ।ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਬਾਬਾ ਹਰਦੀਪਕ ਸਿੰਘ ਨੇ ਜਿਥੇ ਕਥਾ ਕੀਰਤਨ ਦੌਰਾਨ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ ਉਥੇ ਹੀ ਵੱਧ ਤੋਂ ਵੱਧ ਬੂਟੇ ਲਗਾਕੇ ਵਾਤਾਵਰਨ ਨੂੰ ਬਚਾਉਣ ਦੀ ਅਪੀਲ ਵੀ ਕੀਤੀ।ਇਸ ਮੌਕੇ ਆਈ ਸੰਗਤ ਦਾ ਧੰਨਵਾਦ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਸੇਵਾਦਾਰ ਡਾ.ਮਨਦੀਪ ਸਿੰਘ ਖੁਰਦ ਨੇ ਕੀਤਾ ਉਨਾਂ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਸ ਮੌਕੇ ਅਸਥਾਨ ਚੇਅਰਮੈਨ ਮਾਤਾ ਬਲਜਿੰਦਰ ਕੌਰ,ਡਾ.ਸਿਮਰਨਜੀਤ ਸਿੰਘ,ਬਾਬਾ ਨਿਰਮਲ ਸਿੰਘ ਰਛੀਨ ,ਭੋਲਾ ਸਿੰਘ, ਕੁਲਵੰਤ ਸਿੰਘ, ਗਗਨਦੀਪ ਸਿੰਘ ਜੇ ਈ,ਗੁਰਦੇਵ ਸਿੰਘ ਸਟੇਜ ਸਕੱਤਰ, ਤੋਂ ਇਲਾਵਾ ਸਮੂਹ ਸੰਤ ਸੇਵਕ ਜੱਥਾ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਐਸਐਸ ਆਹਲੂਵਾਲੀਆ ਨੇ ਪਟਿਆਲਾ ਹਲਕੇ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਦੀ ਕੀਤੀ ਸਮੀਖਿਆ



**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਐਸ.ਐਸ. ਆਹਲੂਵਾਲੀਆ ਵਲੋਂ ਅੱਜ ਪਟਿਆਲਾ ਹਲਕੇ ਅਧੀਨ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਚਲਾਏ ਜਾ ਰਹੇ 24 ਘੰਟੇ ਨਹਿਰੀ ਪਾਣੀ ਦੀ ਸਪਲਾਈ ਦੇ ਪ੍ਰੋਜੈਕਟ ਅਤੇ ਛੋਟੀ ਨਦੀ ਅਤੇ ਬੜੀ ਨਦੀ ਦੇ ਸੁੰਦਰੀਕਰਨ ਪ੍ਰੋਜੈਕਟਾਂ ਸਬੰਧੀ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਕੀਤੀ ਗਈ। ਉਨ੍ਹਾਂ ਵਲੋਂ ਚੱਲ ਰਹੇ ਪ੍ਰੋਜੈਕਟਾਂ ਦੀ ਭੌਤਿਕ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ।

ਡਾ. ਐਸ.ਐਸ. ਆਹਲੂਵਾਲੀਆ ਨੇ ਦੱਸਿਆ ਕਿ 24 ਘੰਟੇ ਨਹਿਰੀ ਪਾਣੀ ਦੀ ਸਪਲਾਈ ਦੇ ਪ੍ਰੋਜੈਕਟ ਦਾ ਕੰਮ 74 ਫੀਸਦੀ ਅਤੇ ਛੋਟੀ ਨਦੀ ਅਤੇ ਬੜੀ ਨਦੀ ਦੇ ਸੁੰਦਰੀਕਰਨ ਦੇ ਪ੍ਰੋਜੈਕਟ ਦਾ ਕੰਮ 75 ਫੀਸ਼ਦੀ ਪੂਰਾ ਹੋ ਚੁੱਕਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਮਾਰਚ 2025 ਤੱਕ ਇਨ੍ਹਾਂ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਵੀ ਦਿੱਤੇ।

ਡਾ. ਆਹਲੂਵਾਲੀਆ ਨੇ ਮਹਿਕਮੇ ਦੇ ਅਧਿਕਾਰੀਆਂ ਤੋਂ ਪਟਿਆਲਾ ਸ਼ਹਿਰ ਵਿੱਚ ਬਕਾਇਆ ਰਹਿੰਦੀ ਪਾਣੀ ਦੀ ਪਾਇਪ ਲਾਇਨ ਬਾਰੇ ਜਾਣਕਾਰੀ ਲਈ ਗਈ। ਇਸ ਦੌਰਾਨ ਉਨ੍ਹਾਂ ਨੇ ਪਾਇਪ ਲਾਇਨਾਂ ਪਾਉਣ ਸਮੇਂ ਸੜਕਾਂ ਦੀ ਖੁਦਾਈ ਸਬੰਧੀ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਇਸ ਮੌਕੇ ਉਤੇ ਟਾਇਲਾਂ ਦੀ ਸੜਕਾਂ ਦੀ ਰਿਪੇਅਰ ਕਰਨ ਵਾਲੀ ਕੰਪਨੀ ਐਲਐਂਡਟੀ ਨੂੰ ਬਕਾਇਆ ਰਹਿੰਦੇ ਕੰਮ ਨੂੰ 4 ਹਫ਼ਤਿਆਂ ਵਿੱਚ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਡਾ. ਆਹਲੂਵਾਲੀਆ ਨੇ ਛੋਟੀ ਨਦੀ ਅਤੇ ਬੜੀ ਨਦੀ ਦੇ ਪ੍ਰੋਜੈਕਟ ਸਬੰਧੀ ਜਾਇਜ਼ਾ ਲੈਂਦੇ ਹੋਏ ਪੁੱਡਾ, ਸੀਵਰੇਜ ਬੋਰਡ ਅਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਪ੍ਰੋਜੈਕਟ ਦੇ ਕੰਮ ਵਿੱਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਵਲੋਂ ਬੜੀ ਨਦੀ ਵਿੱਚ ਅਣਅਧਿਕਾਰਤ ਡੇਅਰੀਆਂ ਵਲੋਂ ਸੁੱਟੇ ਜਾ ਰਹੇ ਗੋਬਰ ਨੂੰ ਵੀ ਜਿਲ੍ਹਾ ਪ੍ਰਸ਼ਾਸਨ ਨਾਲ ਮਿਲਕੇ ਛੇਤੀ ਤੋਂ ਛੇਤੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਨੇ ਮਥੁਰਾ ਕਲੋਨੀ ਅਤੇ ਮਹਿੰਦਰਾ ਕਲੋਨੀ ਵਿੱਚ ਸੀਵਰੇਜ ਦੇ ਓਵਰਫਲੋਅ ਦੀ ਸਮੱਸਿਆ ਨੂੰ ਦੂਰ ਕਰਨ ਦੇ ਲਈ ਸੰਨੀ ਇਨਕਲੇਵ ਵਿੱਚ ਨਵੇਂ ਬਣ ਰਹੇ 26 ਐਮਐਲਡੀ ਐਸਟੀਪੀ ਨਾਲ ਜੋੜਨ ਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਹਿਰ ਦੇ ਨਾਲਿਆਂ ਦੀ ਤੁਰੰਤ ਸਫਾਈ ਕਰਵਾਉਣ ਦੇ ਹੁਕਮ ਵੀ ਜਾਰੀ ਕੀਤੇ ਤਾਂ ਜੋ ਬਰਸਾਤੀ ਮੌਸਮ ਵਿੱਚ ਲੋਕਾਂ ਨੂੰ ਮੁਸਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਡਾ. ਆਹਲੂਵਾਲੀਆ ਨੇ ਕਿਹਾ ਕਿ ਉਨ੍ਹਾਂ ਵਲੋਂ ਛੇਤੀ ਹੀ ਦੁਬਾਰਾ ਇਨ੍ਹਾਂ ਪ੍ਰੋਜੈਕਟਾਂ ਸਬੰਧੀ ਅਧਿਕਾਰੀਆਂ ਦੇ ਨਾਲ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਪੰਜਾਬ ਦੇ ਸਿਹਤ ਮੰਤਰੀ ਅਤੇ ਐਮਐਲਏ ਹਲਕਾ ਦਿਹਾਤੀ, ਪਟਿਆਲਾ ਡਾ. ਬਲਬੀਰ ਸਿੰਘ ਦੇ ਪ੍ਰਤੀਨਿਧੀ, ਐਮਐਲਏ ਹਲਕਾ ਸ਼ਹਿਰੀ ਪਟਿਆਲਾ ਸ੍ਰੀ ਅਜੀਤ ਪਾਲ ਸਿੰਘ ਕੋਹਲੀ ਦੇ ਪ੍ਰਤੀਨਿਧੀ, ਨਗਰ ਨਿਗਮ ਪਟਿਆਲਾ ਦੇ ਕਮਿਸ਼ਨਰ ਸ੍ਰੀ ਅਦਿਤਿਆ ਡਚਲਵਾਲ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਸੀਨੀਅਰ ਵਾਇਸ ਚੇਅਰਮੈਨ ਸ੍ਰੀ ਧਰਮਜੀਤ ਰੋਮਿਆਨਾ, ਵਾਇਸ ਚੇਅਰਮੈਨ ਸ੍ਰੀ ਸੁਭਾਸ਼ ਸ਼ਰਮਾਂ, ਡਾਇਰੈਕਟਰ ਸ੍ਰੀ ਸੇਵਕਪਾਲ ਸਿੰਘ, ਚੀਫ਼ ਇੰਜੀਨੀਅਰ ਸ੍ਰੀਮਤੀ ਰਾਜਵੰਤ ਕੌਰ, ਐਸਈ ਸ੍ਰੀ ਜੀਪੀ ਸਿੰਘ, ਐਸਈ ਸ੍ਰੀ ਹਰਕਰਨ ਸਿੰਘ, ਐਕਸੀਅਨ ਸ੍ਰੀ ਵਿਕਾਸ ਧਵਨ ਤੋਂ ਇਲਾਵਾ ਪਟਿਆਲਾ ਵਿਕਾਸ ਅਥਾਰਿਟੀ ਅਤੇ ਐਲਐਂਡਟੀ ਕੰਪਨੀ ਦੇ ਅਧਿਕਾਰੀ ਮੌਜੂਦ ਰਹੇ।

## ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਕੱਪੜਿਆਂ ਦੀ ਸਿਖਲਾਈ ਸਬੰਧੀ ਇੱਕ ਮਹੀਨੇ ਦਾ ਸਿਖਲਾਈ ਕੋਰਸ ਲਗਾਇਆ



**ਸ੍ਰੀ ਮੁਕਤਸਰ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਬੀਬੀਆਂ ਨੂੰ ਆਰਥਿਕ ਪੱਖੋਂ ਆਤਮ ਨਿਰਭਰ ਬਣਾਉਣ ਲਈ ਕੱਪੜਿਆਂ ਦੀ ਸਿਲਾਈ ਸਬੰਧੀ ਇੱਕ ਮਹੀਨੇ ਦਾ ਸਿਖਲਾਈ ਕੋਰਸ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸ਼੍ਰੀ ਮੁਕਤਸਰ ਸਾਹਿਬ ਵਿਖੇ ਲਗਾਇਆ ਗਿਆ। ਇਸ ਸਿਖਲਾਈ ਦੇ ਕੋਆਰਡੀਨੇਟਰ ਮੈਡਮ ਚਰਨਜੀਤ ਕੌਰ, ਡੈਮੋਂਸਟ੍ਰੇਟਰ (ਹੋਮ ਸਾਇੰਸ) ਨੇ ਦੱਸਿਆ ਕਿ ਇਹ ਸਿਖਲਾਈ ਕੋਰਸ 20 ਜੂਨ ਤੋਂ 25 ਜੁਲਾਈ 2024 ਤੱਕ ਲਗਾਇਆ ਗਿਆ ਅਤੇ ਇਸ ਵਿੱਚ ਸ਼੍ਰੀ ਮੁਕਤਸਰ ਸਾਹਿਬ ਸਮੇਤ ਸੰਗੂਧੌਣ, ਗੋਨੇਆਣਾ, ਭੁੱਲਰ, ਚੌਂਤਰਾ ਆਦਿ ਪਿੰਡਾਂ ਤੋਂ 20 ਕਿਸਾਨ ਬੀਬੀਆਂ ਨੇ ਭਾਗ ਲਿਆ। ਇਸ ਸਿਖਲਾਈ ਕੋਰਸ ਦੌਰਾਨ ਕਿਸਾਨ ਬੀਬੀਆਂ ਨੂੰ ਕੱਪੜਿਆਂ ਦੀ ਕਟਾਈ ਅਤੇ ਸਿਲਾਈ ਜਿਵੇਂ ਕਿ ਲੇਡੀਜ਼ ਸੂਟ, ਪਲਾਜ਼ੋ, ਬੱਚਿਆਂ ਦੀਆਂ ਫਰਾਕਾਂ, ਕੋਰਡ ਸੈੱਟ ਅਤੇ ਕੁੜਤੇ ਪਜਾਮੇ ਆਦਿ ਬਾਰੇ ਸਿਖਲਾਈ ਦਿੱਤੀ ਗਈ। ਇਸ ਦੇ ਨਾਲ—ਨਾਲ ਕੱਪੜਿਆਂ ਦੀ ਕਟਾਈ ਅਤੇ ਸਿਲਾਈ ਸਬੰਧੀ ਬਰੀਕੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਪੂਰੇ ਸਿਖਲਾਈ ਕੋਰਸ ਦੌਰਾਨ ਸਿਖਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸਿਖਲਾਈ ਦੀਆਂ ਬਰੀਕੀਆਂ ਵਿੱਚ ਨਿਪੁੰਨਤਾ ਹਾਸਲ ਕੀਤੀ। ਸਿਖਿਆਰਥੀਆਂ ਦੁਆਰਾ ਤਿਆਰ ਕੀਤੇ ਗਏ ਵੱਖ—ਵੱਖ ਆਰਟੀਕਲ ਜਿਵੇਂ ਕਿ ਫਰਾਕਾਂ, ਪਲਾਜ਼ੋ, ਸੂਟ, ਲੋਅਰ ਅਤੇ ਕੁੜਤੇ ਪਜਾਮੇ ਆਦਿ ਦੀ ਸਿਖਲਾਈ ਦੇ ਅਖੀਰਲੇ ਦਿਨ ਪਰਦਰਸ਼ਨੀ ਵੀ ਲਗਾਈ ਗਈ।

ਡਾ. ਕਰਮਜੀਤ ਸ਼ਰਮਾ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕੇ.ਵੀ.ਕੇ. ਸ਼੍ਰੀ ਮੁਕਤਸਰ ਸਾਹਿਬ ਨੇ ਸਿਲਾਈ ਨੂੰ ਰੁਜ਼ਗਾਰ ਵਜੋਂ ਅਪਨਾਉਣ ਲਈ ਉਤਸ਼ਾਹਿਤ ਕੀਤਾ ਤਾਂ ਕਿ ਉਹ ਆਪਣੇ ਪੈਰਾਂ ਸਿਰ ਖੜ੍ਹੇ ਹੋ ਸਕਣ ਅਤੇ ਆਪਣੇ ਪਰਿਵਾਰ ਦੀ ਆਮਦਨ ਵਿੱਚ ਵਾਧਾ ਕਰ ਸਕਣ।

ਇਸ ਦੇ ਨਾਲ ਹੀ ਉਹਨਾਂ ਪੀ.ਏ.ਯੂ. ਦੇ ਕ੍ਰਿਸ਼ੀ ਵਿਗਿਆਨ ਕੇਂਦਰ ਵਿੱਚ ਲੱਗਣ ਵਾਲੇ ਅਗਾਮੀ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਦਿੰਦਿਆਂ ਇਹਨਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਾ. ਵਿਵੇਕ ਕੁਮਾਰ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ), ਡਾ. ਵਿਵੇਕ ਸ਼ਰਮਾ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ), ਡਾ. ਗੁਰਵਿੰਦਰ ਸਿੰਘ, ਸਹਾਇਕ ਪ੍ਰੋਫੈਸਰ (ਪਸਾਰ ਸਿੱਖਿਆ) ਅਤੇ ਡਾ. ਮਨਜੀਤ ਕੌਰ, ਸਹਾਇਕ ਪ੍ਰੋਫੈਸਰ (ਭੂਮੀ ਵਿਗਿਆਨ) ਵੀ ਸਿਖਲਾਈ ਕੋਰਸ ਦੌਰਾਨ ਪੂਰਾ ਸਹਿਯੋਗ ਦਿਤਾ।

# ਸੁਪਰੀਮ ਕੋਰਟ ਵੱਲੋਂ ਸ਼ੰਭੂ ਸਰਹੱਦ ’ਤੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਨਿਰਦੇਸ਼



**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਅਤੇ ਸਰਕਾਰ ਦਰਮਿਆਨ ਭਰੋਸੇ ਦੀ ਘਾਟ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਪ੍ਰਦਰਸ਼ਨਕਾਰੀਆਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਕੱਢਣ ਲਈ ਉੱਘੇ ਵਿਅਕਤੀਆਂ ਦੀ ਸੁਤੰਤਰ ਕਮੇਟੀ ਦੇ ਗਠਨ ਦਾ ਪ੍ਰਸਤਾਵ ਦਿੱਤਾ ਹੈ। ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਕਿ ਇਸ ਲਈ ਇੱਕ ‘ਨਿਰਪੱਖ ਅੰਪਾਇਰ’ ਦੀ ਲੋੜ ਹੈ ਜੋ ਕਿਸਾਨਾਂ ਅਤੇ ਸਰਕਾਰ ਵਿਚਕਾਰ ਵਿਸ਼ਵਾਸ ਪੈਦਾ ਕਰ ਸਕੇ। ਬੈਂਚ ਨੇ ਕਿਹਾ, “ਸੁਤੰਤਰ ਕਮੇਟੀ ਤੋਂ ਇੱਕ ਹਫ਼ਤੇ ਦੇ ਅੰਦਰ ਢੁਕਵੇਂ ਨਿਰਦੇਸ਼ ਲਏ ਜਾਣ।” ਉਦੋਂ ਤੱਕ ਸ਼ੰਭੂ ਸਰਹੱਦ ’ਤੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖੀ ਜਾਵੇ। ਸਿਖਰਲੀ ਅਦਾਲਤ ਹਰਿਆਣਾ ਸਰਕਾਰ ਦੀ ਉਸ ਪਟੀਸ਼ਨ ‘ਤੇ ਸੁਣਵਾਈ ਕਰ ਰਹੀ ਸੀ, ਜਿਸ ਵਿਚ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ ਜਿਸ ਵਿਚ ਅੰਬਾਲਾ ਨੇੜੇ ਸ਼ੰਭੂ ਸਰਹੱਦ ‘ਤੇ ਲਗਾਏ ਗਏ ਬੈਰੀਕੇਡਾਂ ਨੂੰ ਇਕ ਹਫਤੇ ਦੇ ਅੰਦਰ-ਅੰਦਰ ਹਟਾਉਣ ਲਈ ਕਿਹਾ ਗਿਆ ਸੀ, ਜਿੱਥੇ ਕਿਸਾਨਾਂ ਨੇ 13 ਫਰਵਰੀ ਤੋਂ ਡੇਰੇ ਲਾਏ ਹੋਏ ਹਨ। ਕਿਸਾਨਾਂ ਦੀਆਂ ਮੰਗਾਂ ਦਾ ਹੱਲ ਲੱਭਣ ਲਈ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਵਿਸ਼ੇਸ਼ ਵਿਅਕਤੀਆਂ ਦੀ ਇਕ ਆਜ਼ਾਦ ਕਮੇਟੀ ਗਠਿਤ ਕਰਨ ਦਾ ਬੁੱਧਵਾਰ ਨੂੰ ਪ੍ਰਸਤਾਵ ਦਿੱਤਾ ਅਤੇ ਕਿਹਾ ਕਿ ਕਿਸਾਨਾਂ ਤੇ ਸਰਕਾਰ ਵਿਚਾਲੇ ਭਰੋਸੇ ਦੀ ਘਾਟ ਹੈ। ਜੱਜ ਸੂਰੀਆਕਾਂਤ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਇਕ ‘ਨਿਰਪੱਖ ਅੰਪਾਇਰ’ ਦੀ ਲੋੜ ਹੈ ਜੋ ਕਿਸਾਨਾਂ ਅਤੇ ਸਰਕਾਰਾਂ ਵਿਚਾਲੇ ਭਰੋਸਾ ਪੈਦਾ ਕਰ ਸਕੇ। ਬੈਂਚ ’ਚ ਜੱਜ ਦੀਪਾਂਕਰ ਦੱਤਾ ਅਤੇ ਜੱਜ ਉੱਜਲ ਭੂਈਆਂ ਵੀ ਸ਼ਾਮਲ ਰਹੇ।

# ਕੇਂਦਰੀ ਬਜਟ ’ਚ ਸੂਬਿਆਂ ਨਾਲ ਭੇਦਭਾਵ ਰੱਖਣ ’ਤੇ ਸੰਸਦ ਮੈਂਬਰਾਂ ਵੱਲੋਂ ਪ੍ਰਦਰਸ਼ਨ



**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

‘ਇੰਡੀਆ’ ਗੱਠਜੋੜ ਨਾਲ ਜੁੜੇ ਸੰਸਦ ਮੈਂਬਰਾਂ ਨੇ ਕੇਂਦਰੀ ਬਜਟ ਵਿੱਚ ਵਿਰੋਧੀ ਧਿਰ ਦੀ ਨੁਮਾਂਇਦਗੀ ਵਾਲੇ ਸੂਬਿਆਂ ਨਾਲ ਭੇਦਭਾਵ ਰੱਖਣ ਦਾ ਦੋਸ਼ ਲਾਉਂਦਿਆਂ ਸੰਸਦ ਭਵਨ ਦੇ ਬਰਾਮਦੇ ਵਿਚ ਪ੍ਰਦਰਸ਼ਨ ਕੀਤਾ। ਇਸ ਵਿਰੋਧ ਪ੍ਰਦਰਸ਼ਨ ਦੌਰਾਨ ਕਾਂਗਰਸ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਲੋਕ ਸਭਾ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਸਮੇਤ ਵਿਰੋਧੀ ਧਿਰ ਦੇ ਕਈ ਸੰਸਦ ਮੈਂਬਰ ਸ਼ਾਮਲ ਹੋਏ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿਸੇ ਨੂੰ ਇਨਸਾਫ਼ ਨਹੀਂ ਮਿਲਿਆ, ਨਾ ਹੀ ਬਿਹਾਰ ਅਤੇ ਆਂਧਰਾ ਪ੍ਰਦੇਸ ਨੂੰ ਵਿਸ਼ੇਸ਼ ਰਾਜ ਦਾ ਦਰਜਾ ਮਿਲਿਆ।

ਜ਼ਿਕਰਯੋਗ ਹੈ ਮੰਗਲਵਾਰ ਸ਼ਾਮ ਖੜਗੇ ਦੇ ਘਰ ਹੋਈ ਇੰਡੀਆ ਗੱਠਜੋੜ ਦੇ ਆਗੂਆਂ ਦੀ ਬੈਠਕ ਵਿਚ ਸੰਸਦ ਦੇ ਅੰਦਰ ਅਤੇ ਬਾਹਰ ਵਿਰੋਧ ਜਤਾਉਣ ਦਾ ਫੈਸਲਾ ਕੀਤਾ ਗਿਆ ਸੀ।

# ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਲੈਣ ਲਈ ਸਰਕਾਰ ’ਤੇ ਦਬਾਅ ਬਣਾਵਾਂਗੇ: ਰਾਹੁਲ ਗਾਂਧੀ

**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਕਿਸਾਨ ਆਗੂਆਂ ਦੇ ਇੱਕ ਵਫ਼ਦ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਿਹਾ ਕਿ ‘ਇੰਡੀਆ ਗੱਠਜੋੜ’ ਸਰਕਾਰ ਉੱਤੇ ਦਬਾਅ ਬਣਾਏਗਾ ਕਿ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਯਕੀਨੀ ਬਣਾਈ ਜਾਵੇ। ਸੰਸਦ ਭਵਨ ਕੰਪਲੈਕਸ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ ਅਤੇ ਕਰਨਾਟਕ ਦੇ ਕਿਸਾਨ ਆਗੂ ਰਾਹੁਲ ਗਾਂਧੀ ਨੂੰ ਮਿਲੇ ਅਤੇ ਵਫ਼ਦ ਨੇ ਗਾਂਧੀ ਨੂੰ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਗਾਂਧੀ ਨੇ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ, “ਅਸੀਂ ਇੰਡੀਆ ਗੱਠਜੋੜ ਦੇ ਨੇਤਾਵਾਂ ਨਾਲ ਗੱਲਬਾਤ ਕਰਾਂਗੇ ਅਤੇ ਸਰਕਾਰ ‘ਤੇ ਦਬਾਅ ਪਾਵਾਂਗੇ ਕਿ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਲਈ ਕਾਨੂੰਨੀ ਗਾਰੰਟੀ ਮਿਲੇ।” ਮੀਟਿੰਗ ਵਿੱਚ ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ, ਗੁਰਜੀਤ ਸਿੰਘ ਔਜਲਾ, ਧਰਮਵੀਰ ਗਾਂਧੀ, ਅਮਰ ਸਿੰਘ, ਦੀਪੇਂਦਰ ਸਿੰਘ ਹੁੱਡਾ ਅਤੇ ਜੈ ਪ੍ਰਕਾਸ਼ ਵੀ ਹਾਜ਼ਰ ਸਨ।

# ਸਾਡੇ ਕਿਸਾਨ ਬੇਇਨਸਾਫ਼ੀ ਦੇ ਨਹੀਂ ਸਨਮਾਨ ਦੇ ਹੱਕਦਾਰ: ਸੰਧਵਾਂ

## ਪ੍ਰਧਾਨ ਮੰਤਰੀ ਮੋਦੀ ਨੂੰ ਸ਼ੰਭੂ ਬਾਰਡਰ ਵਿਖੇ ਕਿਸਾਨ ਪ੍ਰਦਰਸ਼ਨ ਵਿੱਚ ਸ਼ਾਮਲ ਹਰਿਆਣਾ ਪੁਲਿਸ ਅਧਿਕਾਰੀਆਂ ਲਈ ਬਹਾਦਰੀ ਪੁਰਸਕਾਰ ਦੇਣ ਦੀ ਸਿ਼ਫਾਰਸ਼ ’ਤੇ ਮੁੜ ਵਿਚਾਰ ਕਰਨ ਦੀ ਅਪੀਲ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ੰਭੂ ਬਾਰਡਰ ’ਤੇ ਕਿਸਾਨਾਂ ਨੂੰ ਰੋਕਣ ਵਾਸਤੇ ਹਰਿਆਣਾ ਦੇ ਪੁਲਿਸ ਅਧਿਕਾਰੀਆਂ ਵੱਲੋਂ ਨਿਭਾਈ ਗਈ ਭੂਮਿਕਾ ਲਈ ਉਨ੍ਹਾਂ ਨੂੰ ਬਹਾਦਰੀ ਦੇ ਪੁਰਸਕਾਰਾਂ ਦੀ ਸਿ਼ਫ਼ਾਰਸ਼ ’ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਨੂੰ ਸ਼ੰਭੂ ਸਰਹੱਦ ’ਤੇ ਅੱਗੇ ਵਧਣ ਤੋਂ ਰੋਕਣ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਵਾਸਤੇ ਬਹਾਦਰੀ ਦੇ ਪੁਰਸਕਾਰਾਂ ਦੀ ਸਿਫ਼ਾਰਸ਼ ਸਬੰਧੀ ਫ਼ੈਸਲੇ ’ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਆਪਣੇ ਪੱਤਰ ਵਿੱਚ ਸੰਧਵਾਂ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ, ਮੈਂ ਹਰਿਆਣਾ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਵੱਲੋਂ ਹਾਲ ਹੀ ਵਿੱਚ ਸ਼ੰਭੂ ਬਾਰਡਰ ‘ਤੇ ਕਿਸਾਨਾਂ ਦੇ ਮਾਰਚ ਨੂੰ ਰੋਕਣ ਵਿੱਚ ਸ਼ਾਮਲ ਛੇ ਪੁਲਿਸ ਅਧਿਕਾਰੀਆਂ/ ਕਰਮਚਾਰੀਆਂ ਨੂੰ ਬਹਾਦਰੀ ਦੇ ਪੁਰਸਕਾਰ ਦੇਣ ਦੀ ਸਿਫ਼ਾਰਸ਼ ‘ਤੇ ਡੂੰਘੀ ਚਿੰਤਾ ਅਤੇ ਇਸ ਫ਼ੈਸਲੇ ਦੀ ਸਖ਼ਤ ਨਿੰਦਾ ਕਰਦਾ ਹਾਂ।

ਉਨ੍ਹਾਂ ਅੱਗੇ ਕਿਹਾ ਕਿ, ਹਾਲਾਂ ਕਿ ਮੈਂ ਸਾਡੀ ਪੁਲਿਸ ਫੋਰਸ ਦੀ ਬਹਾਦਰੀ ਅਤੇ ਸਮਰਪਣ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਇਹ ਮੰਨਦਾ ਹਾਂ ਕਿ ਉਨ੍ਹਾਂ ਵੱਲੋਂ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਲਈ ਮਾਣ-ਸਨਮਾਨ ਦੇਣਾ ਬਣਦਾ ਹੈ। ਪੰਜਾਬ ਵਿਧਾਨ ਸਭਾ ਸਪੀਕਰ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸ਼ੰਭੂ ਵਿਖੇ ਪੰਜਾਬ-ਹਰਿਆਣਾ ਸਰਹੱਦ ’ਤੇ ਬਣੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਪ੍ਰਧਾਨ ਮੰਤਰੀ ਨੂੰ ਹਰਿਆਣਾ ਸਰਕਾਰ ਦੇ ਇਸ ਮੰਦਭਾਗੇ ਫੈਸਲੇ ’ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਦਿਆਂ ਸ. ਸੰਧਵਾਂ ਨੇ ਕਿਹਾ ਕਿ ਭਾਰਤ ਦੀ ਸਰਵਉੱਚ ਸੰਵਿਧਾਨਕ ਅਥਾਰਟੀ ਹੋਣ ਦੇ ਨਾਤੇ ਮੈਂ ਤੁਹਾਨੂੰ ਇਸ ਸਿਫਾਰਿਸ਼ ’ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਦਾ ਹਾਂ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤਾਂ ਵਿੱਚ ਸਾਡੇ ਲਈ ਲੋਕਤੰਤਰ, ਨਿਆਂ ਅਤੇ ਮਨੁੱਖੀ ਸਿਧਾਂਤਾਂ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੇ ਕਿਸਾਨਾਂ ਵੱਲੋਂ ਪਾਏ ਜਾਂਦੇ ਯੋਗਦਾਨ ਲਈ ਉਹ ਮਾਣ-ਸਨਮਾਨ ਦੇ ਹੱਕਦਾਰ ਹਨ, ਇਸ ਲਈ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਬੇਰੁਖ਼ੀ ਅਤੇ ਬੇਇਨਸਾਫ਼ੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹੀਦ ਸ਼ੁਭਕਰਨ ਅਤੇ ਹੋਰ ਕਿਸਾਨ-ਮਜ਼ਦੂਰਾਂ, ਜਿਨ੍ਹਾਂ ਨੂੰ ਇਸ ਪ੍ਰਦਰਸ਼ਨ ਦੌਰਾਨ ਸੰਤਾਪ ਝੱਲਣਾ ਪਿਆ, ਲਈ ਨਿਆਂ ਨੂੰ ਯਕੀਨੀ ਬਣਾਈਏ।

# ਪ੍ਰੋ. ਪਰਮਵੀਰ ਸਿੰਘ ਨੇ ਪੰਜਾਬੀ ਯੂਨਵਿਰਸਿਟੀ ਦੇ ਸੂਫ਼ੀ ਸੈਂਟਰ ਵਿਖੇ ਡਾਇਰੈਕਟਰ ਦਾ ਅਹੁਦਾ ਸੰਭਾਲਿਆ



**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਬਾਬਾ ਫ਼ਰੀਦ ਸੈਂਟਰ ਫ਼ਾਰ ਸੂਫ਼ੀ ਸਟੱਡੀਜ਼ ਦੇ ਡਾਇਰੈਕਰ ਵਜੋਂ ਤਾਇਨਾਤ ਕੀਤੇ ਪ੍ਰੋ. ਪਰਮਵੀਰ ਸਿੰਘ ਨੇ ਆਪਣਾ ਅਹੁਦਾ ਸੰਭਾਲ਼ ਲਿਆ ਹੈ। ਯੂਨੀਵਰਸਿਟੀ ਦੇ ਪ੍ਰੋ. ਹਰਬੰਸ ਸਿੰਘ ਸਿੱਖ ਧਰਮ ਵਿਸ਼ਵਕੋਸ਼ ਵਿਭਾਗ ਵਿੱਚ ਪ੍ਰੋਫ਼ੈਸਰ ਵਜੋਂ ਕਾਰਜਸ਼ੀਲ ਡਾ. ਪਰਮਵੀਰ ਸਿੰਘ ਦੇ ਅਹੁਦਾ ਸੰਭਾਲਣ ਸਮੇਂ ਡੀਨ ਅਕਾਦਮਿਕ ਮਾਮਲੇ ਅਤੇ ਕਾਰਜਕਾਰੀ ਪ੍ਰੋ. ਏ. ਕੇ. ਤਿਵਾੜੀ ਸਮੇਤ ਹੋਰ ਅਧਿਕਾਰੀ ਅਤੇ ਅਧਿਆਪਕ ਵੀ ਹਾਜ਼ਰ ਰਹੇ।

ਪ੍ਰੋ. ਏ. ਕੇ. ਤਿਵਾੜੀ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਉਮੀਦ ਪ੍ਰਗਟਾਈ ਕਿ ਪ੍ਰੋ. ਪਰਮਵੀਰ ਸਿੰਘ ਦੀ ਅਗਵਾਈ ਵਿੱਚ ਸੂਫ਼ੀ ਸੈਂਟਰ ਦੀਆਂ ਅਕਾਦਮਿਕ ਸਰਗਰਮੀਆਂ ਵਿੱਚ ਵਾਧਾ ਹੋਵੇਗਾ ਜਿਸ ਨਾਲ਼ ਅਕਾਦਮਿਕ ਖੇਤਰ ਨੂੰ ਲਾਭ ਪਹੁੰਚੇਗਾ।

ਇਸ ਮੌਕੇ ਹਾਜ਼ਰ ਡਾ. ਜਸਬੀਰ ਕੌਰ ਨੇ ਕਿਹਾ ਕਿ ਪ੍ਰੋ. ਪਰਮਵੀਰ ਆਪਣੀਆਂ ਗਤੀਵਿਧੀਆਂ ਰਾਹੀਂ ਸੂਫ਼ੀ ਗਿਆਨ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਮਿਸ਼ਨ ਵਿੱਚ ਸੈਂਟਰ ਨੂੰ ਵੱਡੀਆਂ ਪ੍ਰਾਪਤੀਆਂ ਵੱਲ ਲਿਜਾਣਗੇ।

ਇਸ ਮੌਕੇ ਹਾਜ਼ਰ ਡਾ. ਮੁਹੰਮਦ ਇਦਰੀਸ, ਡਾ. ਮਲਕਿੰਦਰ ਸਿੰਘ, ਡਾ. ਕਸ਼ਮੀਰ ਸਿੰਘ ਵੱਲੋਂ ਵੀ ਉਨ੍ਹਾਂ ਨੂੰ ਵਧਾਈ ਦਿੱਤੀ ਗਈ।

# ਪੰਜਾਬ ਸਰਕਾਰ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧ: ਲਾਲ ਚੰਦ ਕਟਾਰੂਚੱਕ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਥਿਤ ਜੰਗਲਾਤ ਕੰਪਲੈਕਸ ਵਿਖੇ ਜੰਗਲਾਤ ਵਿਭਾਗ ਨਾਲ ਸਬੰਧਿਤ ਵੱਖ-ਵੱਖ ਯੂਨੀਅਨਾਂ ਨਾਲ ਮੀਟਿੰਗਾਂ ਕੀਤੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਜ਼ਾਇਜ ਮੰਗਾਂ ਨੂੰ ਧਿਆਨਪੂਰਵਕ ਵਿਚਾਰਕੇ ਕੋਈ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਜ਼ੋਰਦਾਰ ਹੰਭਲੇ ਮਾਰੇ ਜਾ ਰਹੇ ਹਨ ਅਤੇ ਇਸ ਮਕਸਦ ਲਈ ਸੂਬੇ ਦੇ ਇਕ ਇਕ ਮੁਲਾਜ਼ਮ ਦਾ ਯੋਗਦਾਨ ਅਹਿਮ ਹੈ। ਉਨ੍ਹਾਂ ਜਥੇਬੰਦੀਆਂ ਦੇ ਆਗੂਆਂ ਨੂੰ ਇਮਾਨਦਾਰੀ ਅਤੇ ਜੀ-ਜਾਨ ਨਾਲ ਸੂਬੇ ਨੂੰ ਤਰੱਕੀ ਦੇ ਰਾਹ ਉੱਤੇ ਲਿਜਾਣ ਲਈ ਪ੍ਰੇਰਿਤ ਕੀਤਾ। ਜੰਗਲਾਤ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਸੂਬਾ ਸਰਕਾਰ ਦਾ ਬੇਹੱਦ ਸਖ਼ਤ ਰੁਖ ਹੈ ਅਤੇ ਕਿਸੇ ਵੀ ਭ੍ਰਿਸ਼ਟ ਮੁਲਾਜ਼ਮ ਜਾਂ ਅਫਸਰ ਨੂੰ ਕਿਸੇ ਵੀ ਕੀਮਤ ਉੱਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਮੌਨਸੂਨ ਦੇ ਸੀਜ਼ਨ ਵਿੱਚ ਜੰਗਲਾਤ ਵਿਭਾਗ ਦੇ ਸਾਰੇ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ ਕਿਉਂ ਕਿ ਇਨ੍ਹਾਂ ਦਿਨਾਂ ਵਿੱਚ ਸਾਰੇ ਸੂਬੇ ਵਿੱਚ ਬੂਟੇ ਲਾਉਣ ਦੀ ਮੁਹਿੰਮ ਵੱਡੇ ਪੱਧਰ ਉੱਤੇ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਮੁਹਿੰਮ ਨੂੰ ਹਰ ਮੁਲਾਜ਼ਮ ਕਾਮਯਾਬ ਕਰੇ।



# ਸੁਪਰੀਮ ਕੋਰਟ ਵੱਲੋਂ ਟ੍ਰਿਬਿਊਨਲਾਂ ਨੂੰ ਈ-ਕੋਰਟ ਪ੍ਰਾਜੈਕਟ ਹੇਠ ਲਿਆਉਣ ਤੋਂ ਇਨਕਾਰ

**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਟ੍ਰਿਬਿਊਨਲਾਂ ਨੂੰ ਈ-ਕੋਰਟਜ਼ ਪ੍ਰਾਜੈਕਟ ਅਧੀਨ ਲਿਆਉਣ ਦੀ ਮੰਗ ਕਰਦੀ ਪਟੀਸ਼ਨ ’ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ ਹੈ। ਇਸ ਪ੍ਰਾਜੈਕਟ ਦਾ ਮੁੱਖ ਮੰਤਵ ਦੇਸ਼ ਭਰ ਵਿਚ ਕੋਰਟਾਂ ਦੇ ਡਿਜੀਟਲ ਇਨਫਰਾਸਟ੍ਰਕਚਰ ਨੂੰ ਅਪਗ੍ਰੇਡ ਕਰਨਾ ਹੈ। ਜਨਹਿੱਤ ਪਟੀਸ਼ਨ ਵਿਚ ਕਿਹਾ ਗਿਆ ਕਿ ਆਰਮਡ ਫੋਰਸਿਜ਼ ਟ੍ਰਿਬਿਊਨਲ ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਜਿਹੀਆਂ ਨੀਮ-ਨਿਆਂਇਕ ਟ੍ਰਿਬਿਊਨਲਾਂ ਨੂੰ ਨੈਸ਼ਨਲ ਜੁਡੀਸ਼ੀਅਲ ਡੇਟਾ ਗਰਿੱਡ (ਐਨਜੇਡੀਜੀ) ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਐਨਜੇਡੀਜੀ ਈ-ਕੋਰਟ ਪ੍ਰਾਜੈਕਟ ਅਧੀਨ ਆਉਂਦਾ ਹੈ, ਜਿਸ ਦਾ ਕੰਮ ਦੇਸ਼ ਦੀ ਨਿਆਂਪਾਲਿਕਾ ਦੇ ਕੰਪਿਊਟਰੀਕਰਨ ਲਈ ਕੌਮੀ ਨੀਤੀ ਘੜਨਾ ਹੈ। ਇਸ ਦੀ ਫੰਡਿੰਗ ਤੇ ਨਿਗਰਾਨੀ ਕਾਨੂੰਨ ਮੰਤਰਾਲੇ ਦੇ ਨਿਆਂ ਵਿਭਾਗ ਵੱਲੋਂ ਕੀਤੀ ਜਾਂਦੀ ਹੈ। ਅਦਾਲਤ ਨੇ ਹਾਲਾਂਕਿ ਜਨਹਿਤ ਪਟੀਸ਼ਨਰ ਨੂੰ ਟ੍ਰਿਬਿਊਨਲਾਂ ਦੇ ਕੰਪਿਊਟਰੀਕਰਨ ਲਈ ਕੇਂਦਰ ਸਰਕਾਰ ਤੱਕ ਪਹੁੰਚ ਦੀ ਖੁੱਲ੍ਹ ਦੇ ਦਿੱਤੀ।

# ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਤਹਿਤ ਨਗਰ ਕੌਂਸਲ ਦੇ ਕੰਮਾਂ ਵੱਲੋਂ ਕਰਵਾਏ ਵਿਕਾਸ ਕਾਰਜਾਂ ਦੀ ਹੋਈ ਪੜਤਾਲ

**ਸ੍ਰੀ ਅਨੰਦਪੁਰ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਰੂਪਨਗਰ ਵੱਲੋ ਜਾਰੀ ਦਿਸ਼ਾ ਨਿਰਦੇਸ਼ਾ ਅਨੁਸਾਰ ਨਗਰ ਕੌਸਲ ਸ੍ਰੀ ਅਨੰਦਪੁਰ ਸਾਹਿਬ ਤੇ ਨਗਰ ਪੰਚਾਇਤ ਕੀਰਤਪੁਰ ਸਾਹਿਬ ਵੱਲੋਂ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਤਹਿਤ ਕਰਵਾਏ ਕੰਮਾਂ ਦੀ ਵਿਸ਼ੇਸ਼ ਪੜਤਾਲ ਕੀਤੀ ਗਈ।

ਅਨਮਜੋਤ ਕੌਰ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ ਦੋਵੇਂ ਨਗਰਾਂ ਵਿਚ ਹੋਏ ਵੱਖ ਵੱਖ ਵਿਕਾਸ ਦੇ ਕੰਮਾਂ ਦੀ ਪੜਤਾਲ ਕੀਤੀ। ਸ੍ਰੀ ਅਨੰਦਪੁਰ ਸਾਹਿਬ ਨਗਰ ਕੌਸਲ ਅਧੀਨ ਕੀਤੀ ਪੜਤਾਲ ਦੌਰਾਨ ਉਨ੍ਹਾਂ ਦੇ ਨਾਲ ਹਰਬਖਸ਼ ਸਿੰਘ ਕਾਰਜ ਸਾਧਕ ਅਫ਼ਸਰ, ਰਾਕੇਸ਼ ਕੁਮਾਰ ਜੇ.ਈ, ਭੁਪਿੰਦਰ ਸਿੰਘ ਸਹਾਇਕ ਮਿਊਸੀਪਲ ਇੰਜੀਨੀਅਰ, ਅਮਰੀਕ ਸਿੰਘ ਸੁਪਰਡੈਂਟ ਵੀ ਮੋਜੂਦ ਸਨ। ਇਸ ਪੜਤਾਲ ਦੌਰਾਨ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ 1,2,3 ਤਹਿਤ ਵਾਟਰ ਸਪਲਾਈ ਅਤੇ ਸੀਵਰੇਜ, ਬਿਜਲੀ/ਸਟਰੀਟ ਲਾਈਟਾਂ ਆਦਿ ਕੰਮਾਂ ਦੀ ਪੜਤਾਲ ਕੀਤੀ ਗਈ।

ਇਸ ਬਾਰੇ ਹੋਰ ਵਧੇਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਅਦਾਰਿਆਂ ਅਧੀਨ ਆਉਦੇ ਇਲਾਕਿਆਂ ਵਿੱਚ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੀ ਸਮੇਂ ਸਮੇਂ ਤੇ ਪੜਤਾਲ ਕੀਤੀ ਜਾਂਦੀ ਹੈ, ਅਜਿਹਾ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆ ਬੁਨਿਆਦੀ ਸਹੂਲਤਾਂ ਦਾ ਮਿਆਰ ਚੈਕ ਕਰਨ ਦੇ ਮੰਤਵ ਨਾਲ ਕੀਤਾ ਜਾਂਦਾ ਹੈ। ਸਰਕਾਰ ਵੱਲੋਂ ਨਿਰਧਾਰਤ ਮਾਪਦੰਢ ਅਪਨਾ ਕੇ ਹੀ ਵਿਕਾਸ ਦੇ ਕੰਮ ਕਰਵਾਏ ਜਾਂਦੇ ਹਨ, ਇਸ ਦੀ ਰਿਪੋਰਟ ਡਿਪਟੀ ਕਮਿਸ਼ਨਰ ਨੂੰ ਭੇਜ ਦਿੱਤੀ ਜਾਵੇਗੀ।

# ਪੀ.ਐਸ.ਪੀ.ਸੀ.ਐਲ. ਦੇ ਐਚ.ਆਰ.ਡੀ. ਵਿੰਗ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਦੀ ਕੀਤੀ ਸ਼ੁਰੂਆਤ

**ਪਟਿਆਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦੇ ਮਨੁੱਖੀ ਸਰੋਤ ਵਿਕਾਸ (ਐਚ.ਆਰ.ਡੀ.) ਵਿੰਗ ਨੇ ਅੱਜ ਪਟਿਆਲਾ ਵਿਖੇ ਤਕਨੀਕੀ ਸਿਖਲਾਈ ਸੰਸਥਾਨ (ਟੀ.ਟੀ.ਆਈ.) ਦੇ ਏ.ਈ. ਹੋਸਟਲ ਵਿਖੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ। ਪੀ.ਐਸ.ਪੀ.ਸੀ.ਐਲ. ਦੀ ਵਾਤਾਵਰਣ ਸਥਿਰਤਾ ਪ੍ਰਤੀ ਚੱਲ ਰਹੀ ਵਚਨਬੱਧਤਾ ਦੇ ਹਿੱਸੇ ਵਜੋਂ ਇਸ ਪਹਿਲਕਦਮੀ ਵਿੱਚ 255 ਰੁੱਖ ਲਗਾਏ ਗਏ, ਜਿਨ੍ਹਾਂ ਵਿੱਚ ਛਾਂ, ਫੁੱਲਾਂ ਵਾਲੇ, ਫਲਦਾਰ ਅਤੇ ਸਜਾਵਟੀ ਕਿਸਮਾਂ ਸ਼ਾਮਲ ਸਨ।

ਇੰਜੀ. ਆਰ.ਐਸ. ਸੈਣੀ, ਡਾਇਰੈਕਟਰ ਮਨੁੱਖੀ ਸਰੋਤ (ਐਚ.ਆਰ.), ਨੇ ਇੰਜੀ. ਇੰਦਰਜੀਤ ਸਿੰਘ, ਮੁੱਖਇੰਜੀਨੀਅਰ/ਐਚ.ਆਰ.ਡੀ., ਦੇ ਨਾਲ-ਨਾਲ ਹੋਰ ਅਧਿਕਾਰੀਆਂ ਅਤੇ ਸਟਾਫ ਮੈਂਬਰਾਂ ਦੇ ਨਾਲ ਇਸ ਮੁਹਿੰਮ ਦੀ ਅਗਵਾਈ ਕੀਤੀ। ਇਹ ਸਮਾਗਮ ਪੀ.ਐਸ.ਪੀ.ਸੀ.ਐਲ. ਦੇ ਸੀ.ਐਮ.ਡੀ. ਇੰਜੀ. ਬਲਦੇਵ ਐਸ. ਸਰਾਂ ਦੁਆਰਾ ਕੀਤੇ ਜਾ ਰਹੇ ਹਰਿਆਵਲ ਪਹਿਲਕਦਮੀਆਂ ਪ੍ਰਤੀ ਸਮਰਪਣ ਨੂੰ ਉਜਾਗਰ ਕਰਦਾ ਹੈ।

ਸਮਾਗਮ ਦੀ ਮਹੱਤਤਾ ’ਤੇ ਜ਼ੋਰ ਦਿੰਦੇ ਹੋਏ, ਇੰਜੀ. ਆਰ.ਐਸ. ਸੈਣੀ ਨੇ ਕਿਹਾ, ÷ਇਹ ਰੁੱਖ ਲਗਾਉਣ ਦੀ ਮੁਹਿੰਮ ਵਾਤਾਵਰਣ ਸੰਭਾਲ ਪ੍ਰਤੀ ਪੀ.ਐਸ.ਪੀ.ਸੀ.ਐਲ. ਦੀ ਵਚਨਬੱਧਤਾ ਦਾ ਸਬੂਤ ਹੈ। ਅਸੀਂ ਸਿਰਫ਼ ਘਰਾਂ ਨੂੰ ਰੌਸ਼ਨ ਨਹੀਂ ਕਰ ਰਹੇ; ਅਸੀਂ ਕੁਦਰਤ ਦੀ ਪਾਲਣਾ ਕਰ ਰਹੇ ਹਾਂ।

ਇੰਜੀ. ਸੈਣੀ ਨੇ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਸ਼ਾਮਲ ਕਾਮਿਆਂ ਦੀ ਵੀ ਸ਼ਲਾਘਾ ਕੀਤੀ, ਅਤੇ ਉਨ੍ਹਾਂ ਦੇ ਸਮਰਪਣ ਅਤੇ ਮਿਹਨਤ ਦੀ ਕਦਰ ਵਜੋਂ ਮਿਠਾਈਆਂ ਵੰਡੀਆਂ।

ਲਗਾਏ ਗਏ ਰੁੱਖਾਂ ਦੀ ਵਿਭਿੰਨ ਕਿਸਮ ਨਾ ਸਿਰਫ਼ ਟੀ.ਟੀ.ਆਈ. ਕੈਂਪਸ ਦੀ ਸੁੰਦਰਤਾ ਨੂੰ ਵਧਾਏਗੀ, ਬਲਕਿ ਇਲਾਕੇ ਵਿੱਚ ਹਵਾ ਦੀ ਗੁਣਵੱਤਾ ਅਤੇ ਜੈਵ-ਵਿਭਿੰਨਤਾ ਵਿੱਚ ਸੁਧਾਰ ਵਿੱਚ ਵੀ ਯੋਗਦਾਨ ਪਾਵੇਗੀ। ਪੀ.ਐਸ.ਪੀ.ਸੀ. ਐਲ. ਪੰਜਾਬ ਲਈ ਇੱਕ ਵਧੇਰੇ ਟਿਕਾਊ ਅਤੇ ਵਾਤਾਵਰਣ ਅਨੁਕੂਲ ਭਵਿੱਖ ਬਣਾਉਣ ਦੇ ਉਦੇਸ਼ ਨਾਲ ਅਜਿਹੀਆਂ ਹਰੀਆਂ ਪਹਿਲਕਦਮੀਆਂ ਪ੍ਰਤੀ ਵਚਨਬੱਧ ਰਹਿੰਦਾ ਹੈ।

# ਕਾਠਮੰਡੂ ਹਵਾਈ ਅੱਡੇ ’ਤੇ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ 18 ਹਲਾਕ



**ਕਾਠਮੰਡੂ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ ’ਤੇ 19 ਵਿਅਕਤੀਆਂ ਨੂੰ ਲਿਜਾ ਰਿਹਾ ਨਿੱਜੀ ਏਅਰਲਾਈਨਜ਼ ਦਾ ਜਹਾਜ਼ ਉਡਾਣ ਭਰਨ ਮੌਕੇ ਦੁਰਘਟਨਾਗ੍ਰਸਤ ਹੋ ਗਿਆ। ਹਵਾਈ ਅੱਡੇ ਤੇ ਤੈਨਾਤ ਸੁਰੱਖਿਆ ਅਧਿਕਾਰੀ ਨੇ ਪੀਟੀਆਈ ਨੂੰ ਦੱਸਿਆ ਕਿ ਜਹਾਜ਼ ਨੂੰ ਅੱਗ ਲੱਗ ਗਈ ਸੀ ਜੋ ਕਿ ਬੁਝਾ ਦਿੱਤੀ ਗਈ ਹੈ ਅਤੇ ਪਾਇਲਟ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਤਾਜ਼ਾ ਵੇਰਵਿਆਂ ਅਨੁਸਾਰ ਹਾਦਸੇ ਵਿਚ ਹੁਣ ਤੱਕ 18 ਵਿਅਕਤੀਆਂ ਦੀ ਮੌਤ ਹੋ ਗਈ ਹੈ।

ਰਾਇਟਰਜ਼ ਖ਼ਬਰ ਏਜੰਸੀ ਵੱਲੋਂ ਜਾਰੀ ਵੇਰਵਿਆਂ ਅਨੁਸਾਰ ਜਹਾਜ਼ ਉਡਾਣ ਭਰਨ ਮੌਕੇ ਰਨਵੇਅ ਤੋਂ ਖ਼ਿਸਕ ਗਿਆ ਸੀ, ਜਿਸ ਕਾਰਨ ਜਹਾਜ਼ ਨੂੰ ਅੱਗ ਲੱਗ ਗਈ।

# ਨਿਰਮਲਾ ਸੀਤਾਰਮਨ ਨੇ ਬਜਟ ’ਤੇ ਕਾਂਗਰਸ ਨੂੰ ਘੇਰਿਆ

**ਨਵੀਂ ਦਿੱਲੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਬਜਟ ਵਿੱਚ ਵਿਤਕਰੇ ਦੇ ਦੋਸ਼ਾਂ ਦੇ ਪਹਿਲੇ ਪ੍ਰਤੀਕਰਮ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਾਂਗਰਸ ਨੂੰ ਇਹ ਖੁਲਾਸਾ ਕਰਨ ਦੀ ਚੁਣੌਤੀ ਦਿੱਤੀ ਕਿ ਕੀ ਉਸ ਨੇ ਆਪਣੇ ਵਿੱਤ ਮੰਤਰੀਆਂ ਦੁਆਰਾ ਪੇਸ਼ ਕੀਤੇ ਗਏ ਬਜਟਾਂ ਵਿੱਚ ਦੇਸ਼ ਦੇ ਹਰ ਰਾਜ ਦਾ ਜ਼ਿਕਰ ਕੀਤਾ ਹੈ।

ਵਿੱਤ ਮੰਤਰੀ ਨੇ ਰਾਜ ਸਭਾ ’ਚ ਕਿਹਾ, “ਇਹ ਇੱਕ ਘਿਨਾਉਣਾ ਇਲਜ਼ਾਮ ਹੈ, ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਜਾਣਬੁੱਝ ਕੇ ਲੋਕਾਂ ਨੂੰ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹੋਰ ਰਾਜਾਂ (ਆਂਧਰਾ ਪ੍ਰਦੇਸ਼ ਅਤੇ ਬਿਹਾਰ ਨੂੰ ਛੱਡ ਕੇ) ਨੂੰ ਕੁਝ ਨਹੀਂ ਮਿਲਿਆ ਹੈ।” ਉਨ੍ਹਾਂ ਕਿਹਾ ਕਿ ਮੈਂ ਕਾਂਗਰਸ ਨੂੰ ਚੁਣੌਤੀ ਦਿੰਦੀ ਹਾਂ ਕਿ ਉਨ੍ਹਾਂ ਨੇ ਬਹੁਤ ਸਾਰੇ ਬਜਟ ਪੇਸ਼ ਕੀਤੇ ਹਨ ਕੀ ਉਨ੍ਹਾਂ ਕਦੇ ਸਾਰੇ ਰਾਜਾਂ ਦਾ ਜ਼ਿਕਰ ਕੀਤਾ ਹੈ।

# ਪਾਪੂਆ ਨਿਊ ਗਿਨੀ ’ਚ ਸਮੂਹਿਕ ਕਤਲੇਆਮ, ਬੱਚਿਆਂ ਸਮੇਤ 26 ਲੋਕਾਂ ਦੀ ਮੌਤ

**ਸਿਡਨੀ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪਾਪੂਆ ਨਿਊ ਗਿਨੀ ਦੇ ਪੂਰਬੀ ਸੇਪਿਕ ਸੂਬੇ ’ਚ ਹੋਏ ਸਮੂਹਿਕ ਕਤਲੇਆਮ ’ਚ ਔਰਤਾਂ ਅਤੇ ਬੱਚਿਆਂ ਸਮੇਤ 26 ਲੋਕਾਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਨੇ ਬੁੱਧਵਾਰ ਨੂੰ ਦੱਸਿਆ ਕਿ ਪ੍ਰਾਂਤ ਦੇ ਅੰਗੋਰਾਮ ਖੇਤਰ ਵਿੱਚ ਸੇਪਿਕ ਨਦੀ ਨਾਲ ਸਥਿਤ ਤਾਮਾਰਾ, ਤਾਮਬਾਰੀ ਅਤੇ ਅਗਰੂਮਾਰਾ ਪਿੰਡਾਂ ਵਿੱਚ ਕਤਲ, ਬਲਾਤਕਾਰ ਅਤੇ ਜਾਇਦਾਦ ਨੂੰ ਸਾੜਨ ਦੀਆਂ ਘਟਨਾਵਾਂ ਵਾਪਰੀਆਂ। ਇਨ੍ਹਾਂ ਘਟਨਾਵਾਂ ਲਈ ਕਥਿਤ ਤੌਰ ’ਤੇ 30 ਤੋਂ ਵੱਧ ਸਥਾਨਕ ਨੌਜਵਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਇਨ੍ਹਾਂ ਵਿੱਚੋਂ ਪਹਿਲੀ ਹੱਤਿਆ 17 ਅਤੇ 18 ਜੁਲਾਈ ਦੇ ਵਿਚਕਾਰ ਤਾਮਾਰਾ ਵਿੱਚ ਹੋਈ, ਜਿਸ ਤੋਂ ਬਾਅਦ ਅਗਲੇ ਦਿਨ ਤਾਮਬਰੀ ਵਿੱਚ ਹੋਈ। ਅੰਗੋਰਾਮ ਦੇ ਸੰਸਦ ਮੈਂਬਰ ਸਾਲਿਓ ਵੇਪੋ ਨੇ ਮੀਡੀਆ ਨੂੰ ਦੱਸਿਆ ਕਿ ਸਮੂਹਿਕ ਕਤਲੇਆਮ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਘਟਨਾ ਜ਼ਮੀਨੀ ਵਿਵਾਦ ਨਾਲ ਸਬੰਧਤ ਸੀ। ਉਨ੍ਹਾਂ ਨੇ ਕਿਹਾ, ਅੰਗੋਰਾਮ ਜ਼ਿਲ੍ਹਾ ਵਿਕਾਸ ਅਥਾਰਟੀ ਮਦਦ ਭੇਜਣ ਤੋਂ ਪਹਿਲਾਂ ਹੱਤਿਆ ਦੇ ਖੇਤਰਾਂ ਨੂੰ ਖਾਲੀ ਕਰਨ ਲਈ ਪੁਲਸ ਜਾਂਚ ਦੀ ਉਡੀਕ ਕਰੇਗੀ। ਸ੍ਰੀ ਵੇਪੋ ਨੇ ਕਿਹਾ ਕਿ 33 ਸ਼ੱਕੀਆਂ ਦੀ ਪਛਾਣ ਕੀਤੀ ਗਈ ਹੈ ਅਤੇ ਇੱਕ ਪੁਲਸ ਟੀਮ ਵੀ ਤਾਇਨਾਤ ਕੀਤੀ ਗਈ ਹੈ।

ਉਨ੍ਹਾਂ ਨੇ ਪੀੜਤ ਪਰਿਵਾਰਾਂ ਨੂੰ ਸ਼ਾਂਤ ਰਹਿਣ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਨੂੰ ਸਹਾਇਤਾ ਲਈ ਤਾਇਨਾਤ ਪੁਲਿਸ ਅਧਿਕਾਰੀਆਂ ਦਾ ਸਹਿਯੋਗ ਕਰਨ ਲਈ ਕਿਹਾ।

# ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋਏ ਸੁਖਬੀਰ ਬਾਦਲ, ਸੌਂਪਿਆ ਲਿਫ਼ਾਫ਼ਾ ਬੰਦ ਜਵਾਬ

**ਅੰਮ੍ਰਿਤਸਰ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਪਹੁੰਚੇ ਹਨ। ਇਸ ਤੋਂ ਬਾਅਦ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਲਿਫਾਫਾ ਬੰਦ ਲਿਖਤੀ ਜਵਾਬ ਸੌਂਪਿਆ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਜਥੇਦਾਰ ਨੂੰ ਲਿਖਤੀ ਜਵਾਬ ਸੌਂਪਿਆ ਗਿਆ। ਉਨ੍ਹਾਂ ਕਿਹਾ ਕਿ ਹੁਣ ਅਗਲਾ ਫ਼ੈਸਲਾ ਸਿੰਘ ਸਾਹਿਬਾਨਾਂ ਨੇ ਆਪਣੇ ਵਿਚਾਰਾਂ ਤੋਂ ਬਾਅਦ ਕਰਨਗੇ। ਇਸ ਦੌਰਾਨ ਜਦੋਂ ਪੱਤਰਕਾਰਾਂ ਵਲੋਂ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਕੋਈ ਵੀ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ।



ਇਸ ਦੌਰਾਨ ਅਕਾਲੀ ਦਲ ਦੇ ਸੀਨੀਅਰ ਆਗੂ ਬੁਲਾਰੇ ਦਲਜੀਤ ਸਿੰਘ ਚੀਮਾ ਅਤੇ ਬਲਵਿੰਦਰ ਸਿੰਘ ਭੂੰਦੜ ਵੀ ਉਨ੍ਹਾਂ ਦੇ ਨਾਲ ਨਜ਼ਰ ਆਏ। ਇਥੇ ਇਹ ਵੀ ਦੱਸਣਯੋਗ ਹੈ ਕਿ ਮੰਗਲਵਾਰ ਸ਼ਾਮ ਸੁਖਬੀਰ ਬਾਦਲ ਨੇ ਅਕਾਲੀ ਦਲ ਦੀ ਕੋਰ ਕਮੇਟੀ ਨੂੰ ਭੰਗ ਕਰ ਦਿੱਤਾ ਸੀ।

**ਸੁਖਬੀਰ ਨੇ ਕਿਹਾ ਸੀ ਕਿ ਨਿਮਾਣੇ ਸਿੱਖ ਵਜੋਂ ਹੋਣਗੇ ਪੇਸ਼**

ਪੰਜ ਸਿੰਘ ਸਾਹਿਬਾਨਾਂ ਵਲੋਂ 15 ਦਿਨਾਂ ਵਿਚ ਸਪੱਸ਼ਟੀਕਰਨ ਮੰਗੇ ਜਾਣ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਸੀ ਕਿ ਉਹ ਇਕ ਸ਼ਰਧਾਵਾਨ ਅਤੇ ਨਿਮਾਣੇ ਸਿੱਖ ਵੱਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਨਤਮਸਤਕ ਹੋਣਗੇ। ਉਨ੍ਹਾਂ ਕਿਹਾ ਕਿ ਮੇਰਾ ਰੋਮ-ਰੋਮ ਅਤੇ ਸੁਆਸ-ਸੁਆਸ ਚਵਰ, ਛਤਰ, ਤਖ਼ਤ ਦੇ ਮਾਲਿਕ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਮੀਰੀ-ਪੀਰੀ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਸਮਰਪਿਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ, ਦਾਸ ਅਥਾਹ ਸ਼ਰਧਾ ਅਤੇ ਨਿਮਰਤਾ ਸਹਿਤ ਸਰਵਉੱਚ ਅਸਥਾਨ ’ਤੇ ਨਤਮਸਤਕ ਹੋਵੇਗਾ।

# ਪੌਦੇ ਸਾਡੀ ਜੀਵਨ ਰੇਖਾ ਹਨ, ਜਿਸ ਤੋਂ ਬਿਨ੍ਹਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ- ਗੁਪਤਾ

**ਫਤਹਿਗੜ੍ਹ ਸਾਹਿਬ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਰਖਤ ਸਾਡੇ ਜੀਵਨ ਦਾ ਅਹਿਮ ਅੰਗ ਹਨ। ਜੋ ਕਿ ਸਾਡੇ ਜਨਮ ਤੋਂ ਲੈ ਕੇ ਮਰਨ ਤੱਕ ਸਾਡਾ ਸਾਥ ਨਿਭਾਉਂਦੇ ਹਨ, ਕਿਉਂਕਿ ਦਰਖਤ ਹੀ ਇੱਕੋ ਇੱਕ ਕੁਦਰਤੀ ਆਕਸੀਜਨ ਦਾ ਸਰੋਤ ਹੈ। ਜਿਸ ਤੋਂ ਬਿਨ੍ਹਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਅਰੁਣ ਗੁਪਤਾ ਨੇ ਮੰਡੀ ਗੋਬਿੰਦਗੜ੍ਹ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜੋਗਿੰਦਰਾ ਕਾਸਟਿੰਗ ਉਦਯੋਗਿਕ ਇਕਾਈ ਅਤੇ ਓਸਿਸ ਗਰੁੱਪ ਦੇ ਸਹਿਯੋਗ ਨਾਲ ਇੱਕ ਪੌਦਾ ਦੇਸ਼ ਦੇ ਨਾਮ ਮੁਹਿੰਮ ਅਧੀਨ 5 ਏਕੜ ਰਕਬੇ ਵਿੱਚ 11000 ਪੌਦੇ ਲਗਾਉਣ ਦੀ ਸ਼ੁਰੂਆਤ ਕਰਨ ਉਪਰੰਤ ਮੀਡੀਆ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਕੀਤਾ। ਸ਼੍ਰੀ ਗੁਪਤਾ ਨੇ ਕਿਹਾ ਕਿ ਪੌਦੇ ਸਾਨੂੰ ਪੂਰੀ ਜ਼ਿੰਦਗੀ ਆਕਸੀਜਨ ਦੇ ਨਾਲ-ਨਾਲ ਕਈ ਪ੍ਰਕਾਰ ਦੀ ਲੱਕੜ ਪ੍ਰਦਾਨ ਕਰਦੇ ਹਨ ਅਤੇ ਸਾਡੇ ਤੋਂ ਲੈਂਦੇ ਵੀ ਕੁਝ ਵੀ ਨਹੀਂ। ਇਸ ਲਈ ਵਾਤਾਵਰਣ ਦੇ ਸੰਤੁਲਨ ਨੂੰ ਬਣਾਈ ਰੱਖਣ ਵਾਸਤੇ ਪੌਦਿਆਂ ਦਾ ਬਹੁਤ ਵੱਡਾ ਯੋਗਦਾਨ ਹੈ, ਕਿਉਂਕਿ ਵੱਧ ਰਹੇ ਤਾਪਮਾਨ ਨੂੰ ਕੰਟਰੋਲ ਵਿੱਚ ਰੱਖਣ ਲਈ ਪੌਦੇ ਪੂਰੀ ਤਰ੍ਹਾਂ ਸਹਾਈ ਹੁੰਦੇ ਹਨ।

ਚੇਅਰਮੈਨ ਨੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਇਸ ਵਰਖਾ ਰੁੱਤ ਵਿੱਚ ਘੱਟੋ-ਘੱਟ ਦੋ- ਦੋ ਰੁੱਖ ਜ਼ਰੂਰ ਲਗਾਉਣ ਅਤੇ ਲਗਾਏ ਗਏ ਰੁੱਖਾਂ ਦੀ ਦੇਖਭਾਲ ਨੂੰ ਵੀ ਘੱਟੋ-ਘੱਟ 6 ਮਹੀਨੇ ਤੱਕ ਜ਼ਰੂਰ ਯਕੀਨੀ ਬਣਾਇਆ ਜਾਵੇ। ਜ਼ਿਲ੍ਹਾ ਤੇ ਸ਼ੈਸ਼ਨ ਜੱਜ ਨੇ ਕਿਹਾ ਕਿ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ ਹਰ ਨਾਗਰਿਕ ਨੂੰ ਆਪਣਾ ਫਰਜ਼ ਨਿਭਾਉਂਦਿਆਂ ਆਲੇ-ਦੁਆਲੇ ਨੂੰ ਹਰਿਆ ਭਰਿਆ ਬਣਾਉਣ ਲਈ ਪੌਦੇ ਲਗਾਉਣ ਦੀ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ।

ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਦੀਪਤੀ ਗੋਇਲ ਨੇ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਆਦੇਸ਼ ਅਨੁਸਾਰ ਪੌਦੇ ਲਗਾਉਣ ਦੀ ਮੁਹਿੰਮ ਜ਼ਿਲ੍ਹੇ ਵਿੱਚ ਬਾਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਜ਼ਿਲ੍ਹਾ ਅਤੇ ਸਬ ਡਵੀਜਨ ਪੱਧਰ ਤੇ ਚਲਾਈ ਜਾ ਰਹੀ ਹੈ। ਜਿਸ ਵਿੱਚ ਜ਼ਿਲ੍ਹੇ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦਾ ਵੀ ਵੱਡਾ ਯੋਗਦਾਨ ਮਿਲ ਰਿਹਾ ਹੈ।

ਇਸ ਮੌਕੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਅਮਰਦੀਪ ਸਿੰਘ ਧਾਰਨੀ ਅਤੇ ਸਕੱਤਰ ਸ਼੍ਰੀ ਵਿਵੇਕ ਸ਼ਰਮਾ ਨੇ ਯਕੀਨ ਦਵਾਇਆ ਕਿ ਸਾਰੇ ਬਾਰ ਮੈਂਬਰ ਪੌਦੇ ਲਗਾਉਣ ਦੀ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਉਣਗੇ। ਇਸ ਮੌਕੇ ਜੋਗਿੰਦਰਾ ਕਾਸਟਿੰਗ ਅਤੇ ਓਸਿਸ ਗਰੁੱਪ ਦੇ ਮਾਲਕ ਸ਼੍ਰੀ ਸੰਜੈ ਗੁਪਤਾ ਅਤੇ ਅਸ਼ਵਨੀ ਗੁਪਤਾ ਤੋਂ ਇਲਾਵਾ ਸਵੈਸੇਵੀ ਸੰਸਥਾ ਵੱਲੋਂ ਡਾ. ਮਨਮੋਹਨ ਕੌਸ਼ਲ, ਸ਼੍ਰੀਮਤੀ ਊਸ਼ਾ ਮਹਾਂਵਰ ਅਤੇ ਐਡਵੋਕੇਟ ਸੰਦੀਪ ਕਸ਼ਯਪ ਵੀ ਮੌਜੂਦ ਸਨ

# ਕੇਜਰੀਵਾਲ ਨੇ ਹਰਿਆਣਾ ਨੂੰ ਦਿੱਤੀ ਪੰਜ ਗਰੰਟੀ, ਸਰਕਾਰ ਬਣੀ ਤਾਂ ਮਿਲੇਗੀ ਮੁਫ਼ਤ ਤੇ 24 ਘੰਟੇ ਬਿਜਲੀ

**➢ ਪੰਚਕੂਲਾ 'ਚ ਆਯੋਜਿਤ ਇਕ ਪ੍ਰੋਗਰਾਮ 'ਚ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਤਰਫ਼ੋਂ ਸੁਨੀਤਾ ਕੇਜਰੀਵਾਲ ਨੇ ਹਰਿਆਣਾ ਦੇ ਲੋਕਾਂ ਨੂੰ ਦਿੱਤੀ ਗਾਰੰਟੀ ➢ ਭਾਜਪਾ ਦੀ ਗਾਰੰਟੀ ਫ਼ਰਜ਼ੀ, ਸਿਰਫ਼ ਅਰਵਿੰਦ ਕੇਜਰੀਵਾਲ ਦੀ ਗਾਰੰਟੀ ਅਸਲੀ, ਜੋ ਹਮੇਸ਼ਾ ਪੂਰੀ ਹੁੰਦੀ ਹੈ: ਭਗਵੰਤ ਮਾਨ**




**ਪੰਚਕੂਲਾ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਬਿਗਲ ਵਜਾ ਦਿੱਤਾ ਹੈ। ਪੰਚਕੂਲਾ ਦੇ ਇੰਦਰਧਨੁਸ਼ ਸਟੇਡੀਅਮ 'ਚ ਸੂਬਾ ਪੱਧਰੀ ਟਾਊਨ ਹਾਲ ਪ੍ਰੋਗਰਾਮ 'ਚ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਹਰਿਆਣਾ ਦੇ ਲੋਕਾਂ ਨੂੰ ਕੇਜਰੀਵਾਲ ਦੀਆਂ ਪੰਜ ਗਰੰਟੀਆਂ ਦਿੱਤੀਆਂ। ਉਨ੍ਹਾਂ ਦੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਰਾਜ ਸਭਾ ਮੈਂਬਰ ਅਤੇ ਕੌਮੀ ਬੁਲਾਰੇ ਸੰਜੇ ਸਿੰਘ, ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ, ਸੂਬਾ ਪ੍ਰਧਾਨ ਡਾ. ਸੁਸ਼ੀਲ ਗੁਪਤਾ, ਸੂਬਾ ਸੀਨੀਅਰ ਮੀਤ ਪ੍ਰਧਾਨ ਅਨੁਰਾਗ ਢਾਂਡਾ ਅਤੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ। ਹੁਣ 'ਆਪ' ਵਰਕਰ ਇਹ ਪੰਜ ਗਾਰੰਟੀ ਲੋਕਾਂ ਸਾਹਮਣੇ ਲੈ ਕੇ ਜਾਣਗੇ।

ਸੁਨੀਤਾ ਕੇਜਰੀਵਾਲ ਨੇ ਕਿਹਾ ਕਿ ਹਰਿਆਣਾ ਦੇ ਲਾਲ ਅਰਵਿੰਦ ਕੇਜਰੀਵਾਲ ਨੇ ਜਨਤਾ ਨੂੰ ਪੰਜ ਗਰੰਟੀਆਂ ਦਿੱਤੀਆਂ ਹਨ, ਪਹਿਲੀ ਦਿੱਲੀ ਅਤੇ ਪੰਜਾਬ ਵਾਂਗ ਮੁਫ਼ਤ ਘਰੇਲੂ ਬਿਜਲੀ ਹੋਵੇਗੀ, 24 ਘੰਟੇ ਬਿਜਲੀ ਦੀ ਵਿਵਸਥਾ ਹੋਵੇਗੀ। ਦੂਜੀ ਗਾਰੰਟੀ ਇਹ ਹੈ ਕਿ ਅਸੀਂ ਦਿੱਲੀ ਅਤੇ ਪੰਜਾਬ ਵਾਂਗ ਹਰ ਪਿੰਡ ਅਤੇ ਹਰ ਸ਼ਹਿਰ ਵਿੱਚ ਮੁਹੱਲਾ ਕਲੀਨਿਕ ਬਣਾਉਣ ਦਾ ਕੰਮ ਕਰਾਂਗੇ। ਸਰਕਾਰੀ ਹਸਪਤਾਲ ਚੰਗੇ ਹੋਣਗੇ, ਹਰ ਕਿਸੇ ਨੂੰ ਚੰਗਾ ਤੇ ਮੁਫ਼ਤ ਇਲਾਜ ਮਿਲੇਗਾ। ਤੀਜੀ ਗਾਰੰਟੀ, ਅਸੀਂ ਸਰਕਾਰੀ ਸਕੂਲਾਂ ਨੂੰ ਬਿਹਤਰ ਬਣਾਵਾਂਗੇ, ਜਿੱਥੇ ਚੰਗੀ ਅਤੇ ਮੁਫ਼ਤ ਸਿੱਖਿਆ ਮਿਲੇਗੀ। ਚੌਥੀ ਗਾਰੰਟੀ: ਅਸੀਂ ਹਰ ਔਰਤ ਨੂੰ ਹਰ ਮਹੀਨੇ ਇੱਕ ਹਜ਼ਾਰ ਰੁਪਏ ਦੇਣ 'ਤੇ ਕੰਮ ਕਰਾਂਗੇ। ਪੰਜਵਾਂ, ਅਸੀਂ ਹਰ ਬੇਰੁਜ਼ਗਾਰ ਨੌਜਵਾਨ ਨੂੰ ਰੁਜ਼ਗਾਰ ਦੇਵਾਂਗੇ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦਿੱਲੀ 'ਚ ਬਦਲਾਅ ਲੈ ਕੇ ਆਈ, ਪੰਜਾਬ 'ਚ ਬਦਲਾਅ ਆ ਰਿਹਾ ਹੈ ਅਤੇ ਹੁਣ ਹਰਿਆਣਾ 'ਚ ਬਦਲਾਅ ਦੀ ਵਾਰੀ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਅਰਵਿੰਦ ਕੇਜਰੀਵਾਲ ਹਰਿਆਣਾ ਦੇ ਬੇਟੇ ਹਨ। ਮੇਰਾ ਉਨ੍ਹਾਂ ਨਾਲ 1994 ਵਿਚ ਵਿਆਹ ਹੋਇਆ ਸੀ। ਉਸ ਸਮੇਂ ਅਰਵਿੰਦ ਦਾ ਪਰਿਵਾਰ ਹਿਸਾਰ ਵਿੱਚ ਰਹਿੰਦਾ ਸੀ। ਉਨ੍ਹਾਂ ਦੇ ਪਿਤਾ ਉੱਥੇ ਕੰਮ ਕਰਦੇ ਸੀ। ਅਰਵਿੰਦ ਦਾ ਜਨਮ ਸਿਵਾਨੀ ਪਿੰਡ ਵਿੱਚ ਹੋਇਆ ਸੀ, ਪਰ ਉਨ੍ਹਾਂ ਦੀ ਪੜ੍ਹਾਈ ਅਤੇ ਪਰਵਰਿਸ਼ ਹਿਸਾਰ ਵਿੱਚ ਹੋਈ। ਉਨ੍ਹਾਂ ਕਿਹਾ ਕਿ ਕਿਸੇ ਨੇ ਸੁਪਨੇ 'ਚ ਵੀ ਨਹੀਂ ਸੋਚਿਆ ਹੋਵੇਗਾ ਕਿ ਇਹ ਲੜਕਾ 20 ਸਾਲ ਬਾਅਦ ਦਿੱਲੀ 'ਤੇ ਰਾਜ ਕਰੇਗਾ। ਉਨ੍ਹਾਂ ਦਾ ਜਨਮ 16 ਅਗਸਤ 1968 ਨੂੰ ਹੋਇਆ ਸੀ, ਉਸ ਦਿਨ ਕ੍ਰਿਸ਼ਨ ਜਨਮ ਅਸ਼ਟਮੀ ਸੀ। ਇਹ ਵੀ ਕੋਈ ਛੋਟਾ ਇਤਫ਼ਾਕ ਨਹੀਂ ਹੈ।

ਸੁਨੀਤਾ ਕੇਜਰੀਵਾਲ ਨੇ ਕਿਹਾ ਕਿ ਰੱਬ ਚਾਹੁੰਦਾ ਹੈ ਕਿ ਉਹ ਕੁਝ ਵੱਡਾ ਕਰਨ। ਅਰਵਿੰਦ ਕੇਜਰੀਵਾਲ ਪਹਿਲੀ ਵਾਰ ਚੋਣ ਲੜੇ ਅਤੇ ਦਿੱਲੀ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਨੇ ਦੇਸ਼ ਦੀ ਰਾਜਨੀਤੀ ਵਿੱਚ ਹਲਚਲ ਮਚਾ ਦਿੱਤੀ। ਅਜਿਹੇ ਕੰਮ ਕੀਤੇ ਜੋ ਕੋਈ ਹੋਰ ਪਾਰਟੀ ਨਹੀਂ ਕਰ ਸਕੀ। ਅੱਜ ਦੁਨੀਆ ਭਰ ਦੇ ਲੋਕ ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਦੇ ਕੰਮਾਂ ਤੋਂ ਜਾਣਦੇ ਹਨ। ਅਰਵਿੰਦ ਕੇਜਰੀਵਾਲ ਨੇ ਦਿੱਲੀ ਅਤੇ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਸੁਧਾਰ ਕੀਤਾ। ਗ਼ਰੀਬ ਬੱਚਿਆਂ ਦਾ ਭਵਿੱਖ ਉੱਜਵਲ ਕੀਤਾ। ਸ਼ਾਨਦਾਰ ਮੁਹੱਲਾ ਕਲੀਨਿਕ ਅਤੇ ਹਸਪਤਾਲ ਬਣਾਏ, ਜਿੱਥੇ ਮੁਫ਼ਤ ਅਤੇ ਵਧੀਆ ਇਲਾਜ ਕੀਤਾ ਜਾਂਦਾ ਹੈ। ਉਨ੍ਹਾਂ ਨੇ ਬਿਜਲੀ ਮੁਫ਼ਤ ਕਰ ਦਿੱਤੀ। ਔਰਤਾਂ ਨੂੰ ਬੱਸ ਵਿੱਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਦਿੱਤੀ ਗਈ। ਬਜ਼ੁਰਗਾਂ ਲਈ ਮੁਫ਼ਤ ਤੀਰਥ ਯਾਤਰਾ ਕਰਵਾਈ ਅਤੇ ਹੁਣ ਹਰ ਔਰਤ ਨੂੰ ਹਰ ਮਹੀਨੇ ਇੱਕ ਹਜ਼ਾਰ ਰੁਪਏ ਮਾਣ ਭੱਤਾ ਦੇਣ ਜਾ ਰਹੇ ਹਨ।

ਸੁਨੀਤਾ ਕੇਜਰੀਵਾਲ ਨੇ ਕਿਹਾ ਕਿ ਕਿਸੇ ਵੀ ਪਾਰਟੀ ਨੇ ਜਨਤਾ ਲਈ ਇਹ ਕੰਮ ਨਹੀਂ ਕੀਤੇ ਹਨ। ਅਜਿਹਾ ਸਿਰਫ਼ ਹਰਿਆਣਾ ਦਾ ਲਾਲ ਅਰਵਿੰਦ ਕੇਜਰੀਵਾਲ ਹੀ ਕਰ ਸਕਦਾ ਹੈ। ਇਸੇ ਲਈ ਮੋਦੀ ਜੀ ਉਨ੍ਹਾਂ ਨਾਲ ਈਰਖਾ ਕਰਦੇ ਹਨ। ਇਸੇ ਕਰਕੇ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸ ਵਿੱਚ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਅਰਵਿੰਦ ਕੇਜਰੀਵਾਲ ਚੋਰ ਹੈ। ਮੈਂ ਕਹਿੰਦੀ ਹਾਂ ਕਿ ਜੇ ਅਰਵਿੰਦ ਕੇਜਰੀਵਾਲ ਚੋਰ ਹੈ ਤਾਂ ਇਸ ਦੁਨੀਆਂ ਵਿੱਚ ਕੋਈ ਵੀ ਇਮਾਨਦਾਰ ਨਹੀਂ ਹੈ। ਮੋਦੀ ਜੀ ਨੇ ਹਰਿਆਣੇ ਦੇ ਪੁੱਤ ਨੂੰ ਜੇਲ੍ਹ 'ਚ ਪਾ ਕੇ ਹਰਿਆਣਾ ਦੀ ਜਨਤਾ ਨੂੰ ਵੰਗਾਰਿਆ ਹੈ।

ਕੀ ਹਰਿਆਣਾ ਦੇ ਲੋਕ ਆਪਣੇ ਪੁੱਤਰ ਦੀ ਬੇਇੱਜ਼ਤੀ ਨੂੰ ਚੁੱਪਚਾਪ ਬਰਦਾਸ਼ਤ ਕਰਨਗੇ ? ਕੇਜਰੀਵਾਲ ਸ਼ੇਰ ਹੈ। ਕੇਜਰੀਵਾਲ ਮੋਦੀ ਜੀ ਅੱਗੇ ਨਹੀਂ ਝੁਕਣਗੇ। ਅਸੀਂ ਹੁਣ ਚੁੱਪ ਨਹੀਂ ਬੈਠਾਂਗੇ। ਮੋਦੀ ਜੀ ਗੁਜਰਾਤ ਤੋਂ ਹਨ। 2014 ਵਿੱਚ ਜਦੋਂ ਮੋਦੀ ਜੀ ਪ੍ਰਧਾਨ ਮੰਤਰੀ ਬਣੇ ਤਾਂ ਗੁਜਰਾਤ ਨੇ ਸਾਰੀਆਂ ਸੀਟਾਂ ਭਾਜਪਾ ਨੂੰ ਦਿੱਤੀਆਂ। ਤੁਹਾਡੇ ਅਰਵਿੰਦ ਕੇਜਰੀਵਾਲ ਨੇ ਦੇਸ਼ ਅਤੇ ਦੁਨੀਆ ਵਿੱਚ ਹਰਿਆਣਾ ਦਾ ਨਾਮ ਰੌਸ਼ਨ ਕੀਤਾ ਹੈ। ਹੁਣ ਤੁਸੀਂ ਵੀ ਉਨ੍ਹਾਂ ਦਾ ਸਾਥ ਦਿਓ। ਹਰਿਆਣਾ ਵਿੱਚ ਤਿੰਨ ਮਹੀਨਿਆਂ ਬਾਅਦ ਚੋਣਾਂ ਹਨ। ਭਾਜਪਾ ਨੂੰ ਹਰਿਆਣਾ ਵਿਚ ਇਕ ਵੀ ਸੀਟ ਨਹੀਂ ਜਾਣੀ ਚਾਹੀਦੀ। ਇਹ ਹਰਿਆਣਾ ਲਈ ਮਾਣ ਵਾਲੀ ਗੱਲ ਹੈ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਜਨਤਾ ਦੀ ਸੇਵਾ ਕਰਨ ਲਈ ਇਨਕਮ ਟੈਕਸ ਦੀ ਨੌਕਰੀ ਛੱਡ ਦਿੱਤੀ ਹੈ। ਅਸੀਂ ਰਾਜਨੀਤੀ ਨੂੰ ਵਪਾਰ ਨਹੀਂ ਸਮਝਦੇ, ਇਹ ਕਿੱਤਾ ਨਹੀਂ ਸਗੋਂ ਜਨੂੰਨ ਹੈ। ਜੇਕਰ ਦੂਜੀਆਂ ਪਾਰਟੀਆਂ ਦੇ ਆਗੂ ਸਹੀ ਹੁੰਦੇ ਤਾਂ ਸਾਨੂੰ ਪਾਰਟੀ ਬਣਾਉਣ ਦੀ ਕੀ ਲੋੜ ਸੀ।

ਹਰਿਆਣਾ ਦੇ ਲੋਕਾਂ ਨੇ ਹਰ ਪਾਰਟੀ ਨੂੰ ਮੌਕਾ ਦਿੱਤਾ ਹੈ। ਪਰ ਕੋਈ ਵੀ ਚੰਗਾ ਨਾ ਨਿਕਲਿਆ। ਜਦੋਂ ਅਸੀਂ ਜੀਂਦ, ਕੈਥਲ, ਟੋਹਾਣਾ ਅਤੇ ਸੋਨੀਪਤ ਵਿੱਚ ਰੈਲੀਆਂ ਕਰਨ ਜਾਂਦੇ ਸੀ ਤਾਂ ਲੋਕ ਸਾਨੂੰ ਕਹਿੰਦੇ ਸਨ ਕਿ ਜੇਕਰ ਤੁਸੀਂ ਦਿੱਲੀ ਅਤੇ ਪੰਜਾਬ ਵਿੱਚ ਅਜਿਹੇ ਚੰਗੇ ਕੰਮ ਕਰ ਰਹੇ ਹੋ ਤਾਂ ਹਰਿਆਣਾ ਵਿੱਚ ਵੀ ਆ ਜਾਓ। ਤਾਂ ਜੋ ਸਾਡਾ ਜੀਵਨ ਪੱਧਰ ਵੀ ਉੱਚਾ ਹੋ ਸਕੇ। ਭਾਜਪਾ ਵਾਲੇ ਤਾਂ ਸਿਰਫ਼ ਗੱਲਾਂ ਕਰਨ ਵਾਲੇ ਹਨ, ਪਰ ਅਰਵਿੰਦ ਕੇਜਰੀਵਾਲ ਗਾਰੰਟੀ ਦਿੰਦੇ ਹਨ।

ਉਨ੍ਹਾਂ ਕਿਹਾ ਕਿ ਪਹਿਲਾਂ ਭਾਜਪਾ ਮੈਨੀਫੈਸਟੋ ਅਤੇ ਸੰਕਲਪ ਪੱਤਰ ਲਿਆਉਂਦੀ ਸੀ। ਪਰ ਹੁਣ ਭਾਜਪਾ ਨੇ ਅਰਵਿੰਦ ਕੇਜਰੀਵਾਲ ਦੀ ਗਾਰੰਟੀ ਦਾ ਸ਼ਬਦ ਚੋਰੀ ਕਰ ਲਿਆ ਹੈ। ਪਰ ਜਦੋਂ ਮਾਲ ਹੀ ਨਕਲੀ ਹੈ ਤਾਂ ਇਸ ਦੀ ਕੀ ਗਰੰਟੀ ਹੈ ? ਅਰਵਿੰਦ ਕੇਜਰੀਵਾਲ ਦੀ ਗਾਰੰਟੀ ਹੀ ਅਸਲੀ ਗਾਰੰਟੀ ਹੈ। ਭਾਜਪਾ ਦੀ ਗਾਰੰਟੀ ਫ਼ਰਜ਼ੀ ਹੈ। ਸਿਰਫ਼ ਢਾਈ ਸਾਲਾਂ 'ਚ 'ਆਪ' ਸਰਕਾਰ ਨੇ ਪੰਜਾਬ 'ਚ 43 ਹਜ਼ਾਰ ਨੌਕਰੀਆਂ ਦਿੱਤੀਆਂ ਅਤੇ ਕਿਸੇ ਤੋਂ ਇਕ ਰੁਪਿਆ ਵੀ ਰਿਸ਼ਵਤ ਨਹੀਂ ਲਈ । ਜਦੋਂ ਅਸੀਂ ਪੰਜਾਬ ਵਿੱਚ ਮੁਫ਼ਤ ਬਿਜਲੀ ਦੀ ਗਰੰਟੀ ਦੇ ਰਹੇ ਸੀ ਤਾਂ ਵਿਰੋਧੀ ਕਹਿੰਦੇ ਸਨ ਕਿ ਅਜਿਹਾ ਨਹੀਂ ਹੋ ਸਕਦਾ, ਪੈਸਾ ਕਿੱਥੋਂ ਆਵੇਗਾ। ਪਰ ਸਾਨੂੰ ਪਤਾ ਸੀ ਕਿ ਪੈਸੇ ਉਨ੍ਹਾਂ ਦੀ ਆਪਣੀ ਜੇਬ ਵਿੱਚੋਂ ਆਉਣਗੇ। ਮਾਰਚ ਵਿੱਚ ਸਰਕਾਰ ਬਣਦਿਆਂ ਹੀ ਅਸੀਂ ਜੁਲਾਈ ਵਿੱਚ ਹਰ ਮਹੀਨੇ 300 ਯੂਨਿਟ ਬਿਜਲੀ ਮੁਫ਼ਤ ਕਰ ਦਿੱਤੀ। ਅੱਜ 90 ਫ਼ੀਸਦੀ ਘਰਾਂ ਦਾ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ। ਪਹਿਲਾਂ ਖੇਤਾਂ ਵਿੱਚ 8 ਘੰਟੇ ਬਿਜਲੀ ਮਿਲਦੀ ਸੀ, ਅੱਜ 12 ਘੰਟੇ ਬਿਜਲੀ ਮਿਲਦੀ ਹੈ।

ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਝੂਠ ਤੇ ਬਾਅਦ ਝੂਠ ਬੋਲਦੀ ਹੈ। ਮੈਂ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਜਦੋਂ ਮੈਂ 15 ਲੱਖ ਰੁਪਏ ਦੀ ਰਕਮ ਲਿਖਦਾ ਹਾਂ ਤਾਂ ਕਲਮ ਬੰਦ ਹੋ ਜਾਂਦੀ ਹੈ ਅਤੇ ਜਦੋਂ ਮੈਂ ਕਾਲੇ ਧਨ ਬਾਰੇ ਸੋਚਦਾ ਹਾਂ ਤਾਂ ਸਿਆਹੀ ਸੁੱਕ ਜਾਂਦੀ ਹੈ, ਸਭ ਕੁਝ ਸਿਰਫ਼ ਜੁਮਲਾ ਹੀ ਨਿਕਲਿਆ, ਹੁਣ ਇਹ ਵੀ ਸ਼ੱਕ ਹੈ ਕਿ ਕੀ ਮੈਂ ਚਾਹ ਬਣਾਉਣਾ ਜਾਣਦਾ ਹੈ। ਇਸ ਵਾਰ ਉਨ੍ਹਾਂ ਦਾ ਝੂਠ ਕੰਮ ਨਹੀਂ ਆਇਆ। ਉਹ ਦੇਸ਼ ਵਿੱਚ 400 ਪਾਰ ਕਹਿੰਦੇ ਹਨ ਪਰ ਦਿੱਲੀ ਵਿੱਚ ਅਜਿਹਾ ਨਹੀਂ ਕਹਿੰਦੇ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਦਿੱਲੀ ਵਿੱਚ ਹੀ ਯਮੁਨਾ ਪਾਰ ਹੋਵੇਗੀ। ਪੱਤਰਕਾਰਾਂ ਨੇ ਮੈਨੂੰ ਪੁੱਛਿਆ ਕਿ ਦਿੱਲੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਤੂਫ਼ਾਨ ਨੂੰ ਆਮ ਆਦਮੀ ਪਾਰਟੀ ਨੇ ਕਿਵੇਂ ਰੋਕਿਆ। ਮੈਂ ਕਿਹਾ ਕਿ ਜਦੋਂ ਅਸੀਂ ਝਾੜੂ ਨਾਲ ਚਿੱਕੜ ਸਾਫ਼ ਕੀਤਾ ਤਾਂ ਕਮਲ ਨਹੀਂ ਉੱਗਿਆ। ਹੁਣ ਹਰਿਆਣਾ ਵਿੱਚ ਝਾੜੂ ਨਾਲ ਚਿੱਕੜ ਸਾਫ਼ ਕਰਨ ਦੀ ਵਾਰੀ ਹੈ।

ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਸਿਰਫ਼ ਝੂਠ ਤੇ ਝੂਠ ਬੋਲਦੀ ਹੈ। ਮੈਂ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਜਬ ਮੈਂ 15 ਲੱਖ ਰੁਪਏ ਕੀ ਰਕਮ ਲਿਖਤਾ ਹੂੰ ਤੋ ਕਲਮ ਰੁਕ ਜਾਤੀ ਹੈ ਔਰ ਕਾਲੇ ਧਨ ਕੇ ਬਾਰੇ ਮੈਂ ਸੋਚਤਾ ਹੂੰ ਤੋ ਸਿਆਹੀ ਸੁੱਕ ਜਾਤੀ ਹੈ, ਹਰ ਬਾਤ ਜੁਮਲਾ ਹੀ ਨਿਕਲੀ, ਅਬ ਇਹ ਵੀ ਸ਼ੱਕ ਹੈ ਕਿ ਕਿਆ ਚਾਏ ਬਨਾਨੀ ਆਤੀ ਹੈ। ਇਸ ਵਾਰ ਉਨ੍ਹਾਂ ਦਾ ਝੂਠ ਕੰਮ ਨਹੀਂ ਆਇਆ। ਉਹ ਦੇਸ਼ ਵਿੱਚ 400 ਪਾਰ ਕਹਿੰਦੇ ਹਨ ਪਰ ਦਿੱਲੀ ਵਿੱਚ ਅਜਿਹਾ ਨਹੀਂ ਕਹਿੰਦੇ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਦਿੱਲੀ ਵਿੱਚ ਸਿਰਫ਼ ਯਮੁਨਾ ਪਾਰ ਹੋਵੇਗੀ। ਪੱਤਰਕਾਰਾਂ ਨੇ ਮੈਨੂੰ ਪੁੱਛਿਆ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਹਨੇਰੀ ਨੂੰ ਕਿਵੇਂ ਰੋਕਿਆ। ਮੈਂ ਕਿਹਾ ਕਿ ਜਦੋਂ ਅਸੀਂ ਝਾੜੂ ਨਾਲ ਚਿੱਕੜ ਸਾਫ਼ ਕਰ ਦਿੱਤਾ ਹਾਂ ਤਾਂ ਕਮਲ ਉੱਗਿਆ ਹੀ ਨਹੀਂ। ਹੁਣ ਹਰਿਆਣਾ ਵਿੱਚ ਝਾੜੂ ਨਾਲ ਚਿੱਕੜ ਸਾਫ਼ ਕਰਨ ਦੀ ਵਾਰੀ ਹੈ।

ਭਗਵੰਤ ਮਾਨ ਨੇ ਕਿਹਾ ਕਿ ਅੱਧਾ ਹਰਿਆਣਾ ਦਿੱਲੀ ਨਾਲ ਅਤੇ ਅੱਧਾ ਪੰਜਾਬ ਨਾਲ ਜੁੜਿਆ ਹੋਇਆ ਹੈ। ਮੇਰੇ ਵੀ ਹਰਿਆਣਾ ਵਿੱਚ ਰਿਸ਼ਤੇਦਾਰ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਵੱਡੇ ਲੀਡਰਾਂ ਨੂੰ ਹਰਾ ਕੇ 92 ਸੀਟਾਂ ਜਿੱਤੀਆਂ ਹਨ। ਜਦੋਂ ਲੋਕ ਲੜਦੇ ਹਨ ਤਾਂ ਕੋਈ ਵੀ ਲੋਕ ਵਿਰੋਧੀ ਨਹੀਂ ਬਚਦਾ। ਪੰਜਾਬ ਦੇ ਲੋਕ ਅਕਾਲੀ ਦਲ ਵਾਲਿਆਂ ਦਾ ਨਾਂ ਲੈਣ ਨੂੰ ਵੀ ਤਿਆਰ ਨਹੀਂ ਹਨ।

# ਭਾਰਤ ਵਿੱਚ ਫੋਲਡੇਬਲ ਸਮਾਰਟਫ਼ੋਨ ਤੇਜ਼ੀ ਨਾਲ ਵਧ ਰਹੇ ਹਨ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੱਖਣੀ ਕੋਰੀਆ ਦੀ ਪ੍ਰਮੁੱਖ ਸੈਮਸੰਗ ਇਲੈਕਟ੍ਰਾਨਿਕਸ ਦੇ ਇੱਕ ਸੀਨੀਅਰ ਕਾਰਜਕਾਰੀ ਨੇ ਕਿਹਾ ਕਿ ਭਾਰਤ ਦੁਨੀਆ ਦੇ ਸਭ ਤੋਂ ਵੱਡੇ ਸਮਾਰਟਫੋਨ ਬਾਜ਼ਾਰਾਂ ਵਿੱਚੋਂ ਇੱਕ ਹੈ, ਅਤੇ ਸੈਮਸੰਗ ਲਈ ਬਹੁਤ ਮਹੱਤਵਪੂਰਨ ਹੈ। ਭਾਰਤ ਵਿੱਚ ਵਿਕਣ ਵਾਲੇ ਲਗਭਗ 80% ਸਮਾਰਟਫ਼ੋਨਾਂ ਦੀ ਕੀਮਤ INR ਤੋਂ ਘੱਟ ਹੈ, ਪਰ ਵਧੇਰੇ ਖਪਤਕਾਰ ਪ੍ਰੀਮੀਅਮ ਸਮਾਰਟਫ਼ੋਨਾਂ ਨੂੰ ਅਪਨਾ ਰਹੇ ਹਨ, ਜੋ ਕਿ ਫੋਲਡੇਬਲ ਵਰਗੇ ਵਿਸ਼ੇਸ਼ ਉਤਪਾਦਾਂ ਦੇ ਵਿਕਾਸ ਨੂੰ ਅੱਗੇ ਵਧਾ ਰਹੇ ਹਨ। ਭਾਰਤੀ ਬਾਜ਼ਾਰ ਉਨ੍ਹਾਂ ਬਾਜ਼ਾਰਾਂ ਵਿੱਚੋਂ ਇੱਕ ਹੈ ਜਿੱਥੇ ਫੋਲਡੇਬਲ ਤੇਜ਼ੀ ਨਾਲ ਵਧ ਰਹੇ ਹਨ ਕੇਂਦਰ ਵਿੱਚ ਗਲੈਕਸੀ ਫੋਲਡੇਬਲ ਹਨ। ਅਸੀਂ ਉਮੀਦ ਕਰਦੇ ਹਾਂ ਕਿ ਇਸ ਸਾਲ ਮਾਰਕੀਟ ਦੀ ਮੰਗ ਵਧੇਗੀ ਅਤੇ ਸਾਨੂੰ ਭਾਰਤੀ ਗਾਹਕਾਂ ਵੱਲੋਂ ਗਲੈਕਸੀ 19 ਨੂੰ ਸ਼ਾਮਲ ਕਰਨ ਦੇ ਨਾਲ ਨਵੇਂ Galaxy Z FlipF ਅਤੇ Galaxy Z FoldF ਨੂੰ ਅਪਣਾਉਣ ਬਾਰੇ ਬਹੁਤ ਉਮੀਦਾਂ ਹਨ ਜੋ ਫੋਲਡੇਬਲ ਲਈ ਅਨੁਕੂਲਿਤ ਹਨ, ਸੈਮਸੰਗ ਇਲੈਕਟ੍ਰਾਨਿਕਸ ਦੇ ਮੋਬਾਈਲ ਐਕਸਪੀਰੀਐਂਸ ਬਿਜ਼ਨਸ ਦੇ ਮੁਖੀ "$ ਰੋਹ ਨੇ ਕਿਹਾ। ਸੈਮਸੰਗ ਦੇ ਹਾਲ ਹੀ ਵਿੱਚ ਲਾਂਚ ਕੀਤੇ Galaxy Z FoldF ਅਤੇ Z FlipF ਫੋਲਡੇਬਲ ਸਮਾਰਟਫੋਨਸ ਨੇ ਭਾਰਤ ਵਿੱਚ ਇੱਕ ਸ਼ਾਨਦਾਰ ਸ਼ੁਰੂਆਤ ਕੀਤੀ ਹੈ, ਸਿਰਫ਼ 24 ਘੰਟਿਆਂ ਵਿੱਚ ਫੋਲਡੇਬਲ ਦੀ ਪਿਛਲੀ ਪੀੜ੍ਹੀ ਦੇ ਮੁਕਾਬਲੇ 40% ਵੱਧ ਪ੍ਰੀ-ਆਰਡਰ ਰਜਿਸਟਰ ਕੀਤੇ ਹਨ। ਛੇਵੀਂ ਪੀੜ੍ਹੀ ਦੇ ਗਲੈਕਸੀ ਫੋਲਡੇਬਲ ਗਲੈਕਸੀ ਏਆਈ ਦੁਆਰਾ ਸੰਚਾਲਿਤ ਹਨ, ਸੈਮਸੰਗ ਦੇ ਏਆਈ ਟੂਲਸ ਦੇ ਸੂਟ ਜੋ ਸੰਚਾਰ ਦੀਆਂ ਰੁਕਾਵਟਾਂ ਨੂੰ ਤੋੜਨ ਅਤੇ ਉਪਭੋਗਤਾਵਾਂ ਦੀ ਰਚਨਾਤਮਕਤਾ ਅਤੇ ਉਤਪਾਦਕਤਾ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ। "$ ਰੋਹ ਨੇ ਕਿਹਾ ਕਿ ਸੈਮਸੰਗ ਮੋਬਾਈਲ 19 ਨੂੰ ਵੱਡੇ ਪੱਧਰ ' ਲੋਕਤੰਤਰੀਕਰਨ ਕਰ ਰਿਹਾ ਹੈ ਅਤੇ ਸਾਲ ਦੇ ਅੰਤ ਤੱਕ 200 ਮਿਲੀਅਨ ਗਲੈਕਸੀ ਡਿਵਾਈਸਾਂ ਵਿੱਚ Galaxy 19 ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਸੈਮਸੰਗ ਨੇ ਡਿਸਪਲੇਅ ਨੂੰ ਮਜ਼ਬੂਤ ਕੀਤਾ ਹੈ ਅਤੇ ਨਵੇਂ ਫੋਲਡੇਬਲ ਤੇ ਟਿਕਾਣਾ ਬਣਾਇਆ ਹੈ, ਜਿਸ ਨਾਲ ਟਿਕਾਊਤਾ ਨੂੰ ਉੱਚ ਪੱਧਰ ਤੇ ਵਧਾਇਆ ਗਿਆ ਹੈ। ਇਸ ਨੇ ਬਿਹਤਰ ਗੇਮਿੰਗ ਅਨੁਭਵ ਅਤੇ ਵਧੀ ਹੋਈ ਬੈਟਰੀ ਲਈ ਹੀਟ ਡਿਸਸੀਪੇਸ਼ਨ ਢਾਂਚੇ ਨੂੰ ਵੀ ਸੁਧਾਰਿਆ ਹੈ ਤਾਂ ਜੋ ਨਵਾਂ Z FlipF ਇੱਕ ਵਾਰ ਚਾਰਜ ਕਰਨ ' ਜ਼ਿਆਦਾ ਦੇਰ ਤੱਕ ਚੱਲ ਸਕੇ। ਸੈਮਸੰਗ ਨੇ ਨਵੇਂ ਡਿਜ਼ਾਈਨ ਦੀ ਵਿਸ਼ੇਸ਼ਤਾ ਵਾਲੇ ਨਵੇਂ ਸਮਾਰਟਵਾਚ ਅਤੇ TWS ਡਿਵਾਈਸਾਂ - ਗਲੈਕਸੀ ਬਡਸ3 ਅਤੇ ਬਡਸ3 ਪ੍ਰੋ - ਨੂੰ ਵੀ ਲਾਂਚ ਕੀਤਾ ਹੈ। ਇਸ ਸਾਲ, ਪਹਿਲੀ ਵਾਰ, ਅਸੀਂ ਹੈਲਥਕੇਅਰ ਵਿੱਚ ਗਲੈਕਸੀ ਏਆਈ ਦੇ ਤਜ਼ਰਬੇ ਦਾ ਵਿਸਤਾਰ ਵੀ ਕੀਤਾ ਹੈ। ਨਵੀਂ ਗਲੈਕਸੀ ਵਾਚ ਅਲਟਰਾ ਅਤੇ ਵਾਚ7 ਨਵੀਨਤਮ ਬਾਇਓਐਕਟਿਵ ਸੈਂਸਰ ਨਾਲ ਲੈਸ ਹਨ, ਤਾਂ ਜੋ ਉਪਭੋਗਤਾ ਆਪਣੇ ਸਿਹਤ-ਸੰਬੰਧੀ ਸੂਚਕਾਂ ਦੀ ਨਿਗਰਾਨੀ ਕਰ ਸਕਣ, ਜਿਸ ਨਾਲ ਸਿਹਤਮੰਦ ਅਤੇ ਬਿਹਤਰ ਜੀਵਨ ਵੱਲ ਅਗਵਾਈ ਕੀਤੀ ਜਾ ਸਕੇ, ਟੀਐਮ ਰੋਹ ਨੇ ਕਿਹਾ। ਉਸਨੇ ਸੈਮਸੰਗ ਦੇ ਨੋਇਡਾ ਅਤੇ ਬੰਗਲੌਰ ਦੇ ਖੋਜ ਅਤੇ ਵਿਕਾਸ ਕੇਂਦਰਾਂ ਦੀ ਵੀ ਪ੍ਰਸ਼ੰਸਾ ਕੀਤੀ, ਕਿਹਾ ਕਿ ਭਾਰਤੀ ਇੰਜੀਨੀਅਰਾਂ ਨੇ ਗਲੈਕਸੀ ਏਆਈ ਅਤੇ ਫਲੈਗਸ਼ਿਪ ਉਤਪਾਦਾਂ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ।

# ਹਰਿਆਣਾ ਵਿਚ ਕੂੜੇ ਦੇ ਨਿਸਤਾਰਨ ਦੀ ਦਿਸ਼ਾ ਵਿਚ ਅਹਿਮ ਕਦਮ, ਸੂਬੇ ਵਿਚ ਸਥਾਪਿਤ ਹੋਣਗੇ ਵੇਸਟ-ਟੂ-ਚਾਰਕੋਲ ਦੇ ਦੋ ਪਲਾਂਟ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਵਿਚ ਕੂੜੇ ਦੇ ਨਿਸਤਾਰਣ ਦੀ ਦਿਸ਼ਾ ਵਿਚ ਇਕ ਵੱਡਾ ਕਦਮ ਵਧਾਉਂਦੇ ਹੋਏ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਸੂਬੇ ਵਿਚ ਕੂੜੇ ਤੋਂ ਚਾਰਕੋਲ ਬਨਾਉਣ ਵਾਲੇ ਪਲਾਂਟ ਸਥਾਪਿਤ ਕੀਤੇ ੧ਾਣਗੇ, ਜਿਨ੍ਹਾਂ ਨੂੰ ਗ੍ਰੀਨ ਕੋਲ ਪਲਾਂਟ ਵੀ ਕਿਹਾ ਜਾਂਦਾ ਹੈ। ਇਹ ਪਰਿਯੋਜਨਾ ਆਪਣੀ ਤਰ੍ਹਾ ਦੀ ਪਹਿਲੀ ਹਰਿਤ ਪਰਿਯੋਜਨਾ ਹੋਵੇਗੀ ਜਿਸ ਨੂੰ ਹਰਿਆਣਾ ਦੇ ਫਰੀਦਾਬਾਦ ਅਤੇ ਗੁਰੂਗ੍ਰਾਮ ਵਿਚ ਸਥਾਪਿਤ ਕੀਤਾ ਜਾਵੇਗਾ।

ਇਸ ਦੇ ਲਈ ਅੱਜ ਇੱਥੇ ਕੇਂਦਰੀ ਬਿਜਲੀ ਮੰਤਰੀ ਸ੍ਰੀ ਮਨੋਹਰ ਲਾਲ , ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਅਤੇ ਸ਼ਹਿਰੀ ਸਥਾਨਕ ਸਰਕਾਰ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ ਦੀ ਮੌਜੂਦਗੀ ਵਿਚ ਐਨਟੀਪੀਸੀ ਬਿਜਲੀ ਵਪਾਰ ਨਿਗਮ ਲਿਮੀਟੇਡ (ਐਨਵੀਵੀ ਐਨਐਲ) ਅਤੇ ਨਗਰ ਨਿਗਮ, ਗੁਰੂਗ੍ਰਾਮ ਅਤੇ ਫਰੀਦਾਬਾਦ ਦੇ ਵਿਚਕਾਰ ਸਮਝੌਤਾ ਮੈਮੋ (ਐਮਓਯੂ) 'ਤੇ ਹਸਤਾਖਰ ਕੀਤੇ ਗਏ । ਨਗਰ ਨਿਗਮ ਫਰੀਦਾਬਾਦ ਦੀ ਕਮਿਸ਼ਨਰ ਸ੍ਰੀਮਤੀ ਏ ਮੀਨਾ ਸ੍ਰੀਵਾਸਤਵ ਅਤੇ ਨਗਰ ਨਿਗਮ ਗੁਰੂਗ੍ਰਾਮ ਦੇ ਕਮਿਸ਼ਨਰ ਸ੍ਰੀ ਨਰਹਰੀ ਸਿੰਘ ਬਾਂਗੜ ਅਤੇ ਐਨਵੀਵੀਐਨਐਲ ਵੱਲੋਂ ਸੀਈਓ ਸ੍ਰੀਮਤੀ ਰੇਣੂ ਨਾਰੰਗ ਨੇ ਐਮਓਯੂ 'ਤੇ ਹਸਤਾਖਰ ਕੀਤੇ। ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਅੱਜ ਦਾ ਦਿਨ ਹਰਿਆਣਾ ਦੇ ਲਈ ਬਹੁਤ ਮਹਤੱਵਪੂਨ ਦਿਨ ਹੈ, ੧ਦੋਂ ਗ੍ਰੀਨ ਚਾਰਕੋਲ ਬਨਾਉਣ ਲਈ ਪਲਾਂਟ ਤਹਿਤ ਐਮਓਯੂ ਹੋਇਆ ਹੈ। ਸਮਝੌਤੇ ਦੇ ਅਨੁਸਾਰ, ਐਲਟ.ਪੀਸੀ ਬਿਜਲੀ ਵਪਾਰ ਨਿਗਮ ਲਿਮੀਟੇਡ (ਐਨਵੀ ਵੀਐਨ), ਐਨਟੀਪੀਸੀ ਲਿਮੀਟੇਡ ਦੀ ਪੂਰੀ ਤਰ੍ਹਾ ਨਾਲ ਸਵਾਮਿਤਵ ਵਾਲੇ ਸਹਾਇਕ ਕੰਪਨੀ ਹੈ, ਜੋ ਭਾਰਤ ਸਰਕਾਰ ਦੇ ਆਤਮਨਿਰਭਰ ਭਾਰਤ ਮੁਹਿਮ ਦੇ ਤਹਿਤ ਗੁਰੂਗ੍ਰਾਮ ਅਤੇ ਫਰੀਦਾਬਾਦ ਵਿਚ ਵੇਸਟ ਟੂ ਚਾਰਕੋਲ ਪਲਾਟ ਸਥਾਪਿਤ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਗੁਰੂਗ੍ਰਾਮ ਦੇ ਬੰਧਵਾੜੀ ਵਿਚ ਅਤੇ ਫਰੀਦਾਬਾਦ ਦੇ ਮੋਠੂਕਾ ਵਿਚ ਲਗਭਗ 500-500 ਕਰੋੜ ਰੁਪਏ ਦੀ ਲਾਗਤ ਨਾਲ ਹਰਿਤ ਕੋਇਲਾ ਪਲਾਂਟ ਸਥਾਪਿਤ ਕੀਤੇ ਜਾਣਗੇ। ਇੰਨ੍ਹਾਂ ਦੋਵਾਂ ਪਲਾਂਟਾਂ ਵਿਚ ਗੁਰੂਗ੍ਰਾਮ ਅਤੇ ਫਰੀਦਾਬਾਦ ਸ਼ਹਿਰਾਂ ਵਿਚ ਇੱਕਠਾ 1500-1500 ਟਨ ਪ੍ਰਤੀ ਦਿਨ (ਟੀਪੀਡੀ) ਕੂੜੇ ਨੂੰ ਚਾਰਕੋਲ ਵਿਚ ਬਦਲਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇੰਨ੍ਹਾਂ ਦੋਵਾਂ ਪਲਾਂਟਾਂ ਦੇ ਲਈ ਗੁਰੂਗ੍ਰਾਮ ਅਤੇ ਫਰੀਦਾਬਾਦ ਨਗਰ ਨਿਗਮਾਂ ਵੱਲੋਂ 20-20 ਏਕੜ ਜਮੀਨ ਦਿੱਤੀ ਜਾਵੇਗੀ ਅਤੇ ਐਨਟੀਪੀਸੀ ਵੱਲੋਂ ਜਲਦੀ ਹੀ ਜਮੀਨਾਂ ਦਾ ਕਬਜਾ ਲੈ ਕੇ ਪਲਾਂਟ ਸਥਾਪਿਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ, ਜਿੰਨ੍ਹਾਂ ਦੇ ਲਗਭਗ 30 ਮਹੀਨੇ ਵਿਚ ਪੂਰਾ ਹੋਣ ਦੀ ਸੰਭਾਵਨਾ ਹੈ। ਇਹ ਦੋਵਾਂ ਪਲਾਂਟ ਪੂਰੀ ਤਰ੍ਹਾ ਨਾਲ ਸਵਦੇਸ਼ੀ ਤਕਨੀਕ 'ਤੇ ਅਧਾਰਿਤ ਹੋਣਗੇ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਇੰਨ੍ਹਾਂ ਪਲਾਂਟਾਂ ਦੇ ਸਥਾਪਿਤ ਹੋਣ ਨਾਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਵੱਛ ਭਾਰਤ ਮੁਹਿੰਮ ਨੂੰ ਮੂਰਤਰੂਪ ਦੇਣ ਵਿਚ ਬਹੁਤ ਮਦਦ ਮਿਲੇਗੀ, ਜਿਸ ਨਾਲ ਗੁਰੂਗ੍ਰਾਮ ਅਤੇ ਫਰੀਦਾਬਾਦ ਸ਼ਹਿਰ ਕੂੜਾ ਮੁਕਤ ਬਨਣਗੇ। ਭਵਿੱਖ ਵਿਚ ਸ਼ਹਿਰਾਂ ਵਿਚ ਕੂੜੇ ਦੇ ਢੇਰ ਤੋਂ ਵੀ ਮੁਕਤੀ ਮਿਲੇਗੀ। ਗੁਰੂਗ੍ਰਾਮ ਤੇ ਫਰੀਦਾਬਾਦ ਵੇਸਟ-ਟੂ-ਗ੍ਰੀਨ ਕੋਲ ਪਲਾਂਟ ਸਥਾਪਿਤ ਕਰਨ ਨਾਲ ਨਾ ਸਿਰਫ ਕੂੜੇ ਦੀ ਸਮਸਿਆ ਦਾ ਸਥਾਈ ਹੱਲ ਹੋਵੇਗਾ, ਸਗੋ ਉਰਜਾ ਉਤਪਾਦਨ ਵਿਚ ਵੀ ਵਾਧਾ ਹੋਵੇਗਾ। ਇਸ ਟੋਰੀਫਾਇਡ ਚਾਰਕੋਲ ਦੀ ਵਰਤੋ ਬਿਜਲੀ ਉਤਪਾਦਨ ਪਲਾਂਟਾਂ ਵਿਚ ਕੀਤਾ ਜਾਵੇਗਾ, ਜਿਸ ਤੋਂ ਖਣਿਜ ਕੋਇਲੇ ਦੀ ਵਰਤੋ ਵਿਚ ਵੀ ਕਮੀ ਆਵੇਗੀ। ਉਨ੍ਹਾਂ ਨੇ ਕਿਹਾ ਕਿ ਸਾਡਾ ਇਹ ਯਤਨ ਸ਼ਹਿਰੀ ਸਵੱਛਤਾ ਨੂੰ ਮਹਤੱਵਪੂਰਨ ਰੂਪ ਨਾਲ ਵਧਾਉਣ ਅਤੇ ਗੁਰੂਗ੍ਰਾਮ ਅਤੇ ਫਰੀਦਾਬਾਦ ਵਿਚ ਵਾਤਾਵਰਣ ਸਥਿਰਤਾ ਨੂੰ ਪ੍ਰੋਤਸਾਹਨ ਦੇਣ ਵਿਚ ਅਹਿਮ ਭੂਕਿਮਾ ਨਿਭਾਏਗਾ।

ਇਸ ਤੋਂ ਪਹਿਲਾਂ ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਵਿਕਾਸ ਗੁਪਤਾ ਨੇ ਪਰਿਯੋਜਨਾ ਦੇ ਬਾਰੇ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਵੱਧਦੇ ਸ਼ਹਿਰੀਕਰਣ ਦੇ ਦੌਰ ਵਿਚ ਲਗਾਤਾਰ ਕੂੜੈ ਦਾ ਸ੍ਰਿਜਨ ਵੀ ਵਧਦਾ ਜਾ ਰਿਹਾ ਹੈ, ਜਿਸ ਨਾਲ ਸ਼ਹਿਰਾਂ ਵਿਚ ਕੂੜੇ ਦਾ ਨਿਸਤਾਰਣ ਇਕ ਵੱਡੀ ਚਨੌਤੀ ਬਣ ਰਿਹਾ ਹੈ। ਇਸ ਸਮਸਿਆ ਦੇ ਹੱਲ ਤਹਿਤ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੇ ਮਾਰਗਦਰਸ਼ਨ ਵਿਚ ਅਸੀਂ ਇਸ ਦਿਸ਼ਾ ਵਿਚ ਐਨਵੀਵੀਐਨ ਦੇ ਨਾਲ ਪਹਿਲ ਕੀਤੀ ਹੈ। ਗੁਰੂਗ੍ਰਾਮ ਅਤੇ ਫਰੀਦਾਬਾਦ ਵਿਚ ਇੰਨ੍ਹਾਂ ਪਲਾਂਟਾਂ ਦੇ ਸਥਾਤਿ ਹੋਣ ਨਾਲ ਕੂੜੇ ਪ੍ਰਬੰਧਨ ਨੂੰ ਮਜਬੂਤੀ ਮਿਲੇਗੀ।

ਐਨਵੀਵੀਐਨਐਲ ਦੀ ਸੀਈਓ ਸ੍ਰੀਮਤੀ ਰੇਣੂ ਨਾਰੰਗ ਨੇ ਵੇਸਟ-ਟੂ-ਚਾਰਕੋਲ ਪਲਾਂਟ ਦੇ ਬਾਰੇ ਵਿਚ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮੌਜੂਦਾ ਵਿਚ ਵਾਰਾਣਸੀ ਵਿਚ ਐਨਟੀਪੀਸੀ ਵੱਲੋਂ 600 ਟਨ ਰੋ੧ਾਨਾ ਕੂੜੇ ਤੋਂ ਵੇਸਟ-ਟੂ-ਚਾਰਕੋਲ ਬਨਾਉਣ ਦਾ ਪਲਾਂਟ ਸੰਚਾਲਿਤ ਕੀਤਾ ਜਾ ਰਿਹਾ ਹੈ। ਹਾਲਾਂਕਿ ਹਰਿਆਣਾ ਵਿਚ ਸਥਾਪਿਤ ਹੋਣ ਵਾਲੇ ਇਹ ਦੋਵਾਂ ਪਲਾਂਟ ਭਾਰਤ ਵਿਚ ਸੱਭ ਤੋਂ ਵੱਡੇ ਹੋਣਗੇ, ਜਿੱਥੇ ਰੋਜਨਾ 1500-1500 ਟਨ ਕੂੜੇ ਤੋਂ ਚਾਰਕੋਲ ਬਣਾਇਆ ੧ਾਵੇਗਾ। ਇੰਨ੍ਹਾਂ ਦੀ ਸਫਲਤਾ ਦੇ ਬਾਅਦ ਹੋਰ ਸ਼ਹਿਰਾਂ ਵਿਚ ਵੀ ਇਸ ਤਕਨੀਕ ਨੂੰ ਸਥਾਪਿਤ ਕਰਨ ਦਾ ਵਿਚਾਰ ਹੈ।

# ਗੁਰ ਪੂਰਨਮਾਂ ਦਿਵਸ ਤੇ ਜਰੂਰਤਮੰਦ ਬੱਚਿਆ ਨੂੰ ਵੰਡੇ ਕੱਪੜੇ ਤੇ ਸਟੇਸ਼ਨਰੀ

**ਪਾਤੜਾਂ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਠੰਡੇ ਮਿੱਠੇ ਪਾਣੀ ਦੀ ਛਬੀਲ ਚ ਪਾਣੀ ਪਿਲਾਉਣ ਦੀ ਸੇਵਾ ਕਰਦੇ ਹੋਏ ਸੇਵਾਦਾਰ।

ਐਮ.ਐਸ.ਜੀ ਡੇਰਾ ਸੱਚਾ ਸੌਦਾ ,ਮਾਨਵਤਾ ਭਲਾਈ ਕੇਂਦਰ ਪਾਤੜਾਂ ਵਿਖੇ ,ਬਲਾਕ ਪਾਤੜਾਂ ਅਤੇ ਬਲਾਕ ਸੁਤਰਾਣਾ ਦੀ ਸਾਧ ਸੰਗਤ ਵੱਲੋ ਪਵਿੱਤਰ ਗੁਰ ਪੂਰਨਮਾਂ ਦਿਵਸ ਦੀ ਖੁਸ਼ੀ ਚ ਬਲਾਕ ਪੱਧਰੀ ਸਾਝੀ ਨਾਮ ਚਰਚਾ ਕਰਕੇ ਮਾਲਕ ਦਾ ਗੁਣਗਾਨ ਗਾਇਆ ਗਿਆ । ਇਸ ਮੌਕੇ ਸਭ ਤੋ ਪਹਿਲਾਂ ਬਲਾਕ ਪ੍ਰੇਮੀ ਸੇਵਕ ਵੱਲੋ ਪਵਿੱਤਰ ਨਾਅਰਾ ਲਗਾ ਕੇ ਗੁਰੂ ਪੂਰਨਮਾਂ ਦਿਵਸ ਦੀਆਂ ਵਧਾਈਆਂ ਦਿੰਦੇ ਹੋਏ ਨਾਮ ਚਰਚਾ ਦੀ ਸੁਰੂਆਤ ਕੀਤੀ ਗਈ। ਕਵੀਰਾਜ ਵੀਰਾਂ ਵੱਲੋ ਪਵਿੱਤਰ ਗ੍ਰੰਥਾਂ ਦੀ ਰਚਨਾਂ ਵਿਚੋ ਭਜਨ ਬੋਲੇ ਗਏ ਅਤੇ ਗੁਰੂ ਸਾਹਿਬਾਨਾਂ ਦੇ ਅਨਮੋਲ ਬਚਨ ਪੜ ਕੇ ਸੁਣਾਏ ਗਏ ੇ। ਇਸ ਮੌਕੇ ਸਾਧ-ਸੰਗਤ ਵੱਲੋ 20 ਜਰੂਰਤਮੰਦ ਬੱਚਿਆ ਨੂੰ ਕੱਪੜੇ ਅਤੇ ਸਟੇਸ਼ਨਰੀ ਵੰਡੀ ਗਈ। ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਇਸ ਮੌਕੇ 85 ਮੈਂਬਰ ਜਗਤਾਰ ਇੰਸ਼ਾ ਡਾ ਨਿਰਭੈ ਇੰਸਾਂ ਭੈਣ ਗੁਰਜੀਤ ਇੰਸਾਂ ਅਤੇ ਕੋਮਲ ਇੰਸ਼ਾ ਨੇ ਦੱਸਿਆ ਕਿ ਡੇਰਾ ਸੱਚਾ ਸੌਦਾ ਵਲੋ ਚਲਾਏ ਗਏ 163 ਮਾਨਵਤਾ ਭਲਾਈ ਕਾਰਜ ਤਹਿਤ ਜਰੂਰਤ ਮੰਦ ਬੱਚਿਆ ਨੂੰ ਕਿਤਾਬਾ ਅਤੇ ਸਟੇਸਨਰੀ ਵੰਡੀਆ ਗਈਆ ਅਤੇ ਸਾਧ ਸੰਗਤ ਨੇ ਸਵੇਰੇ 7 ਵਜੇ ਦੀਵਾ ਲਗਾ ਕੇ ਆਪਣੇ ਗੁਰੂ ਨੂੰ ਸੱਜਦਾ ਕੀਤਾ ਇਸ ਮੌਕੇ ਪਿੰਡਾਂ ਦੇ ਪ੍ਰੇਮੀ ਸੇਵਕ, 15 ਮੈਂਬਰ, ਬਲਾਕ ਜੁਮੇਵਾਰ ਮੈਂਬਰਾਂ ਤੋ ਇਲਾਵਾ ਹੋਰ ਵੀ ਸਾਧ-ਸੰਗਤ ਮੌਜੂਦ ਸੀ।

# -ਲੋਕਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਐਮ.ਐਲ.ਏ ਸੇਖੋਂ ਨੇ ਰੇਲਵੇ ਮੈਨੇਜਰ ਫਿਰੋਜ਼ਪੁਰ ਨਾਲ ਕੀਤੀ ਮੀਟਿੰਗ

**ਫਰੀਦਕੋਟ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਗੁਰਦਿੱਤ ਸਿੰਘ ਸੇਖੋਂ ਐਮ.ਐਲ.ਏ ਹਲਕਾ ਫਰੀਦਕੋਟ ਨੇ ਫਰੀਦਕੋਟ ਰੇਲਵੇ ਸਟੇਸ਼ਨ ਅਤੇ ਰੇਲਵੇ ਫਾਟਕਾਂ ਨਾਲ ਸੰਬੰਧਤ ਫਰੀਦਕੋਟ ਦੇ ਲੋਕਾ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਰੇਲਵੇ ਦੇ ਡਿਵੀਜ਼ਨਲ ਰੇਲਵੇ ਮੈਨੇਜਰ ਫਿਰੋਜ਼ਪੁਰ ਸ਼੍ਰੀ ਸੰਜੇ ਸਾਹੂ ਅਤੇ ਸੀਨੀਅਰ ਡਿਵੀਜ਼ਨਲ ਇੰਜੀਨੀਅਰ ਸ਼੍ਰੀ ਭੁਪਿੰਦਰ ਸਲਵਾਨ ( ਹੈੱਡ ਕੁਆਰਟਰ ) ਨਾਲ ਫਿਰੋਜ਼ਪੁਰ ਵਿਖੇ ਉਨ੍ਹਾਂ ਦੇ ਦਫ਼ਤਰ ਵਿੱਚ ਇੱਕ ਮੀਟਿੰਗ ਕੀਤੀ ਗਈ ਮੀਟਿੰਗ ਵਿੱਚ ਸ.ਸੇਖੋਂ ਵੱਲੋ ਡਿਵੀਜ਼ਨਲ ਰੇਲਵੇ ਮੈਨੇਜਰ ਫਿਰੋਜ਼ਪੁਰ ਸ਼੍ਰੀ ਸੰਜੇ ਸਾਹੂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਰੇਲਵੇ ਸਟੇਸ਼ਨ ਫਰੀਦਕੋਟ ਦਾ ਪਲੇਟ ਫਾਰਮ ਨੰਬਰ :2 ਬਹੁਤ ਛੋਟਾ ਹੈ ਜਦੋ ਕਿ ਹੁਣ ਟ੍ਰੇਨ ਦੀ ਲੰਬਾਈ ਪਹਿਲਾ ਨਾਲੋ ਬਹੁਤ ਜ਼ਿਆਦਾ ਹੋ ਗਈ ਹੈ ਜਿਸ ਨਾਲ ਲੋਕਾਂ ਨੂੰ ਟ੍ਰੇਨ ਵਿੱਚ ਚੜਨ ਵਿੱਚ ਬਹੁਤ ਦਿਕੱਤ ਪੇਸ਼ ਆਉਂਦੀ ਹੈ ਅਤੇ ਦੁਰਘਟਨਾਵਾ ਪੇਸ਼ ਆਉਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਜਿਸ ਤੇ ਡਿਵੀਜ਼ਨਲ ਰੇਲਵੇ ਮੈਨੇਜਰ ਫਿਰੋਜ਼ਪੁਰ ਨੇ ਦੱਸਿਆ ਕਿ ਪਲੇਟ ਫਾਰਮ ਨੰਬਰ :2 ਨੂੰ ਵੱਡਾ ਕਰਨ ਦਾ ਪ੍ਰਜੈਕਟ ਮੰਜੂਰ ਹੋ ਚੁੱਕਾ ਹੈ ਜਲਦੀ ਹੀ ਪਲੇਟ ਫਾਰਮ ਨੰਬਰ 2 ਨੂੰ ਵੱਡਾ ਕਰ ਦਿੱਤਾ ਜਾਵੇਗਾ ਸ. ਸੇਖੋਂ ਵਲੋਂ ਡਿਵੀਜ਼ਨਲ ਰੇਲਵੇ ਮੈਨੇਜਰ ਫਿਰੋਜ਼ਪੁਰ ਸ਼੍ਰੀ ਸੰਜੇ ਸਾਹੂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਫਰੀਦਕੋਟ ਸ਼ਹਿਰ ਦੇ ਵਿੱਚੋ ਦੀ ਫਿਰੋਜ਼ਪੁਰ - ਬਠਿੰਡਾ ਰੇਲਵੇ ਲਾਈਨ ਲੰਘਦੀ ਹੈ ਜੋ ਫ਼ਰੀਦਕੋਟ ਸ਼ਹਿਰ ਨੂੰ ਦੋ ਹਿਸਿਆਂ ਵਿੱਚ ਵੰਡਦੀ ਹੈ ਜਿਸ ਕਾਰਣ ਇਸ ਰੇਲਵੇ ਲਾਈਨ ਉੱਪਰ 4 ਰੇਲਵੇ ਫਾਟਕ ( ਫਰੀਦਕੋਟ ਬਾਏ ਪਾਸ ਉੱਪਰ , ਚਾਹਲ ਰੋਡ ਉਪਰਲਾ ਰੇਲਵੇ ਫਾਟਕ , ਭੋਲੂ ਵਾਲਾ ਰੋਡ ਉੱਪਰ ਪੈਂਦਾ ਰੇਲਵੇ ਫਾਟਕ , ਪੱਖੀ ਰੋਡ ਉੱਪਰ ਪੈਂਦਾ ਰੇਲਵੇ ਫਾਟਕ )ਪੈਂਦੇ ਹਨ , ਉਨ੍ਹਾਂ ਦੱਸਿਆ ਕਿ ਇਨ੍ਹਾਂ ਰੇਲਵੇ ਫਾਟਕ ਉੱਪਰ ਵੱਡਾ ਟ੍ਰੈਫਿਕ ਜਾਮ ਲੱਗਾ ਰਹਿੰਦਾ ਹੈ ।

# ਟਾਟਾ ਮੋਟਰਜ਼ ਨੇ ਭਾਰਤ ਦੀ ਪਹਿਲੀ SUV ਕੂਪ ਦੇ ਨਾਲ ਮਿਡ-SUV ਸ਼੍ਰੇਣੀ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ Tata Curv ਦਾ ਖੁਲਾਸਾ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

SUV ਡਿਜ਼ਾਈਨ ਵਿੱਚ ਇੱਕ ਨਵੇਂ ਯੁੱਗ ਨੂੰ ਪਰਿਭਾਸ਼ਿਤ ਕਰਦੇ ਹੋਏ, ਭਾਰਤ ਦੀ ਪ੍ਰਮੁੱਖ ਆਟੋਮੋਟਿਵ ਨਿਰਮਾਤਾ ਕੰਪਨੀ ਟਾਟਾ ਮੋਟਰਜ਼ ਨੇ ਅੱਜ ਟਾਟਾ Curvv ICE Áå¶ EV ਦਾ ਉਦਘਾਟਨ ਕੀਤਾ। ਸ਼ਕਤੀਸ਼ਾਲੀ ਦਿੱਖ, ਰੂਪ ਅਤੇ ਕਾਰਜ ਨਾਲ ਪੈਦਾ ਹੋਈ, Curvv ਭਾਰਤ ਦੀ ਪਹਿਲੀ SUV ਕੂਪ ਹੈ। ਨਵੇਂ-ਯੁੱਗ ਦੀ SUV ਟਾਈਪੋਲੋਜੀ ਨੂੰ ਪ੍ਰਦਰਸ਼ਿਤ ਕਰਦੇ ਹੋਏ, Curvv ਕਲਾਤਮਕ ਤੌਰ ਇੱਕ SUV ਦੀ ਕਠੋਰਤਾ ਅਤੇ ਵਿਹਾਰਕਤਾ ਨੂੰ ਇੱਕ ਕੂਪ ਦੇ ਸ਼ਾਨਦਾਰ ਅਤੇ ਸਪੋਰਟੀ ਸਿਲੂਏਟ ਨਾਲ ਮਿਲਾਉਂਦਾ ਹੈ। 7 ਅਗਸਤ ਨੂੰ ਲਾਂਚ ਹੋਣ ਵਾਲੀ, ਬਿਲਕੁਲ ਨਵੀਂ Curvv ਟਾਟਾ ਮੋਟਰਜ਼ ਦੀ ਮਜ਼ਬੂਤ ਮਲਟੀ-ਪਾਵਰਟ੍ਰੇਨ ਰਣਨੀਤੀ ਦੀ ਪਾਲਣਾ ਕਰੇਗੀ ਅਤੇ ਸਭ ਤੋਂ ਪਹਿਲਾਂ ਇਸ ਦੇ ਸੰਸਕਰਣ ਵਿੱਚ ਉਪਲਬਧ ਹੋਵੇਗੀ, ਇਸ ਦੇ ਬਾਅਦ ਜਲਦ ਹੀ ਇਸਦੇ ੭੩੫ ਸੰਸਕਰਨ ਵੀ ਸਾਹਮਣੇ ਆਉਣਗੇ। ਇਸ ਉਦਘਾਟਨ ਤੇ ਟਿੱਪਣੀ ਕਰਦੇ ਹੋਏ, ਸ਼੍ਰੀ ਸ਼ੈਲੇਸ਼ ਚੰਦਰਾ, ਮੈਨੇਜਿੰਗ ਡਾਇਰੈਕਟਰ, ਟਾਟਾ ਮੋਟਰਜ਼ ਪੈਸੇਂਜਰ ਵਹੀਕਲਜ਼ ਲਿਮਟਿਡ ਅਤੇ ਟਾਟਾ ਪੈਸੇਂਜਰ ਇਲੈਕਟ੍ਰਿਕ ਮੋਬਿਲਿਟੀ ਲਿਮਟਿਡ, ਨੇ ਕਿਹਾ, ਟਾਟਾ ਮੋਟਰਜ਼ ਨੇ ਭਾਰਤੀ SUV ਸੈਕਟਰ ਦੀ ਅਗਵਾਈ ਕੀਤੀ ਹੈ। ਇਸ ਤੋਂ ਇਲਾਵਾ, ਅਸੀਂ ਵਾਰ-ਵਾਰ ਨਵੀਨਤਾਕਾਰੀ ਡਿਜ਼ਾਈਨਾਂ ਰਾਹੀਂ ਸ਼੍ਰੇਣੀ ਵਿੱਚ ਖਲਬਲੀ ਮਚਾਈ ਹੈ ਜੋ ਸੜਕ ਤੇ ਸ਼ਾਨਦਾਰ ਮੌਜੂਦਗੀ ਦੇ ਨਾਲ ਵਧੀਆਂ ਕਾਰਜਸ਼ੀਲਤਾ ਦੀ ਪੇਸ਼ਕਸ਼ ਕਰਦੇ ਹਨ। ਅਸਲੀ ਸੀਅਰਾ, ਸਫਾਰੀ, ਨੇਕਸਨ, ਪੰਚ ਅਤੇ ਹੈਰੀਅਰ SUV ਇਸ ਡਿਜ਼ਾਈਨ ਦੀ ਅਗਵਾਈ ਵਾਲੀ ਮਾਰਕੀਟ ਲੀਡਰਸ਼ਿਪ ਦਾ ਪ੍ਰਮਾਣ ਹਨ। ਇਸ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ ਅਤੇ ਸਾਡੇ ਪੋਰਟਫੋਲੀਓ ਨੂੰ ਹੋਰ ਮਜ਼ਬੂਤ ਕਰਦੇ ਹੋਏ, ਅਸੀਂ ਇੱਕ ਵਾਰ ਫਿਰ ਟਾਟਾ ਕਰਵ - ਭਾਰਤ ਦੀ ਪਹਿਲÆ SUV ਕੂਪ - ਇੱਕ ਵਿਘਨਕਾਰੀ ਡਿਜ਼ਾਈਨ ਪੇਸ਼ ਕਰਕੇ ਉਤਸ਼ਾਹੀ ਅਤੇ ਅਭਿਲਾਸ਼ੀ ਮਿਡਸ਼੍ਰੇਣੀ ਵਿੱਚ ਅਵਿਵਸਥਾ ਨੂੰ ਤੋੜ ਦਿੱਤਾ ਹੈ ਜੋ ਪ੍ਰੀਮੀਅਮ ਹਿੱਸਿਆਂ ਵਿੱਚ ਕੂਪ ਬਾਡੀ ਸਟਾਈਲ ਦਾ ਲੋਕਤੰਤਰੀਕਰਨ ਕਰਦੀ ਹੈ। ਕਰਵ ਦੇ ਨਾਲ ਅਸੀਂ ਮੱਧ-SUV ਗਾਹਕਾਂ ਦੀਆਂ ਵਿਭਿੰਨ ਜ਼ਰੂਰਤਾਂ ਨੂੰ ਪੂਰਾ ਕਰਾਂਗੇ, ਅਤੇ ਉਹਨਾਂ ਨੂੰ ਪ੍ਰੀਮੀਅਮ ਪ੍ਰਦਰਸ਼ਨ ਦੇ ਨਾਲ ਇੱਕ ਨਵਾਂ ਅਤੇ ਸ਼ਾਨਦਾਰ ਡਿਜ਼ਾਈਨ ਕੀਤਾ ਉਤਪਾਦ ਪ੍ਰਦਾਨ ਕਰਾਂਗੇ।

ਕਰਵ ਆਕਰਸ਼ਕ ਡਿਜ਼ਾਈਨ, ਮਜ਼ਬੂਤ ਵਿਹਾਰਕਤਾ ਅਤੇ ਉਤਸ਼ਾਹੀ ਪ੍ਰਦਰਸ਼ਨ ਦਾ ਸੰਪੂਰਨ ਮਿਸ਼ਰਣ ਹੈ। ਕਰਵ ਦੀ SUV ਕੂਪ ਬਾਡੀ ਸਟਾਈਲ, ਮਿਡ-ਮਾਰਕੀਟ ਵਿੱਚ ਆਮ ਤੌਰ 'ਤੇ ਰਵਾਇਤੀ ਬਾਕਸੀ ਡਿਜ਼ਾਈਨ ਦੇ ਉਲਟ, ਸ਼ੋਅ ਸੰਕਲਪ ਕਾਰ ਵਿੱਚ ਪ੍ਰਦਰਸ਼ਿਤ ਮਜ਼ਬੂਤ ਐਰੋਡਾਇਨਾਮਿਕ ਥੀਮ ਨੂੰ ਅੱਗੇ ਲੈ ਕੇ ਜਾਂਦੀ ਹੈ ਜੋ ਇਸਦੇ ਮਜ਼ਬੂਤ ਚਰਿੱਤਰ ਨੂੰ ਸਾਹਮਣੇ ਲਿਆਉਂਦੀ ਹੈ ਅਤੇ ਇਸਨੂੰ ਵਾਹਨ ਰਾਹੀਂ ਦਲੇਰੀ ਨਾਲ ਪੇਸ਼ ਕਰਦੀ ਹੈ। ਉਹ ਜਾਂਦੀ ਹੈ।

ਵਧੀ ਹੋਈ ਰਾਈਡ ਦੀ ਉਚਾਈ, ਸਖ਼ਤ ਕਲੈਡਿੰਗ ਅਤੇ ਗਤੀਸ਼ੀਲ ਅਨੁਪਾਤ ਇਸਦੀ ਅਪੀਲ ਵਿੱਚ ਯੋਗਦਾਨ ਪਾਉਂਦੇ ਹਨ। ਕਰਵ ਦੀ ਉੱਚੀ ਢਲਾਣ ਵਾਲੀ ਛੱਤ ਇਸ ਨੂੰ ਹਵਾ ਦੇ ਟਾਕਰੇ ਨੂੰ ਕੁਸ਼ਲਤਾ ਨਾਲ ਕੱਟਣ ਦੀ ਇਜਾਜ਼ਤ ਦਿੰਦੀ ਹੈ, ਜਦੋਂ ਕਿ ਇਸਦੇ ਵੱਡੇ ਪਹੀਏ, ਉੱਚ ਪਹੁੰਚ ਅਤੇ ਰਵਾਨਗੀ ਦੇ ਕੋਣ ਅਤੇ ਵਧੀ ਹੋਈ ਜ਼ਮੀਨੀ ਕਲੀਅਰੈਂਸ ਇਸ ਨੂੰ ਇੱਕ ਸਥਿਰ ਅਤੇ ਸੰਤੁਲਿਤ ਰੁਖ ਪ੍ਰਦਾਨ ਕਰਦੀ ਹੈ।

# ਮੁੱਖ ਮੰਤਰੀ ਨਾਂਇਬ ਸਿੰਘ ਸੈਨੀ ਨੇ ਹਿਸਾਰ ਵਿਚ ਮਹਾਰਾਜਾ ਦਕਸ਼ ਪ੍ਰਜਾਪਤੀ ਜੈਯੰਤੀ ਸੂਬਾ ਪੱਧਰੀ ਸਮਾਰੋਹ ਵਿਚ ਲਗਾਈ ਐਲਾਨਾਂ ਦੀ ਝੜੀ

**ਚੰਡੀਗੜ੍ਹ, 25 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਦੀ ਸੰਤ ਮਹਾਪੁਰਸ਼ ਸਨਮਾਨ ਅਤੇ ਵਿਚਾਰ ਪ੍ਰਚਾਰ-ਪ੍ਰਸਾਰ ਯੋਜਨਾ ਦੇ ਤਹਿਤ ਅੱਜ ਜਿਲ੍ਹਾ ਹਿਸਾਰ ਵਿਚ ਮਹਾਰਾਜਾ ਦਕਸ਼ ਪ੍ਰਜਾਪਤੀ ਜੈਯੰਤੀ ਰਾਜ ਪੱਧਰੀ ਸਮਾਰੋਹ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਨੇ ਸਮਾਰੋਹ ਵਿਚ ਐਲਾਨ ਕਰਦੇ ਹੋਏ ਕਿਹਾ ਕਿ ਆਰਿਆ ਨਗਰ ਅਤੇ ਕੈਮੀਰ ਪਿੰਡ ਨੂੰ ੧ਲਦੀ ਹੀ ਮਹਾਗ੍ਰਾਮ ਯੋ੧ਨਾ ਵਿਚ ਸ਼ਾਮਿਲ ਕੀਤਾ ੧ਾਵੇਗਾ। ਇਸ ਤੋਂ ਇਲਾਵਾ, ਆਰਿਆ ਨਗਰ ਪਿੰਡ ਵਿਚ ੧ਮੀਨ ਉਪਲਬਧ ਹੋਣ 'ਤੇ ਡਾ ਬੀ ਆਰ ਅੰਬੇਦਕਰ ਦੇ ਨਾਂਅ ਨਾਲ ਕੰਮਿਉਨਿਟੀ ਸੈਂਟਰ ਬਣਾਇਆ ਜਾਵੇਗਾ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਗੰਗਵਾ ਰੋਡ, ਸਾਕੇਤ ਕਲੋਨੀ ਕੰਮਿਊਨਿਟੀ ਸੈਂਟਰ ਦੇ ਕਲੋ ਉਪਲਬਧ ਜਮੀਨ 'ਤੇ ਅਰਬਨ ਹੈਲਥ ਸੈਂਟਰ ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਗੁਰੂ ਦਕਸ਼ ਆਈਟੀਆਈ ਆਰਿਆ ਨਗਰ ਹਿਸਾਰ ਵਿਚ 15 ਕਿਲੋਵਾਟ ਦਾ ਸੋਲਰ ਸਿਸਟਮ ਲਗਾਵਾਇਆ ਜਾਵੇਗਾ ਅਤੇ ਆਈਟੀਆਈ ਵਿਚ ਡਿਜੀਟਲ ਲਾਇਬ੍ਰੇਰੀ ਦਾ ਨਿਰਮਾਣ ਕੀਤਾ ਜਾਵੇਗਾ। ਨਾਲ ਹੀ ਵਿਸ਼ੇਸ਼ ਪਾਇਪਲਾਇਨ ਰਾਹੀਂ ਪੀਣ ਦੇ ਪਾਣੀ ਦੀ ਸਮਸਿਆ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਕੁਮਹਾਰ ਧਰਮਸ਼ਾਲਾ ਪ੍ਰੇਮ ਨਗਰ ਹਿਸਾਰ ਵਿਚ ਸ਼ੈਡ ਦੇ ਨਿਰਮਾਣ ਲਈ 21 ਲੱਖ ਰੁਪਏ ਦੀ ਰਕਮ ਦੀ ਮੰਜੂਰੀ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਮਿੱਟੀ ਕਲਾ ਬੋਰਡ ਦੇ ਬਜਟ ਵਿਚ ਵਾਧਾ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਨੌਕਰੀਆਂ ਵਿਚ ਬੀਸੀ-ਏ ਦੇ ਬੈਕਲਾਗ ਨੂੰ ਜਲਦੀ ਭਰਿਆ ਜਾਵੇਗਾ।

ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਸਪਰਾ ਹਸਪਤਾਲ ਤੋਂ ਬਾਈਪਾਸ ਰਾਜਗੜ੍ਹ ਰੋਡ ਤਕ ਦੀ ਸੜਕ ਅਤੇ ਜਿਲ੍ਹਾ ਹਿਸਾਰ ਵਿਚ ਪਿੰਡ ਤਲਵੰਡੀ ਰੁੱਕਾ ਤੋਂ ਪਿੰਡ ਚਨਾਨਾ ਤਕ ਹਰਿਆਣਾ ਰਾਜ ਮਾਰਕਟਿੰਗ ਬੋਰਡ ਦੀ ਲਗਭਗ 6 ਕਿਲੋਮੀਟਰ ਦੀ ਸੜਕ ਨੂੰ ਬਨਾਉਣ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਚੌਧਧਰੀਵਾਸ ਸਬ ਮਾਈਨਰ ਬੁਰਜੀ ਗਿਣਤੀ 11300 ਤੋਂ 18600 ਟੇਲ ਤਕ ਰਿਮੋਡਲਿੰਗ ਦਾ ਕਾਰਜ ਕਰਵਾਇਆ ਜਾਵੇਗਾ। ਜਿਲ੍ਹਾ ਫਤਿਹਾਬਾਦ ਵਿਚ ਕੁਮਹਾਰ ਧਰਮਸ਼ਾਲਾ ਬਨਾਉਣ ਲਈ ਨੀਤੀ ਦੇ ਅਨੁਸਾਰ 50 ਫੀਸਦੀ ਕਲੈਕਟਰ ਰੇਟ 'ਤੇ ਅੱਧ ਏਕੜ ਜ਼ਮੀਨ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਸਮਾਰੋਹ ਵਿਚ ਮੌਜੂਦ ਜਨਤਾ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਅੱਜ ਤੋਂ ਲੱਖਾਂ ਸਾਲ ਪਹਿਲਾਂ ਪ੍ਰਜਾਪਤੀ ਬ੍ਰਹਮਾ ਨੇ ਪੰਚ ਤੱਤਾਂ (ਧਰਤੀ, ਜਲ, ਹਵਾ, ਆਕਾਸ਼ ਅਤੇ ਅਗਨੀ) ਦੀ ਵਰਤੋ ਨਾਲ ਸ੍ਰਿਸ਼ਟੀ ਦੀ ਰਚਨਾ ਕੀਤੀ ਸੀ। ਬ੍ਰਹਮਾ ਜੀ ਦੇ ਬੇਟੇ ਦਕਸ਼ ਪ੍ਰਜਾਪਤੀ ਨੇ ਵੀ ਇੰਨ੍ਹੀ ਪੰਚ ਤੱਤਾਂ ਦਾ ਇਸਤੇਮਾਲ ਕਰ ਕੇ ਭਾਂਡਿਆਂ ਦੀ ਕਲਾਕਾਰੀ ਕੀਤੀ। ਇਸ ਤਰ੍ਹਾ ਮਨੁੱਖਾਂ ਵਿਚ ਸੱਭ ਤੋਂ ਪਹਿਲਾਂ ਕਲਾਕਾਰ ਮਹਾਰਾਜਾ ਦਕਸ਼ ਪ੍ਰਜਾਪਤੀ ਹੀ ਸਨ। ਇਸ ਲਈ ਕੁਮਹਾਰ ਨੂੰ ਪ੍ਰਜਾਪਤੀ ਦੀ ਸੰਤਾਨ ਮੰਨ ਕੇ ਪ੍ਰਜਾਪਤੀ ਕਿਹਾ ਗਿਆ। ਉਨ੍ਹਾਂ ਨੇ ਕਿਹਾ ਕਿ ਜਿਲ੍ਹਾ ਹਿਸਾਰ ਦੇ ਬਨਵਾਲੀ ਤੇ ਰਾਖੀਗੜ੍ਹੀ ਵਿਚ ਜੋ ਖੁਦਾਈ ਕੀਤੀ ਗਈ, ਉਸ ਵਿਚ ਸਿੰਧ ਸਭਿਅਤਾ ਅਤੇ ਇਸ ਤੋਂ ਪਹਿਲਾਂ ਦੀ ਵੀ ਮਿੱਟੀ ਦੀ ਮੂਰਤੀਆਂ ਅਤੇ ਭਾਂਡੇ ਮਿਲੇ ਹਨ। ਇੰਨ੍ਹਾਂ ਮਿੱਟੀ ਦੇ ਭਾਂਡਿਆਂ 'ਤੇ ਹੋਈ ਚਿਤਰਕਾਰੀ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਸ ਸਮੇਂ ਸਮਾਜ ਦੀ ਆਰਥਕ ਦਸ਼ਾ ਕੀ ਸੀ। ਲੋਕਾਂ ਦਾ ਖਾਣ-ਪੀਣਾ ਕਿਵੇਂ ਸੀ ਅਤੇ ਸਮਾਜਿਕ ਦ੍ਰਿਸ਼ਟੀ ਨਾਲ ਲੋਕ ਉਸ ਮਸੇਂ ਕਿੰਨ੍ਹੇ ਤਰੱਕੀ ਕਰ ਚੁੱਕੇ ਸਨ।। ਨਾਇਬ ਸਿੰਘ ਸੈਨੀ ਨੈ ਕਿਹਾ ਕਿ ਚਾਕ ਦੇ ਅਵਿਸ਼ਕਾਰ ਨਾਲ ਇਸ ਕਲਾ ਨੂੰ ਹੋਰ ਪ੍ਰੋਤਸਾਹਨ ਮਿਲਿਆ। ਹਰਿਆਣਾ ਵਿਚ ਚਾਕ ਨੂੰ ਇੰਨ੍ਹਾਂ ਸਨਮਾਨ ਦਿੱਤਾ ਜਾਂਦਾ ਹੈ ਕਿ ਵਿਆਹ ਦੇ ਮੌਕੇ 'ਤੇ ਚਾਕ ਦੀ ਪੂਜਾ ਕੀਤੀ ਜਾਂਦੀ ਹੈ। ਇਸ ਤਰ੍ਹਾ ਮਿੱਟੀ ਤੋਂ ਭਾਂਢੇ ਬਨਾਉਣ ਦੀ ਕਲਾ ਸਾਡੀ ਅਮੁੱਲ ਧਰੋਹਰ ਹੈ। ਸੋਚ, ਉਸ ਦੀ ਕੁਸ਼ਲਤਾ ਅਤੇ ਉਸ ਦਾ ਕੌਸ਼ਲ ਲੁਕਿਆ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਭੂਮੰਡਲੀਕਰਣ ਦਾ ਯੁੱਗ ਵਿਚ ਗੁੱਣਵੱਤਾ, ਕੁਸ਼ਲਤਾ ਅਤੇ ਕਲਾ ਦਾ ਵਿਸ਼ੇਸ਼ ਮਹਤੱਵ ਹੈ। ਹਾਲਾਂਕਿ ਵਿਗਿਆਨ ਦੇ ਯੁੱਗ ਵਿਚ ਪਲਾਸਟਿਕ ਅਤੇ ਸ਼ੀਸ਼ੇ ਦੇ ਭਾਂਡਿਆਂ ਦੇ ਆਉਣ ਨਾਲ ਮਿੱਟੀ ਦੇ ਭਾਂਡੇ ਦੀ ਮੰਗ ਬਹੁਤ ਘੱਟ ਹੋ ਗਈ ਹੈ। ਅੱਜ ਰਿਵਾਇਤੀ ਕੁਸ਼ਲਤਾ ਨੂੰ ਕਾਰੋਬਾਰ ਕੁਸ਼ਲਤਾ ਵਿਚ ਬਦਲਣ ਦੀ ਜਰੂਰਤ ਹੈ ਤਾਂਹੀ ਅਸੀਂ ਮੁਕਾਬਲੇ ਦੇ ਇਸ ਯੁੱਗ ਵਿਚ ਅੱਗੇ ਵੱਧ ਪਾਵਾਂਗੇ।

ਉਨ੍ਹਾਂ ਨੇ ਪ੍ਰਜਾਪਤੀ ਸਮਾਜ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਮਿੱਟੀ ਤੋਂ ਨਾ ਸਿਰਫ ਭਾਂਡੇ ਸਗੋ ਸਜਾਵਟੀ ਵਸਤੂਆਂ ਬਨਾਉਣ ਦੇ ਰਿਵਾਇਤੀ ਢੰਗਾਂ ਦੇ ਨਾਲ-ਨਾਂਲ ਨਵੀਂ-ਨਵੀਂ ਤਕਨੀਕਾਂ ਦਾ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਆਮ ਇਸਤੇਮਾਲ ਦੇ ਭਾਂਡੇ ਦੇ ਨਾਲ-ਨਾਲ ਮਿੱਟੀ ਦੇ ਸਜਾਵਟ ਵਾਲੇ ਭਾਂਡੇ ਵੀ ਬਨਾਉਣ, ਜਿਨ੍ਹਾਂ ਦੀ ਵਿਦੇਸ਼ਾਂ ਵਿਚ ਬਹੁਤ ਮੰਗ ਹੈ ਅਤੇ ਉਨ੍ਹਾਂ ਦੀ ਨਿਰਯਾਤ ਕੀਤਾ ਜਾ ਰਿਹਾ ਹੈ।

ਸਰਕਾਰ ਨੇ ਪਿਛੜਾ ਵਰਗ ਦੀ ਭਲਾਈ ਤੇ ਉਥਾਨ ਲਈ ਚਲਾਈ ਅਨੇਕ ਯੋਜਨਾਵਾਂ

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਦਾ ਯਤਨ ਰਿਹਾ ਹੈ ਕਿ ਸਾਰੇ ਵਰਗਾਂ ਦੇ ਲੋਕ ਅੱਗੇ ਵੱਧਣ ਸਾਰਿਆਂ ਦਾ ਉਥਾਨ ਹੋਵੇ ਅਤੇ ਸਾਰਿਆਂ ਨੂੰ ਬਰਾਬਰ ਦੇ ਹੱਕ ਮਿਲਣ। ਇਸ ਦਿਸ਼ਾ ਵਿਚ ਸਰਕਾਰ ਨੇ ਪੰਡਿਤ ਦੀਨ ਦਿਆਲ ਉਪਾਧਿਆਏ ਦੀ ਅੰਤੋਂਦੇਯ ਦਰਸ਼ਨ ਦੇ ਅਨੁਰੂਪ ਵਿਕਾਸ ਦਾ ਲਾਭ ਉਨ੍ਹਾਂ ਲੋਕਾਂ ਤਕ ਪਹੁੰਚਾਉਣ ਲਈ ਕਈ ਠੋਸ ਕਦਮ ਚੁੱਕੇ ਹਨ ਜੋ ਕਿੰਨੀ ਕਾਰਣਾਂ ਨਾਲ ਪਿਛੜੇ ਰਹਿ ਗਏ ਸਨ। ਸਰਕਾਰ ਨੇ ਪਿਛੜਾ ਵਰਗ ਦੀ ਭਲਾਈ ਤੇ ਉਥਾਨ ਲਈ ਅਨੇਕ ਯੋਜਨਾਵਾਂ ਚਲਾਈਆਂ ਹਨ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿਚ ਪਿਛੜਾ ਵਰਗ ਦੇ ਲੋਕ ਬਹੁਤ ਲੰਬੇ ਸਮੇਂ ਤੋਂ ਕ੍ਰੀਮੀਲੇਅਰ ਦੀ ਆਮਦਨ ਸੀਮਾ ਨੂੰ ਵਧਾਉਣ ਦੀ ਮੰਗ ਕਰ ਰਹੇ ਸਨ, ਸਾਡੀ ਸਰਕਾਰ ਨੇ ਹਾਲ ਹੀ ਵਿਚ ਲੋਕਾਂ ਦੀ ਮੰਗ ਨੂੰ ਪੂਰਾ ਕਰਦੇ ਹੋਏ ਕ੍ਰੀਮੀਲੇਅਰ ਦੀ ਆਮਦਨ ਸੀਮਾ ਨੂੰ ਕੇਂਦਰ ਸਰਕਾਰ ਦੀ ਤਰਜ 'ਤੇ 6 ਲੱਖ ਰੁਪਏ ਸਾਲਾਨਾ ਤੋਂ ਵਧਾ ਕੇ 8 ਲੱਖ ਰੁਪਏ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਵਿਚ ਬੀਸੀ-ਏ ਨੂੰ 8 ਫੀਸਦੀ ਪ੍ਰਤੀਨਿਧੀਤਵ ਦਿੱਤਾ ਗਿਆ ਹੈ। ਇਸ ਤੋਂ ਇਨਾਵਾ, ਪਿਛਲੜੇ ਵਰਗਾਂ ਦੇ ਉਥਾਨ ਤੇ ਭਲਾਈ ਲਈ ਪਿਛੜਾ ਵਰਗ ਆਯੋਗ ਦਾ ਗਠਨ ਕੀਤਾ ਗਿਆ ਹੈ।

# ਖ਼ੁਸ਼ੀਆਂ ਦੇ ਸੌ ਰੰਗ ਵੇ ਲੋਕਾ



ਕੁਦਰਤ ਦੇ ਵਰਤਾਰੇ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ ਕਿ ਮਨੁੱਖੀ ਜ਼ਿੰਦਗੀ ਕਦੇ ਵੀ ਇੱਕੋ ਜਿਹੀ ਨਹੀਂ ਰਹਿੰਦੀ। ਜ਼ਿੰਦਗੀ ਦੇ ਰੰਗਮੰਚ ’ਤੇ ਜੇ ਖ਼ੁਸ਼ੀਆਂ ਦੇ ਰੰਗ-ਬਿਰੰਗੇ ਫੁੱਲ ਨਜ਼ਰੀਂ ਪੈਂਦੇ ਹਨ ਤਾਂ ਦੂਜੇ ਪਾਸੇ ਗ਼ਮੀਆਂ, ਉਦਾਸੀਆਂ ਤੇ ਹਉਕਿਆਂ ਦੀ ਪੱਤਝੜ ਵੀ ਇਸੇ ਜ਼ਿੰਦਗੀ ਦਾ ਹਿੱਸਾ ਹੈ। ਬੱਚੇ ਦੇ ਜਨਮ ਤੋਂ ਲੈ ਕੇ ਵੱਖ ਵੱਖ ਪੜਾਵਾਂ ਵਿੱਚੋਂ ਗੁਜ਼ਰਦਿਆਂ ਜਵਾਨੀ, ਬੁਢਾਪਾ ਤੇ ਮੌਤ ਤਕ ਦਾ ਸਫ਼ਰ ਕਿਸੇ ਵੀ ਮਨੁੱਖ ਲਈ ਖ਼ੁਸ਼ੀਆਂ ਤੇ ਗ਼ਮੀਆਂ ਦਾ ਗੁਲਦਸਤਾ ਹੈ। ਜ਼ਿੰਦਗੀ ਦੀ ਅਸਲੀਅਤ ਇਹ ਹੈ ਕਿ ਹਰ ਮਨੁੱਖ ਖ਼ੁਸ਼ੀ ਦੀ ਭਾਲ ਵਿੱਚ ਦੌੜਿਆ ਫਿਰਦਾ ਹੈ। ਬਹੁਤ ਸਾਲ ਪਹਿਲਾਂ ਪੰਜਾਬੀ ਸ਼ਾਇਰਾ ਕੁਲਦੀਪ ਕਲਪਨਾ ਦਾ ਇਹ ਸ਼ੇਅਰ ਪੜ੍ਹਿਆ ਸੀ ਜਿਹੜਾ ਜੀਵਨ ਦੀ ਸੱਚਾਈ ਨੂੰ ਬਿਆਨ ਕਰਦਾ ਹੈ, “ਖ਼ੁਸ਼ੀਆਂ ਦੇ ਸੌ ਰੰਗ ਵੇ ਲੋਕਾ, ਦਰਦ ਦਾ ਇੱਕੋ ਰੰਗ।“ਕਈ ਮਨੁੱਖ ਖ਼ੁਸ਼ੀ ਦੀ ਖ਼ਬਰ ਸੁਣ ਕੇ ਐਨੇ ਭਾਵੁਕ ਹੋ ਜਾਂਦੇ ਹਨ ਕਿ ਉਨ੍ਹਾਂ ਦੇ ਅੰਗ ਅੰਗ ਵਿੱਚੋਂ ਖ਼ੁਸ਼ੀ ਝਲਕਦੀ ਦੇਖੀ ਜਾ ਸਕਦੀ ਹੈ। ਅਚਾਨਕ ਮਿਲੀ ਕੋਈ ਅਲੋਕਾਰੀ ਖ਼ੁਸ਼ੀ ਵੀ ਕਈ ਵਾਰ ਕਈਆਂ ਨੂੰ ਪਚਾਉਣੀ ਔਖੀ ਹੋ ਜਾਂਦੀ ਹੈ। ਸ਼ਾਇਦ ਇਸੇ ਕਾਰਨ ਹੀ ਕਈ ਵਾਰ ਕਿਹਾ ਜਾਂਦਾ ਹੈ ਕਿ ਫਲਾਣਾ ਬੰਦਾ ਤਾਂ ਖ਼ੁਸ਼ੀ ਵਿੱਚ ਪਾਗਲ ਹੋ ਉੱਠਿਆ। ਕੋਈ ਵਿਅਕਤੀ ਖ਼ੁਸ਼ੀ ਦੀ ਖ਼ਬਰ ਨੂੰ ਬਹੁਤ ਹੀ ਸਹਿਜ ਰੂਪ ਵਿੱਚ ਲੈਂਦਾ ਹੈ ਤੇ ਇਨ੍ਹਾਂ ਪਲਾਂ ਨੂੰ ਮਨ ਦੇ ਅੰਦਰ ਹੀ ਮਾਣਦਾ ਹੈ ਪਰ ਕਈ ਲੋਕ ਖ਼ੁਸ਼ੀ ਦਾ ਪ੍ਰਗਟਾਵਾ ਬਹੁਤ ਹੀ ਧੂਮ-ਧੜੱਕੇ ਨਾਲ ਕਰਦੇ ਹਨ ਅਤੇ ਅਕਸਰ ਆਪੇ ਤੋਂ ਬਾਹਰ ਹੋ ਜਾਂਦੇ ਹਨ। ਜੇ ਗ਼ਮ ਜਾਂ ਦਰਦ ਸਾਂਝਾ ਕੀਤਿਆਂ ਘਟਦਾ ਹੈ ਤਾਂ ਖ਼ੁਸ਼ੀ ਆਪਣੇ ਪਿਆਰਿਆਂ ਨਾਲ ਸਾਂਝੀ ਕੀਤਿਆਂ ਦੂਣ-ਸਵਾਈ ਹੋ ਜਾਂਦੀ ਹੈ। ਖ਼ੁਸ਼ੀ ਦਾ ਕੋਈ ਵੀ ਪਲ ਹੋਵੇ, ਹਰ ਮਨੁੱਖ ਦੀ ਇਹ ਉਤਸੁਕਤਾ ਹੁੰਦੀ ਹੈ ਕਿ ਉਹ ਇਸ ਖ਼ੁਸ਼ੀ ਨੂੰ ਨੇੜਲੇ ਰਿਸ਼ਤਿਆਂ ਤੇ ਗੂੜ੍ਹੇ ਰੰਗਾਂ ਵਾਲੇ ਦੋਸਤਾਂ ਤੇ ਸਨੇਹੀਆਂ ਨਾਲ ਜਲਦੀ ਤੋਂ ਜਲਦੀ ਸਾਂਝਾ ਕਰੇ ਤਾਂ ਕਿ ਖ਼ੁਸ਼ੀ ਨੂੰ ਚਾਰ ਚੰਨ ਲੱਗ ਜਾਣ। ਖ਼ੁਸ਼ੀ, ਮਨੁੱਖ ਨੂੰ ਜ਼ਿੰਦਗੀ ਜਿਊਣ ਤੇ ਸੰਸਾਰਿਕ ਮੇਲੇ ਵਿੱਚ ਵਿਚਰਨ ਲਈ ਤਾਂਘ, ਉਮੰਗ ਤੇ ਹੌਸਲਾ ਬਖ਼ਸ਼ਦੀ ਹੈ। ਮਨੁੱਖ ਦੁਆਰਾ ਸਿਰਜੇ ਸਾਰੇ ਸਿਧਾਂਤ, ਫਿਲਾਸਫੀਆਂ ਤੇ ਜ਼ਿੰਦਗੀ ਦੀ ਦੌੜ ਪਿੱਛੇ ਮੂਲ ਕਾਰਨ ਖ਼ੁਸ਼ੀਆਂ ਦੀ ਪ੍ਰਾਪਤੀ ਹੀ ਹੈ। ਮਨੁੱਖ ਆਪਣੇ ਜੀਵਨ ਦੀ ਬਿਹਤਰੀ ਲਈ ਜਿਹੜੇ ਵੀ ਕਾਰਜ ਕਰਦਾ ਹੈ, ਉਸ ਪਿੱਛੇ ਅਸਲੀ ਉਦੇਸ਼ ਜੀਵਨ ਨੂੰ ਖ਼ੁਸ਼ੀਆਂ ਸੰਗ ਮਾਨਣ ਦੀ ਚਾਹਤ ਹੀ ਹੁੰਦੀ ਹੈ।

ਬੱਚੇ ਦੇ ਜਨਮ ਨਾਲ ਘਰ ਖ਼ੁਸ਼ੀਆਂ ਨਾਲ ਮਹਿਕ ਉੱਠਦਾ ਹੈ। ਸੁੰਨੇ ਵਿਹੜਿਆਂ ਵਿੱਚ ਬਾਲ ਦੀਆਂ ਮਾਸੂਮ ਕਿਲਕਾਰੀਆਂ ਨਾਲ ਰੌਣਕਾਂ ਦੇ ਸੂਹੇ ਗੁਲਾਬਾਂ ਦੀ ਮਹਿਕ ਪਸਰ ਜਾਂਦੀ ਹੈ। ਮਾਪਿਆਂ ਲਈ ਬੱਚੇ ਦੀ ਆਮਦ ਸਮਾਜ ਨਾਲ ਹੋਰ ਗਹਿਰੇ ਰੂਪ ਵਿੱਚ ਜੁੜਨ ਦਾ ਸਬੱਬ ਬਣਦੀ ਹੈ। ਸਾਰਾ ਜਹਾਨ ਹੀ ਆਪਣਾ ਆਪਣਾ ਲੱਗਣ ਲੱਗਦਾ ਹੈ। ਜ਼ਿੰਦਗੀ ਵਿੱਚ ਬੱਚਿਆਂ ਨਾਲ ਅਨੇਕਾਂ ਖ਼ੁਸ਼ੀਆਂ ਜੁੜੀਆਂ ਹੋਈਆਂ ਹਨ। ਬੱਚੇ ਦੇ ਜਨਮ ਦਿਨ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ। ਬੱਚੇ ਨੂੰ ਪਹਿਲੀ ਵਾਰ ਸਕੂਲ ਭੇਜਣ ਦੀ ਖ਼ੁਸ਼ੀ ਮਾਪਿਆਂ ਕੋਲੋਂ ਸਾਂਭੀ ਨਹੀਂ ਜਾਂਦੀ। ਇਸ ਤਰ੍ਹਾਂ ਹੀ ਅੱਗੇ ਜਾ ਕੇ ਪੜ੍ਹਾਈ ਵਿੱਚ ਸਫ਼ਲਤਾ, ਚੰਗੀ ਨੌਕਰੀ ਤੇ ਹੋਰ ਪ੍ਰਾਪਤੀਆਂ ਖ਼ੁਸ਼ੀਆਂ ਦੇ ਮੌਕੇ ਲਿਆਉਂਦੀਆਂ ਹਨ। ਜੀਵਨ ਵਿੱਚ ਪ੍ਰਵਾਨ ਚੜ੍ਹੇ ਬੱਚੇ ਦੇ ਵਿਆਹ ਸ਼ਾਦੀ ਦਾ ਮੌਕਾ ਤਾਂ ਪਰਿਵਾਰ ਲਈ ਅਸੀਮ ਖ਼ੁਸ਼ੀਆਂ ਲੈ ਕੇ ਆਉਂਦਾ ਹੈ। ਅਜਿਹੀ ਖ਼ੁਸ਼ੀ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਕਿਸੇ ਪ੍ਰੀਖਿਆ ਵਿੱਚੋਂ ਸਫ਼ਲ ਹੋਣ ਦੀ ਖ਼ੁਸ਼ੀ ਮਨੁੱਖੀ ਮਨ ਨੂੰ ਹੁਲਾਸ ਨਾਲ ਭਰ ਦਿੰਦੀ ਹੈ। ਜੇ ਬਹੁਤ ਚੰਗੇ ਨੰਬਰ ਆ ਜਾਣ ਜਾਂ ਕੋਈ ਪੁਜੀਸ਼ਨ ਆ ਜਾਵੇ ਫਿਰ ਤਾਂ ਖ਼ੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਹੁੰਦਾ। ਕਿਸੇ ਨੂੰ ਨੌਕਰੀ ਮਿਲ ਜਾਣ ਦੀ ਖ਼ੁਸ਼ੀ ਘਰ ਪਰਿਵਾਰ ਦੇ ਜੀਆਂ ਤੋਂ ਸਾਂਭੀ ਨਹੀਂ ਜਾਂਦੀ। ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ ਜਾਣ ਦੀ ਰੀਝ ਰੱਖਣ ਵਾਲਿਆਂ ਨੂੰ ਜਦੋਂ ਵੀਜ਼ਾ ਲੱਗਣ ਦੀ ਖ਼ਬਰ ਮਿਲਦੀ ਹੈ ਤਾਂ ਮਨ ਖ਼ੁਸ਼ੀ ਨਾਲ ਨੱਚ ਉੱਠਦਾ ਹੈ। ਜ਼ਿੰਦਗੀ ਵਿੱਚ ਕਦਮ ਕਦਮ ’ਤੇ ਖ਼ੁਸ਼ੀਆਂ ਦੇ ਰੰਗ ਬਿਖਰੇ ਪਏ ਹਨ। ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡ-ਉਤਸਵ ਜਵਾਨੀ ਦੇ ਜੋਸ਼, ਸਮਰੱਥਾ, ਮਿਹਨਤ ਤੇ ਦ੍ਰਿੜ੍ਹਤਾ ਦੀ ਜਿਉਂਦੀ ਜਾਗਦੀ ਮਿਸਾਲ ਹੁੰਦੇ ਹਨ। ਮੈਡਲ ਜਿੱਤਣ ਵਾਲਿਆਂ ਦੀ ਖ਼ੁਸ਼ੀ ਦੀ ਸੀਮਾ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ। ਜੇਤੂ ਮੰਚ ’ਤੇ ਖੜ੍ਹੇ ਹੋ ਕੇ ਮੈਡਲ ਪ੍ਰਾਪਤ ਕਰਦਿਆਂ ਕੁਝ ਖਿਡਾਰੀ ਏਨੇ ਭਾਵੁਕ ਹੋ ਜਾਂਦੇ ਹਨ ਕਿ ਖ਼ੁਸ਼ੀ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਬਣ ਵਹਿ ਤੁਰਦੀ ਹੈ। ਜਿਹੜੇ ਜੇਤੂ ਮੰਚ ਤਕ ਪਹੁੰਚਣ ਤੋਂ ਥੋੜ੍ਹੇ ਜਿਹੇ ਪਛੜ ਜਾਂਦੇ ਹਨ, ਉਨ੍ਹਾਂ ਦੇ ਦਰਦ ਨੂੰ ਵੀ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਪੜ੍ਹ ਸਕਣਾ ਮੁਸ਼ਕਿਲ ਨਹੀਂ ਹੁੰਦਾ। ਭਾਵੇਂ ਜਿੱਤ ਹਾਰ ਜ਼ਿੰਦਗੀ ਦਾ ਹਿੱਸਾ ਹੁੰਦੀ ਹੈ ਪਰ ਹਰ ਕੋਈ ਜਿੱਤ ਦੀ ਆਸ ਨਾਲ ਹੀ ਆਪਣੀ ਸਮਰੱਥਾ ਤੇ ਪੂਰੀ ਸ਼ਕਤੀ ਦਾਅ ’ਤੇ ਲਾ ਦਿੰਦਾ ਹੈ। ਮਿੱਟੀ ਨਾਲ ਮਿੱਟੀ ਹੁੰਦੇ ਕਿਸਾਨ ਦੀ ਜਦੋਂ ਫ਼ਸਲ ਤਿਆਰ ਹੁੰਦੀ ਹੈ ਤਾਂ ਉਸ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਹੁੰਦੀ। ਜੇ ਕਿਸਾਨ ਦੀ ਫ਼ਸਲ ਬਿਮਾਰੀਆਂ ਤੇ ਕੀੜਿਆਂ ਮਕੌੜਿਆਂ ਤੋਂ ਬਚ ਜਾਵੇ ਤੇ ਮੰਡੀ ਵਿੱਚ ਸਹੀ ਸਲਾਮਤ ਵਿਕ ਜਾਵੇ ਤਾਂ ਉਸ ਨੂੰ ਅੰਤਰੀਵ ਖ਼ੁਸ਼ੀ ਮਹਿਸੂਸ ਹੁੰਦੀ ਹੈ ਤੇ ਅੰਤਾਂ ਦੀ ਕੀਤੀ ਮੁਸ਼ੱਕਤ ਵੀ ਭੁੱਲ ਜਾਂਦੀ ਹੈ ਅਤੇ ਉਹ ਖ਼ੁਸ਼ੀ ਵਿੱਚ ਫੁੱਲਿਆ ਨਹੀਂ ਸਮਾਉਂਦਾ ਪਰ ਜੇ ਨਕਲੀ ਬੀਜਾਂ, ਨਕਲੀ ਖਾਦਾਂ, ਨਕਲੀ ਕੀੜੇਮਾਰ ਦਵਾਈਆਂ ਤੇ ਕੁਦਰਤੀ ਕਰੋਪੀ ਦੀ ਮਾਰ ਪੈ ਜਾਵੇ ਤਾਂ ਧਰਤੀ ਪੁੱਤ ਦੇ ਦਰਦ ਦੀ ਇੰਤਹਾ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਸ਼ਾਇਦ ਹੀ ਦੁਨੀਆਂ ਦਾ ਕੋਈ ਸ਼ਖ਼ਸ ਹੋਵੇ ਜਿਹੜਾ ਘਾਟੇ ਦਾ ਵਣਜ ਕਰਦਾ ਹੋਵੇ ਪਰ ਧੰਨ ਜਿਗਰਾ ਕਿਸਾਨ ਦਾ ਜਿਹੜਾ ਲਗਾਤਾਰ ਘਾਟੇ ਸਹਿ ਕੇ ਵੀ ਅਗਲੀ ਫ਼ਸਲ ਬੀਜਣ ਤੁਰ ਪੈਂਦਾ ਹੈ। ਲਹਿਲਹਾਉਂਦੀ ਫ਼ਸਲ ਦੇਖ ਕੇ ਜੱਟ ਦੀ ਖ਼ੁਸ਼ੀ ਦੀ ਕੋਈ ਸੀਮਾ ਨਹੀਂ ਹੁੰਦੀ।

ਹਵਾਈ ਅੱਡੇ ’ਤੇ ਜਾਉ ਤਾਂ ਰੋਟੀ-ਰੋਜ਼ੀ ਦੀ ਖਾਤਰ ਵਿਦੇਸ਼ਾਂ ਵਿੱਚ ਗਏ ਪੰਜਾਬੀ ਜਦੋਂ ਕਦੇ ਦੇਸ਼ ਪਰਤਦੇ ਹਨ ਤਾਂ ਆਪਣੀ ਧਰਤੀ ’ਤੇ ਆ ਕੇ ਤੇ ਆਪਣਿਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਅੱਖਾਂ ਵਿੱਚ ਆਪਮੁਹਾਰੇ ਹੀ ਖ਼ੁਸ਼ੀ ਦੇ ਹੰਝੂ ਉਮੱਡ ਆਉਂਦੇ ਹਨ। ਪਰਦੇਸੀਂ ਜਾਣ ਵਾਲਿਆਂ ਦੀਆਂ ਅੱਖਾਂ ਵੀ ਖ਼ੁਸ਼ੀ ਵਿੱਚ ਨਮ ਹੋ ਜਾਂਦੀਆਂ ਹਨ। ਇਸ ਖ਼ੁਸ਼ੀ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਜਿਹੜਾ ਇਸ ਨੂੰ ਭੋਗਦਾ ਹੈ, ਉਸ ਨੂੰ ਹੀ ਇਹ ਅਨੁਭਵ ਹੁੰਦਾ ਹੈ। ਪਤੀ ਦੀ ਯਾਦ ਵਿੱਚ ਤੜਪਦੀ ਨਵ-ਵਿਆਹੁਤਾ ਨੂੰ ਜਦੋਂ ਵੀਜ਼ਾ ਲੱਗਣ ਦੀ ਖ਼ਬਰ ਮਿਲਦੀ ਹੈ ਤਾਂ ਉਸ ਦੀਆਂ ਅੱਖਾਂ ਵਿੱਚ ਜਿਹੜੀ ਖ਼ੁਸ਼ੀ ਲਿਸ਼ਕਾਂ ਮਾਰਦੀ ਹੈ, ਉਸ ਨੂੰ ਸ਼ਬਦਾਂ ’ਚ ਦੱਸਣਾ ਬਹੁਤ ਔਖਾ ਹੈ। ਕਵੀ, ਲੇਖਕ, ਚਿੱਤਰਕਾਰ, ਬੁੱਤਘਾੜਾ ਆਦਿ ਕਲਾਕਾਰ ਜਦੋਂ ਕਿਸੇ ਰਚਨਾ ਦੀ ਸਿਰਜਣਾ ਕਰਦੇ ਹਨ ਤਾਂ ਉਨ੍ਹਾਂ ਨੂੰ ਜਿਹੜੀ ਤ੍ਰਿਪਤੀ ਹੁੰਦੀ ਹੈ, ਉਹ ਵੱਡੀ ਤੋਂ ਵੱਡੀ ਖ਼ੁਸ਼ੀ ਤੋਂ ਵੀ ਕਿਤੇ ਵੱਡੀ ਹੁੰਦੀ ਹੈ। ਇਸ ਅੰਤਰੀਵ ਖ਼ੁਸ਼ੀ ਦੀ ਥਾਹ ਪਾ ਸਕਣਾ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਹੈ।

ਅਸਲ ਵਿੱਚ ਖ਼ੁਸ਼ੀ ਮਨ ਦੀ ਸਥਿਤੀ ਦਾ ਨਾਂ ਹੈ। ਨਵੇਂ ਕੱਪੜੇ ਪਹਿਨ ਕੇ ਹਰ ਇੱਕ ਨੂੰ ਖ਼ੁਸ਼ੀ ਹੁੰਦੀ ਹੈ ਪਰ ਕਹਿੰਦੇ ਨੇ ਨਵਾਂ ਸੂਟ ਪਹਿਨ ਕੇ ਜਿਹੜੀ ਖ਼ੁਸ਼ੀ ਔਰਤ ਦੇ ਮਨ ਵਿੱਚ ਪੈਦਾ ਹੁੰਦੀ ਹੈ, ਉਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਬੱਚੇ ਨੂੰ ਖਿਡੌਣਾ ਲੈ ਕੇ ਜਿਹੜੀ ਖ਼ੁਸ਼ੀ ਮਿਲਦੀ ਹੈ, ਉਸ ਦੀ ਥਾਹ ਕੌਣ ਪਾ ਸਕਦਾ ਹੈ? ਇਹ ਗੱਲ ਹਰ ਵਿਅਕਤੀ ਦੇ ਜ਼ਿੰਦਗੀ ਪ੍ਰਤੀ ਵਤੀਰੇ ਉੱਤੇ ਨਿਰਭਰ ਕਰਦੀ ਹੈ ਕਿ ਉਹ ਜੀਵਨ ਦੀ ਕਿਸ ਘਟਨਾ ਨੂੰ ਕਿਹੜੇ ਅਰਥਾਂ ਵਿੱਚ ਲੈਂਦਾ ਹੈ। ਆਸ਼ਾਵਾਦੀ ਸੋਚ ਵਾਲੇ ਲੋਕ ਨਿੱਕੀਆਂ ਨਿੱਕੀਆ ਗੱਲਾਂ ਵਿੱਚੋਂ ਵੀ ਖ਼ੁਸ਼ੀ ਦੇ ਅਰਥ ਤਲਾਸ਼ ਲੈਂਦੇ ਹਨ। ਅਜੋਕੇ ਤਲਖੀਆਂ ਭਰਪੂਰ ਸਮਿਆਂ ਵਿੱਚ ਖ਼ੁਸ਼ੀ ਦੇ ਮੌਕੇ ਸੀਮਤ ਹੁੰਦੇ ਜਾ ਰਹੇ ਹਨ। ਹਰ ਰੋਜ਼ ਅਖ਼ਬਾਰਾਂ ਉਦਾਸ ਤੇ ਦਰਦਮਈ ਖ਼ਬਰਾਂ ਨਾਲ ਭਰੀਆਂ ਨਜ਼ਰ ਆਉਂਦੀਆਂ ਹਨ। ਜ਼ਿੰਦਗੀ ਬਹੁਤ ਕੀਮਤੀ ਹੈ। ਇਸ ਲਈ ਸਾਨੂੰ ਖ਼ੁਸ਼ੀ ਦੇ ਪਲਾਂ ਨੂੰ ਹੱਥੋਂ ਗੁਆਉਣਾ ਨਹੀਂ ਚਾਹੀਦਾ।

ਸਿਆਣੇ ਕਹਿੰਦੇ ਨੇ ਖ਼ੁਸ਼ੀ ਤੇ ਆਜ਼ਾਦੀ ਦਾ ਅਸਲੀ ਅਨੁਭਵ ਦੂਜਿਆਂ ਨੂੰ ਦੇ ਕੇ ਹੀ ਅਸਲੀ ਅਰਥਾਂ ਵਿੱਚ ਮਹਿਸੂਸ ਕੀਤਾ ਜਾ ਸਕਦਾ ਹੈ। ਜੇ ਖ਼ੁਸ਼ੀਆਂ ਮਾਨਣੀਆਂ ਚਾਹੁੰਦੇ ਹੋ ਤਾਂ ਆਓ, ਖ਼ੁਸ਼ੀਆਂ ਵੰਡਣ ਦੇ ਰਾਹ ਤੁਰੀਏ।

# ਅਜੋਕੀ ਪੀੜ੍ਹੀ ਨੂੰ ਪੈਸੇ ਦੀ ਨਹੀਂ, ਸਹੀ ਅਗਵਾਈ ਦੀ ਲੋੜ



ਪੰਜਾਬੀਆਂ ਦਾ ਸੁਭਾਅ ਹੈ ਕਿ ਜਦੋਂ ਇਨ੍ਹਾਂ ਨੇ ਗੱਡੀ ਫੜਨੀ ਹੁੰਦੀ ਹੈ ਤਾਂ ਸਮੇਂ ਤੋਂ ਬਹੁਤ ਪਹਿਲਾਂ ਰੇਲਵੇ ਸਟੇਸ਼ਨ ਪਹੁੰਚ ਜਾਂਦੇ ਹਨ। ਗੱਡੀ ਆਉਂਦੀ ਹੈ ਅਤੇ ਦਗੜ-ਦਗੜ ਕਰਦੀ ਲੰਘ ਜਾਂਦੀ ਹੈ। ਫੱਟੇ ਤੋਂ ਜਦੋਂ ਉਹ ਤ੍ਰਭਕ ਕੇ ਉੱਠਦੇ ਹਨ, ਉਦੋਂ ਤਕ ਗੱਡੀ ਅੱਖਾਂ ਤੋਂ ਓਝਲ ਹੋ ਗਈ ਹੁੰਦੀ ਹੈ ਅਤੇ ਉਹ ਪਛਤਾਵੇ ਵਿੱਚ ਹੱਥ ਮਲਦੇ ਰਹਿ ਜਾਂਦੇ ਹਨ। ਔਲਾਦ ਪ੍ਰਤੀ ਪੰਜਾਬੀਆਂ ਦੀ ਸੋਚ ਵੀ ਕੁਝ ਇਸ ਤਰ੍ਹਾਂ ਦੀ ਹੀ ਬਣੀ ਹੋਈ ਹੈ। ਔਲਾਦ ਨੂੰ ਮਹਿੰਗੀ ਸਿੱਖਿਆ, ਮਹਿੰਗੀ ਟਿਊਸ਼ਨ, ਮਹਿੰਗਾ ਮੋਬਾਈਲ, ਖੁੱਲ੍ਹਾ ਜੇਬ ਖਰਚ ਦੇਣ ਵਿੱਚ ਮਾਪਿਆਂ ਵੱਲੋਂ ਕੋਈ ਕਸਰ ਨਹੀਂ ਛੱਡੀ ਜਾਂਦੀ ਪਰ ਜਦੋਂ ਨੈਤਿਕ ਤੇ ਸਮਾਜਿਕ ਸਿੱਖਿਆ ਦੇਣ ਅਤੇ ਕੁਸੰਗਤ ਪ੍ਰਤੀ ਪਹਿਰੇਦਾਰੀ ਦੀ ਗੱਲ ਆਉਂਦੀ ਹੈ ਤਾਂ ਉੱਥੇ ਮਾਪਿਆਂ ਵੱਲੋਂ ਘੇਸਲ ਮਾਰ ਲਈ ਜਾਂਦੀ ਹੈ। ਇਸ ਦਾ ਮਾਰੂ ਅਸਰ ਅਜਿਹਾ ਹੁੰਦਾ ਹੈ ਕਿ ਔਲਾਦ ਗ਼ਲਤ ਹੱਥਾਂ ਵਿੱਚ ਜਾ ਕੇ ਸਿਰਫ਼ ਆਪਣਾ ਭਵਿੱਖ ਹੀ ਨਹੀਂ ਧੁਆਂਖਦੀ ਸਗੋਂ ਮਾਪਿਆਂ ਦੀਆਂ ਰੀਝਾਂ, ਚਾਵਾਂ ਅਤੇ ਭਵਿੱਖ ਪ੍ਰਤੀ ਸਿਰਜੇ ਸੁਪਨੇ, ਸਭ ਕੁਝ ਹੀ ਮਲੀਆਮੇਟ ਹੋ ਜਾਂਦਾ ਹੈ।

ਦਰਅਸਲ, ਨੌਜਵਾਨਾਂ ਦਾ ਪ੍ਰਵਾਹ ਹੜ੍ਹਾਂ ਦੇ ਪਾਣੀ ਵਰਗਾ ਹੁੰਦਾ ਹੈ। ਅੱਜ ਲੜਕੀਆਂ ਦਾ ਵੱਡਾ ਹਿੱਸਾ ਕਿਰਤ ਪ੍ਰਤੀ ਸੰਜੀਦਾ, ਆਗਿਆਕਾਰ, ਹਉਮੈ ਤੋਂ ਦੂਰ ਅਤੇ ਦ੍ਰਿੜ੍ਹ ਸੰਕਲਪ ਦਾ ਧਾਰਨੀ ਹੋ ਕੇ ਸਿੱਖਿਆ ਦੇ ਖੇਤਰ ਤੋਂ ਇਲਾਵਾ ਜ਼ਿੰਦਗੀ ਦੀ ਦੌੜ ਵਿੱਚ ਵੀ ਲੜਕਿਆਂ ਨੂੰ ਪਿੱਛੇ ਛੱਡ ਰਿਹਾ ਹੈ। ਕਾਰਨਾਂ ਦੀ ਘੋਖ ਕੀਤੀ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਨੂੰ ਸਮਾਜਿਕ ਅਤੇ ਪਰਿਵਾਰਕ ਪਹਿਰੇਦਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਪਹਿਰੇਦਾਰੀ ਹੀ ਉਨ੍ਹਾਂ ਨੂੰ ਬੁਲੰਦੀਆਂ ਛੂਹਣ ਦੀ ਜਾਚ ਸਿਖਾਉਣ ਵਿੱਚ ਸਹਾਈ ਹੁੰਦੀ ਹੈ।

ਅੱਜ ਦੀ ਪਦਾਰਥਕ ਦੌੜ ਨੇ ਜਿੱਥੇ ਰਿਸ਼ਤਿਆਂ ਦਾ ਰੰਗ ਫਿੱਕਾ ਪਾ ਦਿੱਤਾ ਹੈ, ਉੱਥੇ ਹੀ ਮਾਂ-ਬਾਪ ਨੂੰ ਆਪਣੀ ਔਲਾਦ ਪ੍ਰਤੀ ਗੰਭੀਰ ਜ਼ਿੰਮੇਵਾਰੀਆਂ ਤੋਂ ਵੀ ਬੇਮੁੱਖ ਕਰ ਦਿੱਤਾ ਹੈ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਦਸਤਪੰਜਾ ਲੈਣ ਦੀ ਜਾਚ ਔਲਾਦ ਨੇ ਮਾਪਿਆਂ ਤੋਂ ਹੀ ਸਿੱਖਣੀ ਹੁੰਦੀ ਹੈ। ਬੱਚਿਆਂ ਦੀ ਮੁਢਲੀ ਪਾਠਸ਼ਾਲਾ ਮਾਪੇ ਹਨ ਅਤੇ ਇਸ ਪਾਠਸ਼ਾਲਾ ਵਿੱਚ ਉਨ੍ਹਾਂ ਨੇ ਜ਼ਿੰਦਗੀ ਦੀ ਪੜ੍ਹਾਈ ਦੇ ਉਹ ਪਾਠ ਸਿੱਖਣੇ ਹੁੰਦੇ ਹਨ ਜਿਨ੍ਹਾਂ ਦਾ ਅਸਰ ਉਨ੍ਹਾਂ ਦੀ ਸਾਰੀ ਜ਼ਿੰਦਗੀ ’ਤੇ ਪੈਂਦਾ ਹੈ। ਜ਼ਿੰਦਗੀ ਦੀ ਪੜ੍ਹਾਈ ਵਿੱਚ ਪ੍ਰੀਖਿਆ ਪਹਿਲਾਂ ਹੁੰਦੀ ਹੈ ਅਤੇ ਸਬਕ ਬਾਅਦ ਵਿੱਚ ਮਿਲਦਾ ਹੈ। ਮਾਂ ਬੱਚੇ ਨੂੰ ਸਿਖਾਉਂਦੀ ਹੈ ਕਿ ਸੰਸਾਰ ਨਾਲ ਕਿਵੇਂ ਵਰਤਣਾ ਹੈ ਅਤੇ ਬਾਪ ਦੀ ਪ੍ਰੇਰਨਾ ਨਾਲ ਬੱਚਾ ਇਹ ਸਿੱਖਦਾ ਹੈ ਕਿ ਸੰਸਾਰ ਨੂੰ ਕਿਵੇਂ ਵਰਤਣਾ ਹੈ, ਪਰ ਇਸ ਵੇਲੇ ਤਾਂ ਜ਼ਿੰਦਗੀ ਦੀ ਭੱਜ-ਦੌੜ ਵਿੱਚ ਬੱਚੇ ਨੌਕਰਾਂ ਦੇ ਰਹਿਮੋ-ਕਰਮ ’ਤੇ ਨਿਰਭਰ ਹੋ ਗਏ ਹਨ। ਬੱਚਿਆਂ ਦੀ ਸਾਰੀ ਜ਼ਿੰਮੇਵਾਰੀ ਨੌਕਰਾਂ ’ਤੇ ਛੱਡਣ ਕਾਰਨ ਬੱਚਿਆਂ ਨਾਲ ਮਾਪਿਆਂ ਦੇ ਮੋਹ, ਸਤਿਕਾਰ ਅਤੇ ਅਪਣੱਤ ਦੇ ਰਿਸ਼ਤੇ ਵਿੱਚ ਤਰੇੜ ਆ ਗਈ ਹੈ। ਇਸ ਪਦਾਰਥਕ ਦੌੜ ਵਿੱਚ ਬਹੁਤ ਸਾਰੇ ਮਾਪੇ ਆਪਣੀ ਫੁੱਲੀ ਹੋਈ ਜੇਬ ਨੂੰ ਹੀ ਜ਼ਿੰਦਗੀ ਦੀ ਅਹਿਮ ਪ੍ਰਾਪਤੀ ਸਮਝਦੇ ਹੋਏ ਆਪਣੀ ਅਸਲ ਪੂੰਜੀ ਔਲਾਦ ’ਤੇ ਧਿਆਨ ਕੇਂਦਰਤ ਨਹੀਂ ਕਰ ਰਹੇ। ਕੁਦਰਤੀ ਵਾਤਾਵਰਨ, ਸਭਿਆਚਾਰ, ਆਪਸੀ ਭਾਈਚਾਰਕ ਸਾਂਝ ਦੀ ਅਣਹੋਂਦ ਅਤੇ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਨੇ ਜਿੱਥੇ ਮਨੁੱਖੀ ਰਿਸ਼ਤਿਆਂ ਨੂੰ ਤਾਰ-ਤਾਰ ਕੀਤਾ ਹੈ, ਉੱਥੇ ਬਹੁਤ ਸਾਰੇ ਨਜ਼ਦੀਕੀ ਰਿਸ਼ਤਿਆਂ ਦੇ ਰੰਗ ਫਿੱਕੇ ਪੈਣ ਕਾਰਨ ਮਨੁੱਖ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਰਿਹਾ ਹੈ। ਘਰ ਅਤੇ ਮਕਾਨ ਦੇ ਅੰਤਰ ਨੂੰ ਭੁੱਲ ਕੇ ਮਨੁੱਖ ਕੋਠੀਆਂ ਉਸਾਰਨ, ਮਹਿੰਗੇ ਫਰਨੀਚਰ ਅਤੇ ਹੋਰ ਸੁੱਖ ਸਹੂਲਤਾਂ ਦਾ ਸਾਮਾਨ ਲਿਆਉਣ ਨੂੰ ਹੀ ਆਪਣੀ ਅਹਿਮ ਪ੍ਰਾਪਤੀ ਸਮਝਦਾ ਹੈ ਪਰ ਉਹ ਇਹ ਭੁੱਲ ਜਾਂਦਾ ਹੈ ਕਿ ਜਿੱਥੇ ਮੋਹ, ਪਿਆਰ, ਸਤਿਕਾਰ ਅਤੇ ਇੱਕ-ਦੂਜੇ ਦੇ ਜਜ਼ਬਾਤ ਦੀ ਕਦਰ ਹੁੰਦੀ ਹੈ, ਉਸ ਨੂੰ ‘ਘਰ’ ਕਿਹਾ ਜਾਂਦਾ ਹੈ ਅਤੇ ਜਿੱਥੇ ਇਹ ਸਭ ਕੁਝ ਲੋਪ ਹੋਵੇ, ਉੱਥੇ ਆਲੀਸ਼ਾਨ ਕੋਠੀ ਵੀ ‘ਭੂਤਵਾੜਾ’ ਬਣ ਜਾਂਦੀ ਹੈ ਅਤੇ ਅਜਿਹੇ ‘ਭੂਤਵਾੜੇ’ ਵਿੱਚ ਬੱਚੇ ਦੀ ਜ਼ਿੰਦਗੀ ਨੂੰ ਗ੍ਰਹਿਣ ਲੱਗਣਾ ਸੁਭਾਵਿਕ ਹੀ ਹੈ।

ਸਾਨੂੰ ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਦਾ ਵੱਡਾ ਹਿੱਸਾ ਆਪਣੀ ਤਾਕਤ ਨੂੰ ਦਰਿੰਦਗੀ ਦਾ ਰੂਪ ਦੇ ਕੇ ਖ਼ੁਸ਼ੀ ਵਿੱਚ ਚਾਂਘਰਾਂ ਕਿਉਂ ਮਾਰ ਰਿਹਾ ਹੈ? ਉਸ ਨੇ ਨੈਤਿਕ ਕਦਰਾਂ-ਕੀਮਤਾਂ ਤੋਂ ਕਿਨਾਰਾਕਸ਼ੀ ਕਿਉਂ ਕੀਤੀ ਹੈ? ਦਰਅਸਲ ਬਹੁਤ ਸਾਰੇ ਘਰਾਂ ਵਿੱਚ ਬੱਚਿਆਂ ਨੂੰ ਚੀਕਾਂ, ਗਾਲਾਂ ਦੀ ਵਾਛੜ ਅਤੇ ਹਾਸਿਆਂ ਵਿੱਚ ਰਲੀ-ਮਿਲੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਸੋਚਣ ਵਾਲੀ ਗੱਲ ਹੈ ਕਿ ਲੋੜ ਤੋਂ ਵੱਧ ਸਖ਼ਤੀ, ਗਾਲਾਂ, ਰੋਣ-ਪਿੱਟਣ ਵਾਲੇ ਸੀਰੀਅਲ, ਖ਼ੂਨ-ਖਰਾਬੇ ਵਾਲੀਆਂ ਫ਼ਿਲਮਾਂ ਨਾਲ ਭਲਾ ਬੱਚੇ ਦੀ ਮਾਨਸਿਕਤਾ ਦਾ ਰੁਖ਼ ਕਿਸ ਪਾਸੇ ਵੱਲ ਹੋਵੇਗਾ? ਦਰਅਸਲ ਬੱਚਿਆਂ ਨੂੰ ਜੀਵਨ ਜਾਚ ਦਾ ਸਬਕ ਮਾਪਿਆਂ ਨੇ ਹੀ ਪੜ੍ਹਾਉਣਾ ਹੁੰਦਾ ਹੈ। ਅਜੋਕੇ ਸਮੇਂ ਹਰ ਘਰ ਵਿੱਚ ਚੇਤਨਾ ਦਾ ਦੀਵਾ ਜਗਾਉਣ ਦੀ ਲੋੜ ਹੈ। ਸਵੈ-ਚਿੰਤਨ, ਸਵੈ-ਮੁਲਾਂਕਣ ਦੀ ਜਾਚ ਬੱਚਿਆਂ ਨੂੰ ਟੋਕਣ ਨਾਲ ਨਹੀਂ, ਸਗੋਂ ਮਾਪਿਆਂ ਵੱਲ ਦੇਖ-ਦੇਖ ਕੇ ਆਉਂਦੀ ਹੈ। ਬੱਚੇ ਕਹਿਣ-ਸੁਣਨ ਨਾਲੋਂ ਨਕਲ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਜੇ ਮਾਪੇ, ਔਲਾਦ ਤੇ ਸਮਾਜ ਲਈ ਆਦਰਸ਼ ਦਾ ਫ਼ਰਜ਼ ਨਿਭਾਉਣ ਤਾਂ ਬੱਚੇ ਨਕਲ ਕਰਦਿਆਂ ਉਨ੍ਹਾਂ ਦੇ ਪਦਚਿੰਨ੍ਹਾਂ ’ਤੇ ਜ਼ਰੂਰ ਚੱਲਣਗੇ। ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਆਦਾਤਰ ਬੱਚੇ ਵਿਗੜ ਕੇ ਨਸ਼ਿਆਂ ਅਤੇ ਹੋਰ ਬੁਰੀਆਂ ਆਦਤਾਂ ਦੇ ਸ਼ਿਕਾਰ ਉਸ ਵੇਲੇ ਹੀ ਹੁੰਦੇ ਹਨ ਜਦੋਂ ਘਰ ਦਾ ਮੁਖੀ ਆਪ ਹੀ ਨੈਤਿਕ ਕਦਰਾਂ-ਕੀਮਤਾਂ ਤੋਂ ਕਿਨਾਰਾਕਸ਼ੀ ਕਰਕੇ ਇੱਕ ਚੰਗਾ ਬਾਪ, ਇੱਕ ਚੰਗਾ ਪਤੀ ਅਤੇ ਇੱਕ ਚੰਗਾ ਪੁੱਤ ਬਣਨ ਦੇ ਫ਼ਰਜ਼ਾਂ ਤੋਂ ਬੇਮੁੱਖ ਹੋਇਆ ਹੁੰਦਾ ਹੈ। ਭਲਾ, ਜਿਹੜੇ ਮਾਂ-ਬਾਪ ਆਪਣੇ ਬੱਚਿਆਂ ਦੀ ਹਾਜ਼ਰੀ ਵਿੱਚ ਆਪਣੇ ਬਜ਼ੁਰਗਾਂ ਦੀ ਬੇਕਦਰੀ ਕਰਦੇ ਹਨ, ਉਨ੍ਹਾਂ ਦੇ ਬੱਚੇ ਰਹਿਮ ਦਿਲ ਅਤੇ ਸੇਵਾ ਭਾਵਨਾ ਦੇ ਜਜ਼ਬੇ ਨਾਲ ਲਬਰੇਜ਼ ਜ਼ਿੰਦਗੀ ਜਿਊਣ ਦੀ ਜਾਚ ਕਿੰਜ ਸਿੱਖਣਗੇ? ਅਜਿਹੇ ਮਾਪੇ ਆਪਣੀ ਜ਼ਿੰਦਗੀ ਧੁਆਂਖਣ ਦੇ ਨਾਲ ਬੱਚਿਆਂ ਨੂੰ ਵੀ ਕੁਰਾਹੇ ਪਾ ਦਿੰਦੇ ਹਨ। ਬਿਨਾਂ ਸ਼ੱਕ ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣ ਦੀ ਪਹਿਲੀ ਜ਼ਿੰਮੇਵਾਰੀ ਮਾਪਿਆਂ ਦੀ ਹੈ। ਜਿੱਥੇ ਮਾਂ-ਬਾਪ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹਨ ਅਤੇ ਵਕਤ ਕੱਢ ਕੇ ਆਪਣੀ ਅਸਲ ਪੂੰਜੀ ਔਲਾਦ ਉੱਪਰ ਧਿਆਨ ਕੇਂਦਰਿਤ ਕਰਦੇ ਹਨ, ਉਨ੍ਹਾਂ ਬੱਚਿਆਂ ਦੇ ਵਿਗੜਨ ਦੀ ਨੌਬਤ ਘੱਟ ਹੀ ਆਉਂਦੀ ਹੈ ਅਤੇ ਅਜਿਹੇ ਬੱਚੇ ਆਪਣੀ ਜ਼ਿੰਦਗੀ ਵਿੱਚ ਕਿਰਮਚੀ ਰੰਗ ਭਰਨ ਲਈ ਸੰਘਰਸ਼ ਦਾ ਰਾਹ ਜ਼ਰੂਰ ਫੜਦੇ ਹਨ। ਸੁਹਿਰਦ ਮਾਪੇ ਆਪਣੇ ਬੱਚਿਆਂ ਨੂੰ ਸ਼ੁਰੂ ਵਿੱਚ ਹੀ ਧਰਮ, ਕਿਰਤ ਅਤੇ ਸਾਹਿਤ ਨਾਲ ਜੋੜ ਕੇ ਉਨ੍ਹਾਂ ਦੀ ਜ਼ਿੰਦਗੀ ਦੀ ਨੀਂਹ ਮਜ਼ਬੂਤ ਕਰ ਦਿੰਦੇ ਹਨ ਅਤੇ ਜੇ ਨੀਂਹ ਮਜ਼ਬੂਤ ਹੈ ਤਾਂ ਜ਼ਿੰਦਗੀ ਦੇ ਝੱਖੜ, ਹਨੇਰੀਆਂ ਅਤੇ ਦੁਸ਼ਵਾਰੀਆਂ ਉਨ੍ਹਾਂ ਨੂੰ ਡਗਮਗਾ ਨਹੀਂ ਸਕਦੀਆਂ।

# ਸਾਡੇ ਤਾਂ ਵਿਹੜੇ ਮੁੱਢ ਮਕੱਈ ਦਾ



ਪੰਜਾਬੀਆਂ ਦੀ ਮਨਭਾਉਂਦੀ ਖ਼ੁਰਾਕ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ’ਚੋਂ ਜੇ ਮੱਕੀ ਦੀ ਰੋਟੀ ਨੂੰ ਮਨਫ਼ੀ ਕਰ ਦੇਈਏ ਤਾਂ ਸੁਆਦ ਪੱਖੋਂ ਪਿੱਛੇ ਕੁਝ ਨਹੀਂ ਰਹਿ ਜਾਂਦਾ। ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਦਾ ਵਿਕਲਪ ਤਾਂ ਜ਼ਰੂਰ ਲੱਭਿਆ ਜਾ ਸਕਦਾ ਹੈ, ਪਰ ਉਸ ਦੇ ਸੁਆਦ ਦਾ ਕੋਈ ਵਿਕਲਪ ਨਹੀਂ ਹੈ। ਮੱਕੀ ਦੀ ਫ਼ਸਲ ਦੀ ਗਿਣਤੀ ਪੰਜਾਬ ਦੀਆਂ ਸਾਉਣੀ ਦੀਆਂ ਫ਼ਸਲਾਂ ’ਚ ਕੀਤੀ ਜਾਂਦੀ ਹੈ। ਅੱਜ ਕੱਲ੍ਹ ਪੰਜਾਬ ’ਚ ਮੱਕੀ ਦੀ ਫ਼ਸਲ ਦੀਆਂ ਕਈ ਹਾਈਬ੍ਰਿਡ ਕਿਸਮਾਂ ਪ੍ਰਚਲਿਤ ਹੋਣ ਕਰਕੇ ਇਹ ਸਿਆਲ ਤੇ ਗਰਮੀ ਦੋਵਾਂ ਮੌਸਮਾਂ ’ਚ ਵੀ ਬੀਜੀ ਜਾਣ ਲੱਗੀ ਹੈ, ਪਰ ਪੰਜਾਬੀਆਂ ਨੂੰ ਸਰ੍ਹੋਂ ਦੇ ਸਾਗ ਨਾਲ ਸੁੱਕੇ ਢੋਡਿਆਂ ਦੇ ਰੂਪ ’ਚ ਰੂਹ ਵਿੱਚ ਵੱਸ ਜਾਣ ਵਾਲਾ ਮਿੱਠਾ ਮਿੱਠਾ ਸੁਆਦ ਦੇਣ ਵਾਲਾ ਕੰਮ ਹਾੜ੍ਹ ਮਹੀਨੇ ਬੀਜੀ ਤੇ ਅੱਸੂ ਕੱਤਕ ’ਚ ਪੱਕਣ ਵਾਲੀ ਦੇਸੀ ਤੇ ਲਾਲ ਭਾਹ ਮਾਰਦੀ ਜੁਆਰ ਦੇ ਹੀ ਹਿੱਸੇ ਆਇਆ ਹੈ। ਖੇਤੀ ਲਈ ਸਿੰਚਾਈ ਸਹੂਲਤਾਂ ਤੇ ਆਧੁਨਿਕ ਤੌਰ ਤਰੀਕਿਆਂ ਦੇ ਦੌਰ ਤੋਂ ਪਹਿਲਾਂ ਇਹ ਦੇਸੀ ਮੱਕੀ ਹਾੜ੍ਹ ਮਹੀਨੇ ਪਏ ਮੀਂਹਾਂ ਨਾਲ ਖੇਤਾਂ ’ਚ ਕੇਰ ਦਿੱਤੀ ਜਾਂਦੀ ਤੇ ਫਿਰ ਦਸ ਪੰਦਰਾਂ ਦਿਨਾਂ ਬਾਅਦ ਜ਼ਮੀਨ ’ਚੋਂ ਬਾਹਰ ਨਿੱਕਲੇ ਛੋਟੇ-ਛੋਟੇ ਟਾਂਡੇ ਚੰਡੇ ਹੋਏ ਰੰਭਿਆਂ, ਬੋਹਲਿਆਂ ਨਾਲ ਗੋਡੀਆਂ ਕਰ ਕਰ ਤਕੜੇ ਕੀਤੇ ਜਾਂਦੇ। ਉਸ ਦੌਰ ’ਚ ਮੱਕੀ ਦੀ ਫ਼ਸਲ ’ਚ ਗੋਡੀਆਂ ਨਦੀਨ ਮਾਰਨ ਤੇ ਜ਼ਮੀਨ ਨੂੰ ਪੋਲੀ ਰੱਖਣ ਲਈ ਕੀਤੀਆਂ ਜਾਂਦੀਆਂ। ਇਸ ਤਰ੍ਹਾਂ ਵਾਰ ਵਾਰ ਕੀਤੀਆਂ ਗੋਡੀਆਂ ਇਸ ਫ਼ਸਲ ਨੂੰ ਕਈ ਦਿਨ ਪਾਣੀ ਦੀ ਕਮੀ ਮਹਿਸੂਸ ਨਾ ਹੋਣ ਦਿੰਦੀਆਂ ਤੇ ਫਿਰ ਸਾਉਣ ਦੀਆਂ ਝੜੀਆਂ ਤਕ ਇਨ੍ਹਾਂ ਮੱਕੀਆਂ ’ਚ ਬਲਦਾਂ ਵਾਲੇ ਹਲ ਫੇਰ ਫੇਰ ਮੱਕੀ ਦੇ ਬੂਟਿਆਂ ਦੁਆਲੇ ਮਿੱਟੀ ਚਾੜ੍ਹ ਵੱਟਾਂ ਮਜ਼ਬੂਤ ਕੀਤੀਆਂ ਜਾਂਦੀਆਂ। ਹੌਲੀ ਹੌਲੀ ਬਰਸਾਤੀ ਮੌਸਮ ’ਚ ਮੀਂਹ ਦੀਆਂ ਫੁਹਾਰਾਂ ਤੇ ਤੇਜ਼ ਧੁੱਪਾਂ ਦੇ ਚੁਮਾਸੇ ਇਸ ਫ਼ਸਲ ਨੂੰ ਜਵਾਨ ਕਰ ਦਿੰਦੇ। ਭਾਦੋਂ ਦੀ ਹੁੰਮਸ ਤੇ ਅੱਸੂ ਦੀ ਬਦਲਦੀ ਰੁੱਤ ਤਕ ਇਹ ਦੇਸੀ ਮੱਕੀ ਦੀਆਂ ਛੱਲੀਆਂ ਚੱਬਣ ਲਈ ਤਿਆਰ ਹੁੰਦੀਆਂ ਅਤੇ ਖੇਤਾਂ ’ਚ ਕੰਮ ਕਰਨ ਵਾਲੇ ਕਾਮੇ, ਹਾਲੀ ਤੇ ਪਾਲੀ ਚਾਬੂ ਹੋਈਆਂ ਛੱਲੀਆਂ ਨੂੰ ਭੁੰਨਣ ਲਈ ਤੂਤਾਂ, ਧਰੇਕਾਂ, ਟਾਹਲੀਆਂ ਜਾਂ ਅੰਬਾਂ ਦੀ ਛਾਵੇਂ ਧਰਤੀ ਮਾਂ ਦੇ ਸੀਨੇ ’ਤੇ ਟੋਆ ਪੁੱਟ ਕੰਮ ਚਲਾਵੀਆਂ ਭੱਠੀਆਂ ਬਣਾਉਂਦੇ ਤੇ ਛੱਲੀਆਂ ਭੁੰਨ ਭੁੰਨ ਦੁਪਹਿਰ ਦੀ ਭੁੱਖ ਮਿਟਾ ਲੈਂਦੇ। ਚਾਰ-ਪੰਜ ਚੱਬੀਆਂ ਛੱਲੀਆਂ ਨੂੰ ਹਜ਼ਮ ਕਰਨ ਲਈ ਡੋਲੂ ਖੱਟੀ ਲੱਸੀ ਦਾ ਲੂਣ ਪਾ ਕੇ ਪੀਤਾ ਜਾਂਦਾ। ਇਸ ਤਰ੍ਹਾਂ ਦੇਸੀ ਤੇ ਨਰੋਈ ਖ਼ੁਰਾਕ ਖਾ ਕੇ ਪੇਂਡੂ ਲੋਕ ਆਪਣੇ ਫੌਲਾਦੀ ਜਿਸਮਾਂ ਨਾਲ ਪੱਠੇ ਵੱਢਣ, ਕੁਤਰਨ ਤੇ ਪਸ਼ੂਆਂ ਨੂੰ ਪਾਉਣ ਵਰਗੇ ਕੰਮ ਨਿਬੇੜਨ ਲਈ ਦੇਰ ਰਾਤ ਤਕ ਡਟੇ ਰਹਿੰਦੇ। ਅਜਿਹੀਆਂ ਖ਼ੁਰਾਕਾਂ ਖਾਣ ਵਾਲਿਆਂ ਨੂੰ ਖ਼ੂਨ ਦੇ ਦਬਾਅ, ਦਿਲ ਦੀ ਗਤੀ ਰੁਕਣੀ ਜਾਂ ਤੇਜ਼ ਹੋਣੀ, ਮੋਟਾਪਾ, ਭੁੱਖ ਨਾ ਲੱਗਣੀ ਜਾਂ ਸਰੀਰ ਨੂੰ ਵਿਟਾਮਨਾਂ ਦੀ ਕਮੀ ਜਾਂ ਖ਼ੂਨ ਦੀ ਘਾਟ ਦੀ ਕਦੇ ਸਮੱਸਿਆ ਨਹੀਂ ਸੀ ਆਈ। ਛੱਲੀਆਂ ਦੀ ਰੁੱਤੇ ਕਿਸਾਨ, ਕਾਮਿਆਂ ਲਈ ਖੇਤ ਰਹਿਣਾ ਇਸ ਲਈ ਵੀ ਜ਼ਰੂਰੀ ਹੁੰਦਾ ਕਿਉਂਕਿ ਤੋਤੇ ਤੇ ਕਾਵਾਂ ਵਰਗੇ ਪੰਛੀ ਦੁਧੀਆ ਛੱਲੀਆਂ ਨੂੰ ਟੁੱਕ ਟੁੱਕ ਕੇ ਜਵਾਨ ਹੋ ਰਹੀ ਫ਼ਸਲ ਦਾ ਨੁਕਸਾਨ ਕਰਿਆ ਕਰਦੇ ਹਨ। ਛੱਲੀਆਂ ਦੇ ਰਖਵਾਲਿਆਂ ਨੂੰ ਖੇਤਾਂ ’ਚ ਦਰੱਖਤਾਂ ਦੀ ਛਾਵੇਂ ਪੱਕੇ ਮਣੇ ਬਣਾ ਕੇ ਸਾਰਾ ਦਿਨ ਰਾਖੀ ਕਰਨੀ ਪੈਂਦੀ ਤੇ ਇਸ ਤਰ੍ਹਾਂ ਤੇਜ਼ ਧੁੱਪਾਂ, ਹੁੰਮਸ ਤੇ ਝੜੀ ਦੇ ਦਿਨਾਂ ’ਚ ਲੰਮਾ ਸਮਾਂ ਇਨ੍ਹਾਂ ਮਣਿਆਂ ’ਤੇ ਹੀ ਗੁਜ਼ਾਰਨਾ ਕਿਸਾਨ ਕਾਮਿਆਂ ਦੀ ਮਜਬੂਰੀ ਹੁੰਦੀ। ਛੱਲੀਆਂ ਪੱਕਣ ਲੱਗਦੀਆਂ ਤਾਂ ਪਿੰਡਾਂ ’ਚ ਭੱਠੀਆਂ ਤੋਂ ਦਾਣੇ ਭੁੰਨਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਛੱਲੀਆਂ ਦੇ ਗਿੱਲੇ ਦਾਣਿਆਂ ਤੋਂ ਮੁਰਮਰੇ ਤੇ ਪੂਰੀ ਤਰ੍ਹਾਂ ਪੱਕਿਆਂ ਦੀਆਂ ਖਿੱਲਾਂ ਬਣਦੀਆਂ। ਪੇਂਡੂ ਰਹਿਤਲ ’ਚ ਲੋਕਾਂ ਦੇ ਮੂੰਹ ਦਾ ਸੁਆਦ ਕਰਾਰਾ ਕਰਨ ਲਈ ਦਾਣੇ ਭੁੰਨਣ ਵਾਸਤੇ ਭੱਠੀਆਂ ਦੀ ਅਹਿਮ ਭੂਮਿਕਾ ਰਹੀ ਹੈ। ਆਮ ਤੌਰ ’ਤੇ ਅੱਸੂ ਕੱਤਕ ਦੇ ਮਹੀਨਿਆਂ ’ਚ ਸਾਉਣੀ ਦੀ ਫ਼ਸਲ ਮੱਕੀ ਕਿਸਾਨਾਂ ਦੇ ਵਿਹੜਿਆਂ ਤਕ ਪਹੁੰਚ ਰਹੀ ਹੁੰਦੀ ਤੇ ਜੁਆਕ ਅਣਸੁੱਕੀਆਂ ਛੱਲੀਆਂ ਤੋਂ ਮੁਰਮਰੇ ਤੇ ਖਿੱਲਾਂ ਬਣਵਾ ਰੀਝ ਨਾਲ ਚੱਬਦੇ। ਲੋਕ ਸੱਥਾਂ ’ਚ ਗੱਪਸ਼ੱਪ ਲਾਉਂਦੇ, ਆਥਣ ਨੂੰ ਖੇਤੀਬਾੜੀ ਦੇ ਕੰਮ ਨਿਪਟਾਉਂਦੇ ਹੋਏ ਭੱਠੀ ਤੋਂ ਦਾਣੇ ਭੁੰਨਾ ਕੇ ਮੂੰਹ ਦਾ ਸੁਆਦ ਕਰਾਰਾ ਕਰਿਆ ਕਰਦੇ ਅਤੇ ਨਾਲ ਹੀ ਪਿੰਡ ’ਚ ਵਾਪਰੀ ਕੋਈ ਵੀ ਘਟਨਾ ਜਾਂ ਹਾਦਸਾ ਹੱਟੀ ਭੱਠੀ ’ਤੇ ਬੈਠਣ ਵਾਲਿਆਂ ਲਈ ਚੁੰਝ ਚਰਚਾ ਦਾ ਵਿਸ਼ਾ ਬਣ ਜਾਂਦਾ। ਉਨ੍ਹਾਂ ਦਿਨਾਂ ’ਚ ਸਕੂਲੀ ਪੜ੍ਹਦੇ ਜਾਂ ਘਰਾਂ ’ਚ ਬਚਪਨ ਦੀਆਂ ਮੌਜ ਬਹਾਰਾਂ ਮਾਣ ਰਹੇ ਜੁਆਕਾਂ ਲਈ ਦਾਣਿਆਂ ਵਾਲੀ ਭੱਠੀ ਤੋਂ ਦਾਣੇ ਭੁੰਨਾ ਕੇ ਚੱਬਣਾ ਹੀ ਵੱਡਾ ਰੁਝੇਵਾਂ ਹੋਇਆ ਕਰਦਾ ਸੀ। ਘਰਾਂ ’ਚ ਰੋਜ਼ਮਰ੍ਹਾ ਦੇ ਕੰਮਾਂ ’ਚ ਉਲਝੀਆਂ ਪੇਂਡੂ ਸੁਆਣੀਆਂ ਤੇ ਜਵਾਨੀ ਦੀ ਦਹਿਲੀਜ਼ ’ਤੇ ਪਹੁੰਚੀਆਂ ਕੁੜੀਆਂ ਚਿੜੀਆਂ ਵੀ ਦਾਣਿਆਂ ਦੇ ਪੱਜ ਭੱਠੀ ’ਤੇ ਆਪਣੀਆਂ ਸਖੀਆਂ ਸਹੇਲੀਆਂ ਨਾਲ ਮਨ ਦੇ ਵਲਵਲਿਆਂ ਨੂੰ ਸਾਂਝੇ ਕਰ ਆਉਂਦੀਆਂ। ਇਸ ਤਰ੍ਹਾਂ ਸਿੱਧ ਪੱਧਰੀ ਤੇ ਨਰੋਈ ਖ਼ੁਰਾਕ ਦਾ ਸੁਆਦ ਮਾਣਦਿਆਂ ਪਤਾ ਨਹੀਂ ਸੂਰਜ ਕਦੋਂ ਅਸਤ ਹੋ ਜਾਂਦਾ ਤੇ ਨਿੱਤਰੇ ਹੋਏ ਨੀਲੇ ਅਸਮਾਨ ’ਚ ਕਦੋਂ ਤਾਰਿਆਂ ਨੂੰ ਮੱਠਾ ਮੱਠਾ ਤਾਪ ਚੜ੍ਹ ਜਾਂਦਾ। ਦਰਅਸਲ ਪੰਜ ਛੇ ਦਹਾਕੇ ਪਹਿਲਾਂ ਪੰਜਾਬ ’ਚ ਕਣਕ ਵਰਗੀ ਖਾਣ ਦੇ ਕੰਮ ਆਉਣ ਵਾਲੀ ਫ਼ਸਲ ਦੀ ਪੈਦਾਵਾਰ ਘੱਟ ਹੋਣ ਕਰਕੇ ਲੋਕ ਦੁਪਹਿਰੇ ਲੱਗਣ ਵਾਲੀ ਭੁੱਖ ਮੱਕੀ, ਛੋਲੇ, ਜੌਂ, ਬਾਜਰਾ ਜਾਂ ਚੌਲਾਂ ਦੇ ਦਾਣੇ ਭੁੰਨਾ ਕੇ ਦੂਰ ਕਰਿਆ ਕਰਦੇ। ਲੋਕ ਲੰਮੇ ਸਫ਼ਰ ’ਤੇ ਤੁਰਨ ਲੱਗਿਆਂ ਦਾਣੇ ਭੁੰਨਾ ਕੇ ਕੋਲ ਰੱਖ ਲੈਂਦੇ ਤਾਂ ਜੋ ਰਸਤੇ ਵਿੱਚ ਲੱਗਣ ਵਾਲੀ ਭੁੱਖ ਤੋਂ ਬਚਿਆ ਜਾ ਸਕੇ। ਮੇਲੇ ’ਚ ਖਰਚਣ ਜੋਗੇ ਪੈਸੇ ਨਾ ਹੋਣੇ ਤਾਂ ਵੀ ਪੱਲੇ ਦਾਣੇ ਬੰਨ੍ਹ ਲੈਣੇ। ਉਂਜ ਵੀ ਦਾਣੇ ਚੱਬਣ ਤੇ ਸਿਆਲਾਂ ’ਚ ਗੰਨੇ ਚੂਪਣ ਨਾਲ ਲੋਕਾਂ ਦੇ ਦੰਦ ਮਜ਼ਬੂਤ ਤੇ ਸਿਹਤ ਨਰੋਈ ਰਹਿੰਦੀ ਸੀ। ਮੱਕੀ ਦੀ ਫ਼ਸਲ ਨੇ ਪੰਜਾਬ ਦੀ ਸਮਾਜਿਕ ਜ਼ਿੰਦਗੀ ’ਚ ਨੇੜਤਾ ਬਣਾਈ ਰੱਖਣ ਦੇ ਨਾਲ ਇੱਥੋਂ ਦੇ ਸਭਿਆਚਾਰਕ ਰੰਗ ਤੇ ਲੋਕ ਧਾਰਾਈ ਪਿਛੋਕੜ ’ਚ ਵੀ ਆਪਣੀ ਥਾਂ ਰਾਖਵੀਂ ਕਰ ਰੱਖੀ ਹੈ। ਜਿਵੇਂ ਪੰਜਾਬੀ ਸਿੱਠਣੀਆਂ ’ਚ ‘ਸਾਡੇ ਤਾਂ ਵਿਹੜੇ ਮੁੱਢ ਮਕੱਈ ਦਾ. . .’। ਬੁਝਾਰਤਾਂ ਵਿੱਚ ‘ਹਰੀ ਸੀ ਮਨ ਭਰੀ ਸੀ, ਨਾਲ ਮੋਤੀਆਂ ਜੜੀ ਸੀ, ਲਾਲਾ ਜੀ ਦੇ ਬਾਗ ਵਿੱਚ ਦੁਸ਼ਾਲਾ ਲਈ ਖੜ੍ਹੀ ਸੀ’। ਅਖਾਣਾਂ ਵਿੱਚ ‘ਕਣਕ ਕਮਾਈ ਛੱਲੀਆਂ ਤੇ ਹੋਰ ਖੇਤੀ ਕੁੱਲ, ਰੂੜੀ ਬਾਝ ਨਾ ਹੁੰਦੀਆਂ, ਤੂੰ ਨਾ ਜਾਈਂ ਭੁੱਲ. . .’ ਅਤੇ ‘ਤਿਲ ਵਿਰਲੇ ਜੌਂ ਸੰਘਣੇ, ਵੱਟੋ ਵੱਟ ਕਪਾਹ, ਲੇਫ ਦੀ ਬੁੱਕਲ ਮਾਰ ਕੇ ਮੱਕੀ ਵਿੱਚ ਦੀ ਜਾਹ’।

ਅੱਜ 21ਵੀਂ ਸਦੀ ਦਾ ਡੇਢ ਦਹਾਕਾ ਪਾਰ ਕਰਨ ਪਿੱਛੋਂ ਪੰਜਾਬੀ ਸਭਿਆਚਾਰ ਤੇ ਜਨ-ਜੀਵਨ ਦਾ ਮੁਹਾਂਦਰਾ ਬਦਲਣ ਨਾਲ ਪੰਜਾਬ ਦੇ ਪਿੰਡਾਂ ’ਚ ਹੁਣ ਦਾਣੇ ਭੁੰਨਾਉਣ ਤੇ ਚੱਬਣ ਦਾ ਰਿਵਾਜ ਖ਼ਤਮ ਹੋ ਰਿਹਾ ਹੈ। ਭੱਠੀ ਵਾਲੀ ਚਾਚੀ ਵੀ ਅਖੌਤੀ ਆਧੁਨਿਕਤਾ ਦੇ ਧੂੰਏ ’ਚ ਗੁਆਚਦੀ ਜਾ ਰਹੀ ਹੈ। ਪਿੰਡਾਂ ਦੇ ਜੁਆਕ ਸ਼ਹਿਰਾਂ ’ਚ ਟਾਈਆਂ ਵਾਲੇ ਸਕੂਲਾਂ ’ਚ ਸੁਵੱਖਤੇ ਪੜ੍ਹਨ ਲਈ ਚਲੇ ਜਾਂਦੇ ਹਨ ਤੇ ਆਥਣ ਨੂੰ ਫਿਰ ਟਿਊਸ਼ਨ ’ਤੇ ਜਾਣਾ ਹੁੰਦਾ ਹੈ। ਕਿਤਾਬਾਂ ਤੋਂ ਕਿਤਾਬਾਂ ਤਕ ਦਾ ਸਫ਼ਰ ਕਰਦਿਆਂ ਪਿੰਡਾਂ ਦੇ ਬੱਚਿਆਂ ਨੂੰ ਪਤਾ ਹੀ ਨਹੀਂ ਲੱਗਦਾ ਛੱਲੀਆਂ ਚੱਬਣ ਵਾਲੀਆਂ ਕਦੋਂ ਹੋ ਗਈਆਂ ਅਤੇ ਖਿੱਲਾਂ ਤੇ ਮੁਰਮਰਿਆਂ ’ਚ ਕੀ ਫ਼ਰਕ ਹੁੰਦੈ? ਹੁਣ ਉਨ੍ਹਾਂ ਕੋਲ ਭੱਠੀ ਵਾਲੀ ਚਾਚੀ ਦੇ ਕੋਲ ਬੈਠਣ ਦੀ ਵਿਹਲ ਨਹੀਂ। ਉਹ ਘਰਦਿਆਂ ਵੱਲੋਂ ਮਿਲੇ ਜੇਬ ਖਰਚੇ ਨਾਲ ਦੁਕਾਨਾਂ ਤੋਂ ਟਾਫੀਆਂ, ਚਾਕਲੇਟ, ਲੇਜ਼, ਕੁਰਕਰੇ, ਨੂਡਲਜ਼, ਬਰਗਰ ਨਾਲ ਕੋਕ ਦੀਆਂ ਘੁੱਟਾਂ ਭਰਦੇ ਆਪਣੇ ਹਾਜ਼ਮੇ ਖ਼ਰਾਬ ਕਰਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਕਿ ਅੱਸੂ ਕੱਤਕ ਦੇ ਮਹੀਨੇ ਬਰਸਾਤਾਂ ਤੋਂ ਬਾਅਦ ਪੱਛਮ ਦੀ ਗੁੱਠ ’ਚੋਂ ਆਉਂਦੇ ਸਿਆਲ ਦਾ ਸੁਨੇਹਾ ਦਿੰਦੀਆਂ ਹਵਾਵਾਂ ਕਿਹੜਾ ਗੀਤ ਗਾਉਂਦੀਆਂ ਨੇ ਤੇ ਪਿਛਲੇ ਮਹੀਨੇ ਮੀਂਹਾਂ ਨਾਲ ਹਰੇ ਕਚੂਰ ਹੋਏ ਕਮਾਦਾਂ ਦੇ ਓਹਲੇ ਅਸਤ ਹੁੰਦੇ ਸੂਰਜ ਦੀ ਲਾਲੀ ਦਾ ਰੰਗ ਕਿਵੇਂ ਭਾਹ ਮਾਰਦੈ?

ਅੱਜ ਜਿੱਥੇ ਪੰਜਾਬ ਦੀ ਨਵੀ ਪੀੜ੍ਹੀ ਆਪਣੀ ਅਮੀਰ ਸਭਿਆਚਾਰਕ ਮਹਿਕ ਤੋਂ ਦੂਰ ਹੋ ਗਈ ਹੈ, ਉੱਥੇ ਹੀ ਹੁਣ ਦਾਣੇ ਭੁੰਨ ਕੇ ਗੁਜ਼ਾਰਾ ਕਰਨਾ ਭੱਠੀ ਵਾਲੀ ਚਾਚੀ ਦੇ ਵੱਸ ਦਾ ਰੋਗ ਨਹੀਂ ਰਿਹਾ ਕਿਉਂਕਿ ਭੱਠੀ ਤਪਾਉਣੀ ਤੇ ਦਾਣੇ ਭੁੰਨਣਾ ਬੜੇ ਹੱਠ ਤੇ ਮੁਸ਼ੱਕਤ ਵਾਲਾ ਕੰਮ ਹੈ ਅਤੇ ਹੁਣ ਹੱਠ, ਮੁਸ਼ੱਕਤ, ਸਿਦਕ ਤੇ ਸਬਰ ਪੰਜਾਬੀ ਜੀਵਨ ਜਾਚ ’ਚੋਂ ਮਨਫ਼ੀ ਹੋ ਰਹੇ ਹਨ। ਇਹੀ ਕਾਰਨ ਹੈ ਕਿ ਪੰਜਾਬ ਦੀ ਪੇਂਡੂ ਆਰਥਿਕਤਾ ਨਾਲ ਜੁੜੇ ਕੰਮ ਦੂਜੇ ਰਾਜਾਂ ’ਚੋਂ ਆਏ ਪ੍ਰਵਾਸੀ ਮਜ਼ਦੂਰਾਂ ਦੀ ਕਮਾਈ ਦਾ ਵਸੀਲਾ ਬਣ ਰਹੇ ਹਨ। ਮੱਕੀ ਦੇ ਦਾਣਿਆਂ ਤੋਂ ਕਰਾਰਾ ਸੁਆਦ ਤੇ ਦਿਲ ਟੁੰਬਣ ਵਾਲੀ ਮਹਿਕ ਦੇਣ ਵਾਲੀ ਭੱਠੀ ਪਿੰਡ ਦੀ ਸੱਥ ਜਾਂ ਗਲੀ ਤੋਂ ਤਬਦੀਲ ਹੋ ਕੇ ਸ਼ਹਿਰ ਦੇ ਭੀੜ ਵਾਲੇ ਚੌਕ ’ਤੇ ਪ੍ਰਵਾਸੀ ਮਜ਼ਦੂਰ ਦੀ ਰੇਹੜੀ ਤਕ ਪਹੁੰਚ ਗਈ ਹੈ ਜਿੱਥੇ ਦਾਣੇ ਭੁੰਨਾਉਣ ਲਈ ਆਪਣੀ ਵਾਰੀ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ, ਜੁਆਕਾਂ ’ਚ ਆਪਣੀ ਵਾਰੀ ਲੈਣ ਲਈ ਲੜਾਈ ਨਹੀਂ ਹੁੰਦੀ, ਸਗੋਂ ਖਿੱਲਾਂ ਤੇ ਮੁਰਮਰੇ ਪੋਲੀਥੀਨ ਦੇ ਲਿਫਾਫੇ ’ਚ ਪਹਿਲਾਂ ਹੀ ਪੈਕ ਹੋ ਕੇ ਗਾਹਕ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਨ।

# ਚਿੜੀਆਂ ਦਾ ਚੰਬਾ

ਬਾਬਲ ਅਸਾਂ ਉੱਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ ਜਾਣਾ।

ਉਪਰੋਕਤ ਸਤਰਾਂ ਕੁੜੀ ਦੇ ਵਿਆਹ ਸਮੇਂ ਗਾਏ ਜਾਂਦੇ ਸੁਹਾਗ ਦੇ ਬੋਲ ਹਨ ਜਿਸ ਵਿੱਚ ਇੱਕ ਧੀ ਆਪਣੇ ਪਿਤਾ ਨੂੰ ਸੰਬੋਧਨ ਕਰਦੀ ਕਹਿੰਦੀ ਹੈ ਕਿ ਉਹਨੇ ਇੱਕ ਦਿਨ ਚਿੜੀਆਂ ਦੇ ਚੰਬੇ ਦੀ ਤਰ੍ਹਾਂ ਉਡਾਰੀ ਮਾਰ ਕੇ ਦੂਜੇ ਘਰ ਚਲੇ ਜਾਣਾ ਹੈ। ਫਿਰ ਉਸ ਨੇ ਕਦੇ ਹੀ ਪੇਕਿਆਂ ਵੱਲ ਗੇੜਾ ਮਾਰਨਾ ਹੈ ਤੇ ਉਹਦੇ ਬਿਨਾਂ ਇਹ ਘਰ ਸੁੰਨ੍ਹਾ ਹੋ ਜਾਵੇਗਾ। ਇਨ੍ਹਾਂ ਸਤਰਾਂ ਵਿੱਚ ਧੀਆਂ ਆਪਣੀ ਦਿਲ ਦੀ ਗੱਲ ਆਪਣੇ ਪਿਤਾ ਨੂੰ ਸਮਝਾਉਂਦੀਆਂ ਹਨ, ਪਰ ਪਾਸ਼ ਦੀ ਕਵਿਤਾ ਕੁੜੀਆਂ ਦੀ ਅਜੋਕੀ ਸਮਾਜਿਕ ਸਥਿਤੀ ਨੂੰ ਪੇਸ਼ ਕਰਦੀ ਹੈ, ਜਿਵੇਂ:

ਇਹ ਚਿੜੀਆਂ ਦਾ ਚੰਬਾ ਉੱਡ ਕੇ ਕਿਧਰੇ ਨਹੀਂ ਜਾਵੇਗਾ
ਇੱਥੋਂ ਹੀ ਕਿਧਰੋਂ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ
ਰੁੱਖੀਆਂ ਮਿੱਸੀਆਂ ਰੋਟੀਆਂ ਢੋਏਗਾ ਐਥੇ ਹੀ ਕਿਤੇ
ਉਰੇ ਪਰੇ ਲੁਕ ਕੇ ਕੱਲਮ ਕੱਲਿਆਂ ਰੋਇਆ ਕਰੇਗਾ

ਭਾਵ ਕਿ ਇਹ ਕੁੜੀਆਂ ਜਿਨ੍ਹਾਂ ਦੀ ਤੁਲਨਾ ਚਿੜੀਆਂ ਦੇ ਚੰਬੇ ਨਾਲ ਕੀਤੀ ਜਾਂਦੀ ਹੈ, ਇਨ੍ਹਾਂ ਨੇ ਉੱਡ ਕੇ ਕਿਤੇ ਨਹੀਂ ਜਾਣਾ ਅਤੇ ਇਸੇ ਸਮਾਜ ਵਿੱਚ ਰਹਿ ਕੇ ਹੀ ਆਪਣੇ ਕੰਮ ਕਾਜ ਕਰਨੇ ਹਨ। ਕੋਈ ਖੇਤਾਂ ਵਿੱਚ ਕੰਮ ਕਰਦੀ ਨਜ਼ਰ ਆਏਗੀ ਤੇ ਕੋਈ ਰੋਟੀਆਂ ਪਕਾਏਗੀ ਤੇ ਢੋਏਗੀ ਅਤੇ ਕੋਈ ਕਿਧਰੇ ਲੁਕ ਲੁਕ ਕੇ ਰੋਇਆ ਵੀ ਕਰੇਗੀ। ਜੋ ਧੀ ਵਿਆਹ ਤੋਂ ਪਹਿਲਾਂ ਆਪਣੇ ਨਵੇਂ ਘਰ ਦੇ ਸੁਪਨੇ ਸਿਰਜਦੀ ਹੈ, ਉਸ ਦੀ ਵਿਆਹ ਤੋਂ ਬਾਅਦ ਦੀ ਵਾਸਤਵਿਕ ਸਮਾਜਿਕ ਸਥਿਤੀ ਪਾਸ਼ ਦੀ ਇਹ ਕਵਿਤਾ ਪੇਸ਼ ਕਰਦੀ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿ ਕੁੜੀਆਂ ਦੀ ਹਾਲਤ ਉਸ ਚਿੜੀਆਂ ਦੇ ਚੰਬੇ ਦੀ ਤਰ੍ਹਾਂ ਹੈ ਜਿਨ੍ਹਾਂ ਨੇ ਇੱਕ ਨਾ ਇੱਕ ਦਿਨ ਉੱਡ ਕੇ ਕਿਧਰੇ ਹੋਰ ਜਾ ਵੱਸਣਾ ਹੁੰਦਾ ਹੈ ਅਤੇ ਚਿੜੀਆਂ ਦੀ ਤਰ੍ਹਾਂ ਕੁੜੀਆਂ ਵੀ ਇਸ ਗੱਲ ਤੋਂ ਅਣਜਾਣ ਹੁੰਦੀਆਂ ਹਨ ਕਿ ਉਨ੍ਹਾਂ ਦਾ ਅਸਲੀ ਘਰ ਕਿਹੜਾ ਹੈ, ਪਰ ਇੱਕ ਧੀ ਆਪਣੇ ਨਵੇਂ ਘਰ ਲਈ ਸੁਪਨੇ ਜ਼ਰੂਰ ਬੁਣਦੀ ਹੈ। ਉਸ ਨੂੰ ਅਗਲਾ ਘਰ ਆਪਣਾ ਆਪਣਾ ਲੱਗਦਾ ਹੈ ਤੇ ਜਦੋਂ ਉਸ ਘਰ ਵਿੱਚ ਵੀ ਉਸ ਲਈ ਬੇਗਾਨੀ ਧੀ ਸ਼ਬਦ ਵਰਤਿਆ ਜਾਂਦਾ ਹੈ ਤਾਂ ਫਿਰ ਉਹ ਸੋਚਦੀ ਹੈ ਕਿ ਉਸ ਦਾ ਅਸਲੀ ਘਰ ਕਿਹੜਾ ਹੋਇਆ। ਪੇਕੇ ਘਰ ਵਿੱਚ ਤਾਂ ਬਚਪਨ ਤੋਂ ਉਹਨੂੰ ਇਹੀ ਸਿਖਾਇਆ ਜਾਂਦਾ ਹੈ ਕਿ ਉਸ ਦਾ ਅਸਲੀ ਘਰ ਕੋਈ ਹੋਰ ਹੈ, ਪਰ ਜਦੋਂ ਸਹੁਰੇ ਘਰ ਵੀ ਉਸ ਨੂੰ ਬੇਗਾਨੀ ਸਮਝਿਆ ਜਾਂਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਕੁੜੀਆਂ ਦੇ ਘਰ ਨਹੀਂ ਹੁੰਦੇ, ਉਨ੍ਹਾਂ ਦੇ ਤਾਂ ਪੇਕੇ ਤੇ ਸਹੁਰੇ ਹੁੰਦੇ ਨੇ।

ਸੁਆਲ ਇਹ ਹੈ ਕਿ ਇੱਕ ਧੀ ਜੋ ਆਪਣੇ ਮਾਪਿਆਂ ਦਾ ਮਾਣ ਵਧਾਉਂਦੀ ਹੈ, ਉਹ ਸਹੁਰੇ ਪਰਿਵਾਰ ਵਿੱਚ ਆਪਣੀ ਜਗ੍ਹਾ ਕਿਉਂ ਨਹੀਂ ਬਣਾ ਪਾਉਂਦੀ। ਉਹ ਆਪਣੇ ਪਤੀ ਦੀ ਰਾਣੀ ਕਿਉਂ ਨਹੀਂ ਬਣ ਪਾਉਂਦੀ? ਇਸ ਤਰ੍ਹਾਂ ਦੇ ਕਾਫ਼ੀ ਸੁਆਲ ਹਨ ਜੋ ਸਾਡੇ ਦਿਮਾਗ ਵਿੱਚ ਆਉਂਦੇ ਹਨ। ਇਨ੍ਹਾਂ ਪਿੱਛੇ ਬਹੁਤ ਸਾਰੇ ਆਰਥਿਕ ਤੇ ਸਮਾਜਿਕ ਕਾਰਨ ਹਨ ਜਿਨ੍ਹਾਂ ਕਰਕੇ ਕੁੜੀਆਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਹਾਸਲ ਨਹੀਂ ਹੁੰਦਾ ਤੇ ਜਿਸ ਕਾਰਨ ਪਰਿਵਾਰਕ ਰਿਸ਼ਤੇ ਟੁੱਟਦੇ ਨਜ਼ਰ ਆ ਰਹੇ ਹਨ। ਬਹੁਤ ਛੋਟੀਆਂ ਗੱਲਾਂ ਹਨ ਜਿਨ੍ਹਾਂ ਨੂੰ ਜੇ ਨਾ ਵਧਾਇਆ ਜਾਏ ਤਾਂ ਰਿਸ਼ਤੇ ਟੁੱਟਣ ਤੋਂ ਬਚ ਸਕਦੇ ਹਨ। ਜਿਵੇਂ ਜਦੋਂ ਨਵਵਿਆਹੀ ਵਹੁਟੀ ਘਰ ਆਉਂਦੀ ਹੈ ਤਾਂ ਕੁਦਰਤੀ ਤੌਰ ’ਤੇ ਮੁੰਡਾ ਕੁੜੀ ਆਪਸ ਵਿੱਚ ਇੱਕ ਦੂਜੇ ਪ੍ਰਤੀ ਆਕਰਸ਼ਿਤ ਹੁੰਦੇ ਹਨ।

ਇਸ ਕਾਰਨ ਕਈ ਸਹੁਰਿਆਂ ਨੂੰ ਲੱਗਦਾ ਹੈ ਕਿ ਸਾਡਾ ਮੁੰਡਾ ਤਾਂ ਹੁਣ ਹੱਥੋਂ ਗਿਆ। ਜਦੋਂਕਿ ਜੇ ਅਸੀਂ ਨਵਵਿਆਹੇ ਜੋੜੇ ਨੂੰ ਇਕੱਲਿਆਂ ਜ਼ਿਆਦਾ ਸਮਾਂ ਬਤੀਤ ਕਰਨ ਦੇਵਾਂਗੇ ਤਾਂ ਹੀ ਉਹ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣਗੇ ਤੇ ਉਨ੍ਹਾਂ ਦਾ ਆਪਸੀ ਰਿਸ਼ਤਾ ਮਜ਼ਬੂਤ ਬਣੇਗਾ। ਇਸ ਤੋਂ ਇਲਾਵਾ ਸੱਸ ਨੂੰ ਆਪਣੀ ਨੂੰਹ ਨੂੰ ਆਪਣੇ ਘਰ ਦੇ ਕੰਮ ਕਰਨ ਦੇ ਅਸੂਲ ਪਹਿਲਾਂ ਦੱਸਣੇ ਚਾਹੀਦੇ ਹਨ ਤਾਂ ਜੋ ਉਸ ਨੂੰ ਕੰਮ ਕਰਨ ਵਿੱਚ ਕੋਈ ਮੁਸ਼ਕਿਲ ਨਾ ਆਏ, ਪਰ ਅਜਿਹਾ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਇਸ ਤੋਂ ਇਲਾਵਾ ਅਸੀਂ ਲੋਕ ਪਰਿਵਰਤਨ ਵੀ ਬਰਦਾਸ਼ਤ ਨਹੀਂ ਕਰਦੇ। ਪਹਿਲੇ ਸਮਿਆਂ ਵਿੱਚ ਸੱਸਾਂ ਦਾ ਆਪਣੀ ਨੂੰਹ ਨਾਲ ਵਰਤਾਓ ਹੋਰ ਤਰ੍ਹਾਂ ਦਾ ਸੀ, ਪਰ ਅੱਜ ਦੇ ਸਮੇਂ ਵਿੱਚ ਕੁੜੀਆਂ ਜ਼ਿਆਦਾ ਪੜ੍ਹ ਲਿਖ ਗਈਆਂ ਹਨ। ਉਨ੍ਹਾਂ ਦੇ ਵਿਚਾਰਾਂ ਵਿੱਚ ਨਵਾਂਪਨ ਦੇਖਣ ਨੂੰ ਮਿਲਦਾ ਹੈ ਜੋ ਕਈ ਸਹੁਰਿਆਂ ਨੂੰ ਬਰਦਾਸ਼ਤ ਨਹੀਂ ਹੁੰਦਾ, ਪਰ ਸਾਨੂੰ ਜ਼ਮਾਨੇ ਨਾਲ ਆਪਣੀ ਸੋਚ ਵਿੱਚ ਪਰਿਵਰਤਨ ਲਿਆਉਣਾ ਚਾਹੀਦਾ ਹੈ। ਜੇ ਅਸੀਂ ਇਹ ਸੋਚੀਏ ਕਿ ਜਦੋਂ ਮੈਂ ਨੂੰਹ ਬਣ ਕੇ ਆਈ ਸੀ ਤਾਂ ਮੇਰੀ ਸੱਸ ਦਾ ਵਤੀਰਾ ਮੇਰੇ ਪ੍ਰਤੀ ਸਖ਼ਤ ਸੀ ਜਾਂ ਅਸੀਂ ਉਨ੍ਹਾਂ ਦੇ ਅਨੁਸਾਰ ਕੰਮਕਾਜ ਕਰਦੇ ਸੀ ਤੇ ਹੁਣ ਮੈਂ ਸੱਸ ਬਣ ਗਈ ਹਾਂ ਤਾਂ ਮੇਰੀ ਨੂੰਹ ਵੀ ਉਸ ਤਰ੍ਹਾਂ ਰਹੇ ਤੇ ਕਰੇ ਤਾਂ ਇਹ ਸੰਭਵ ਨਹੀਂ ਕਿਉਂਕਿ ਅੱਜ ਅਸੀਂ ਇੱਕੀਵੀਂ ਸਦੀ ਵਿੱਚ ਪ੍ਰਵੇਸ਼ ਕਰ ਚੁੱਕੇ ਹਾਂ। ਅੱਜ ਦੀਆਂ ਨੌਜਵਾਨ ਕੁੜੀਆਂ ਦੇ ਪਹਿਰਾਵੇ, ਖਾਣ ਪੀਣ ਅਤੇ ਰਹਿਣ ਸਹਿਣ ਵਿੱਚ ਬਹੁਤ ਅੰਤਰ ਆ ਗਿਆ ਹੈ। ਉਹ ਆਪਣੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨਾ ਲੋਚਦੀਆਂ ਹਨ, ਪਰ ਬਹੁਤ ਘੱਟ ਸਹੁਰੇ ਪਰਿਵਾਰ ਵਾਲੇ ਹੁੰਦੇ ਹਨ ਜੋ ਉਨ੍ਹਾਂ ਦੀ ਇਸ ਅਗਾਂਹਵਧੂ ਸੋਚ ਨੂੰ ਸਵੀਕਾਰ ਕਰਦੇ ਹਨ। ਇਸ ਸਭ ਦਾ ਇਹ ਮਤਲਬ ਨਹੀ ਕਿ ਲੜਕੀਆਂ ਆਪਣੇ ਪਰਿਵਾਰਕ ਫ਼ਰਜ਼ ਪੂਰੇ ਨਾ ਕਰਨ ਜਦੋਂਕਿ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨੀਆਂ ਉਨ੍ਹਾਂ ਦਾ ਪਹਿਲਾ ਫ਼ਰਜ਼ ਹੈ।

ਅੱਜ ਕੱਲ੍ਹ ਦੇਖਣ ਵਿੱਚ ਆਇਆ ਹੈ ਕਿ ਔਰਤਾਂ ਘਰ ਤੇ ਬਾਹਰ ਦੇ ਕੰਮ ਬੜੀ ਫੁਰਤੀ ਨਾਲ ਕਰਦੀਆਂ ਹਨ। ਇਸ ਲਈ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਨੂੰਹਾਂ ਧੀਆਂ ਨੂੰ ਹੌਸਲਾ ਜ਼ਰੂਰ ਦੇਈਏ ਤਾਂ ਜੋ ਉਹ ਆਪਣੇ ਕੰਮਕਾਜ ਹੋਰ ਚੰਗੇ ਤਰੀਕੇ ਨਾਲ ਕਰ ਸਕਣ। ਇਹ ਇੱਕ ਸਰਵ ਪ੍ਰਵਾਨਿਤ ਸੱਚ ਹੈ ਕਿ ਅੱਜ ਸਾਡੇ ਆਰਥਿਕ, ਸਮਾਜਿਕ ਢਾਂਚੇ ਵਿੱਚ ਤਬਦੀਲੀ ਆ ਗਈ ਹੈ। ਨਵਾਂ ਸਭਿਆਚਾਰ ਹੋਂਦ ਵਿੱਚ ਆਇਆ ਹੈ।

ਔਰਤ ਨੂੰ ਆਪਣੀ ਹੋਂਦ ਦਾ ਅਹਿਸਾਸ ਹੋਇਆ ਹੈ ਪਰ ਫਿਰ ਵੀ ਸਾਡੇ ਸਮਾਜ ਅੰਦਰ ਇਹ ਕੁੜੀਆਂ ਚਿੜੀਆਂ ਬੇਗਾਨੀਆਂ ਹੀ ਹਨ। ਕਿਉਂ ਸਹੁਰੇ ਘਰ ਵਿੱਚ ਉਨ੍ਹਾਂ ਨੂੰ ਬੇਗਾਨਾ ਸਮਝਿਆ ਜਾਂਦਾ ਹੈ? ਕਿਉਂ ਉਨ੍ਹਾਂ ਤੋਂ ਲੋੜ ਤੋਂ ਵੱਧ ਆਸਾਂ ਰੱਖੀਆਂ ਜਾਂਦੀਆਂ ਹਨ ਜਦੋਂਕਿ ਇੱਕ ਔਰਤ ਹੀ ਹੁੰਦੀ ਹੈ ਜੋ ਧੀ, ਨੂੰਹ, ਮਾਂ ਤੇ ਸੱਸ ਦਾ ਫ਼ਰਜ਼ ਨਿਭਾਉਂਦੀ ਹੈ। ਫਿਰ ਕਿਉਂ ਔਰਤ, ਸੱਸ ਬਣ ਕੇ ਇਹ ਭੁੱਲ ਜਾਂਦੀ ਹੈ ਕਿ ਸਭ ਤੋਂ ਪਹਿਲਾਂ ਨੂੰਹ ਨਾਲ ਉਸ ਦੀ ਸਾਂਝ ਇੱਕ ਔਰਤ ਹੋਣ ਦੀ ਹੈ। ਇਸ ਤੋਂ ਬਿਨਾਂ ਕਈ ਘਰਾਂ ਵਿੱਚ ਦਾਜ ਵੀ ਲੜਾਈ ਦਾ ਕਾਰਨ ਬਣਦਾ ਹੈ ਜੋ ਠੀਕ ਗੱਲ ਨਹੀਂ ਕਿਉਂਕਿ ਮਾਪੇ, ਧੀਆਂ ਨੂੰ ਵਿੱਤ ਤੋਂ ਵਧ ਕੇ ਸਭ ਕੁਝ ਦਿੰਦੇ ਹਨ। ਇਸ ਤਰ੍ਹਾਂ ਦੇ ਕਈ ਕਾਰਨ ਹਨ ਜਿਨ੍ਹਾਂ ਕਰਕੇ ਪਰਿਵਾਰਾਂ ਦੀ ਆਪਸੀ ਸਾਂਝ ਖ਼ਤਮ ਹੋ ਰਹੀ ਹੈ, ਰਿਸ਼ਤੇ ਟੁੱਟ ਰਹੇ ਹਨ ਅਤੇ ਤਲਾਕ ਵਧ ਰਹੇ ਹਨ। ਹਾਲਾਂਕਿ ਗੱਲ ਦੋਵੇਂ ਪਾਸੇ ਸਮਝਣ ਸਮਝਾਉਣ ਦੀ ਹੁੰਦੀ ਹੈ। ਕੁੜੀਆਂ ਨੂੰ ਵੀ ਆਪਣੇ ਸੁਹਰੇ ਪਰਿਵਾਰ ਨੂੰ ਅਪਣਾਉਣਾ ਚਾਹੀਦਾ ਹੈ। ਇੱਕ ਧੀ ਹੀ ਹੁੰਦੀ ਹੈ ਜੋ ਕਿਤੇ ਨੂੰਹ ਦਾ ਤੇ ਕਿਤੇ ਧੀ ਦਾ ਫ਼ਰਜ਼ ਨਿਭਾਉਂਦੀ ਹੈ ਅਤੇ ਇੱਕ ਮਾਂ ਹੀ ਹੁੰਦੀ ਹੈ ਜੋ ਸੱਸ ਬਣਦੀ ਹੈ।

ਇਸ ਲਈ ਸਾਨੂੰ ਆਪਣੇ ਮਨਾਂ ਦਾ ਫ਼ਰਕ ਦੂਰ ਕਰਨ ਦੀ ਲੋੜ ਹੈ ਤਾਂ ਜੋ ਇਹ ਚਿੜੀਆਂ ਦਾ ਚੰਬਾ ਗੁਣਗੁਣਾਉਂਦਾ ਤੇ ਹੱਸਦਾ ਖੇਡਦਾ ਰਹੇ ਨਾ ਕਿ ਇਕੱਲਿਆਂ ਲੁਕ ਲੁਕ ਕੇ ਰੋਵੇ। ਕਿਸੇ ਨੇ ਠੀਕ ਹੀ ਕਿਹਾ ਹੈ:

ਜਿਹੜੇ ਘਰ ਆਵਣ ਧੀਆਂ,
ਭਾਗ ਉਸ ਨੂੰ ਲਾਵਣ ਧੀਆਂ
ਸੁੰਨ ਮਸੁੰਨਾ ਲੱਗਦਾ ਵਿਹੜਾ,
ਜਦੋਂ ਪਰਾਈਆਂ ਹੋ ਜਾਵਣ ਧੀਆਂ
ਮਾਪਿਆਂ ਦੇ ਇਹ ਦੁੱਖ ਵੰਡਾਵਣ,
ਜਾਇਦਾਦ ਨਾ ਵੰਡਾਵਣ ਧੀਆਂ
ਪੁੱਤਾਂ ਨਾਲੋਂ ਵਧ ਕੇ ਇਹ ਫਿਰ,
ਕਿਉਂ ਪਰਾਈਆਂ ਅਖਵਾਵਣ ਧੀਆਂ?



# ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਮਿਥੇ ਟੀਚੇ ਪ੍ਰਾਪਤ ਕਰਨ ਲਈ ਮਿਹਨਤ ਜ਼ਰੂਰੀ : ਪ੍ਰਿੰਸੀਪਲ ਫਾਰੂਕੀ





**ਮਲੇਰਕੋਟਲਾ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਜਿਵੇਂ-ਜਿਵੇਂ ਕਲਾਸ-ਦਰ-ਕਲਾਸ ਸਫ਼ਲ ਹੁੰਦੇ ਜਾਂਦੇ ਹਨ, ਇਸ ਦੇ ਨਾਲ-ਨਾਲ ਉਹ ਆਪਣੀ ਉਮਰ ਦਾ ਪੜਾਅ ਵੀ ਪਾਰ ਕਰ ਰਹੇ ਹੁੰਦੇ ਹਨ। ਉਨ੍ਹਾਂ ਦੇ ਇਸ ਜੀਵਨ ਕਾਲ ਦੌਰਾਨ ਜਿੱਥੇ ਮਾਪਿਆਂ ਵੱਲੋਂ ਧਿਆਨ ਦੇਣ ਦੀ ਲੋੜ ਹੁੰਦੀ ਹੈ, ਉੱਥੇ ਨਾਲ ਹੀ ਸਕੂਲ ਪੱਧਰ 'ਤੇ ਅਧਿਆਪਕਾਂ ਨੂੰ ਵੀ ਉਨ੍ਹਾਂ ਦੀ ਵੱਧਦੀ ਉਮਰ ਮੁਤਾਬਕ ਸਮੇਂ-ਸਮੇਂ 'ਤੇ ਸਿੱਖਿਅਤ ਕਰਦੇ ਰਹਿਣਾ ਲਾਜ਼ਮੀ ਬਣ ਜਾਂਦਾ ਹੈ। ਭਾਵ ਜਵਾਨੀ ਵੱਲ ਵੱਧ ਰਹੇ ਦੌਰ ਵਿਚ ਉਨ੍ਹਾਂ ਲਈ ਕੀ ਚੰਗਾ ਹੈ ਤੇ ਕੀ ਮਾੜਾ ਹੈ। ਅਜਿਹੀ ਜਾਣਕਾਰੀ ਬੱਚਿਆਂ ਨਾਲ ਜ਼ਰੂਰ ਸਾਂਝੀ ਕਰਦੇ ਰਹਿਣਾ ਚਾਹੀਦਾ ਹੈ, ਤਾਂ ਜੋ ਅੱਗੇ ਜਾ ਕੇ ਉਹ ਆਪਣਾ ਬੁਰਾ-ਭਲਾ ਖੁਦ ਸਮਝਣ ਦੇ ਯੋਗ ਬਣ ਸਕਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਕਫ ਬੋਰਡ ਦੇ ਸਹਿਯੋਗ ਨਾਲ ਸਥਾਨਕ ਜਾਮਾ ਮਸਜਿਦ ਵਿਖੇ ਚੱਲ ਰਹੀ ਫਾਤਮਾ ਅਲ-ਫਹਰੀ ਲਾਇਬ੍ਰੇਰੀ ਵਿਖੇ ਸਰਕਾਰੀ ਕਾਲਜ ਕਰਮਸਰ, ਰਾੜਾ ਸਾਹਿਬ ਦੇ ਪ੍ਰਿੰਸੀਪਲ ਪ੍ਰੋ.ਡਾ.ਮੁਹੰਮਦ ਇਰਫਾਨ ਫਾਰੂਕੀ ਨੇ ਇਸਲਾਮੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨਾਲ ਵਿਚਾਰ ਸਾਂਝੇ ਕਰਦਿਆਂ ਕੀਤਾ। ਸ਼੍ਰੀ ਫਾਰੂਕੀ ਨੇ ਵਿਦਿਆਰਥਣਾਂ ਨੂੰ ਚੰਗੀ ਜ਼ਿੰਦਗੀ ਜਿਉਣ ਦੇ ਹੁਨਰਾਂ ਤੋਂ ਜਾਣੂ ਕਰਵਾਉਂਦਿਆਂ ਸਕਰਾਤਮਕ ਸੋਚ ਵਾਲਾ ਰਵੱਈਆ ਅਪਨਾਉਂਦੇ ਹੋਏ ਚੰਗੇ ਗੁਣਾਂ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ। ਉਨਾਂ ਕਿਹਾ ਕਿ ਜੇਕਰ ਉਹ ਦ੍ਰਿੜ ਇਰਾਦੇ ਨਾਲ ਮਿਹਨਤ ਕਰਦੇ ਹਨ ਤਾਂ ਉਹ ਕੋਈ ਵੀ ਮੁਕਾਮ ਹਾਸਲ ਕਰ ਸਕਦੇ ਹਨ। ਜ਼ਿੰਦਗੀ ਵਿੱਚ ਮਾਤਾ-ਪਿਤਾ ਦੇ ਨਾਲ-ਨਾਲ ਅਧਿਆਪਕਾਂ ਦਾ ਰੋਲ ਵੀ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਫਲਤਾ ਹਾਸਿਲ ਕਰਵਾਉਣ ਲਈ ਅਧਿਆਪਕ ਬਹੁਤ ਮਹੱਤਵਪੂਰਨ ਨਿਭਾਉਂਦੇ ਹਨ। ਉਨ੍ਹਾਂ ਵਿਦਿਆਰਥਣਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਕਿਸੇ ਵੀ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀ ਪੜਨ ਦੀ ਆਦਤ ਪਾਉਣ ਤੇ ਰੋਜ਼ਾਨਾ ਅਖਬਾਰ ਨੂੰ ਪੜਕੇ ਦੇਸ਼ ਦੁਨੀਆਂ ਵਿੱਚ ਹੋ ਰਹੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਪਿਛੋਕੜ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਸਮੇਤ ਨਿਰੰਤਰ ਪੜਾਈ ਨਾਲ ਜੁੜੇ ਰਹਿਣ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਸਫਲ ਹੋਣ ਅਤੇ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਮਿਹਨਤ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਿੰਨੀ ਜ਼ਿਆਦਾ ਮਿਹਨਤ ਕੀਤੀ ਜਾਵੇ, ਉਸ ਦਾ ਫਲ ਉਨ੍ਹਾਂ ਹੀ ਜ਼ਿਆਦਾ ਮਿੱਠਾ ਹੁੰਦਾ ਹੈ। ਸਫਲਤਾ ਪ੍ਰਾਪਤੀ ਲਈ ਕੀਤੀ ਗਈ ਮਿਹਨਤ ਹੀ ਉਸ ਸਫਲਤਾ ਦੀ ਕਦਰ ਨਿਰਧਾਰਤ ਕਰਦੀ ਹੈ। ਇਸ ਮੌਕੇ ਜਾਮਾ ਮਸਜਿਦ ਦੀ ਪ੍ਰਬੰਧਕੀ ਕਮੇਟੀ ਦੇ ਸਕੱਤਰ ਡਾਕਟਰ ਮੁਹੰਮਦ ਰਮਜ਼ਾਨ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਬੰਧਕ ਕਮੇਟੀ ਸ਼ੁਰੂ ਤੋਂ ਹੀ ਇਸ ਦਿਸ਼ਾ 'ਚ ਯਤਨਸ਼ੀਲ ਰਹੀ ਕਿ ਇਸ ਲਾਇਬ੍ਰੇਰੀ ਨੂੰ ਵਿਦਿਆਰਥਣਾਂ ਲਈ ਵੱਧ ਤੋਂ ਵੱਧ ਉਪਯੋਗੀ ਬਣਾਇਆ ਜਾਵੇਗਾ ਤਾਂ ਕਿ ਮਾਲੇਰਕੋਟਲਾ ਸ਼ਹਿਰ ਦੀਆਂ ਵਿਦਿਆਰਥਣਾਂ ਇੱਥੇ ਆ ਕੇ ਰੋਜ਼ਗਾਰ ਪ੍ਰਾਪਤੀ ਜਾਂ ਉੱਚ ਸਿੱਖਿਆ ਪ੍ਰਾਪਤੀ ਲਈ ਦਾਖਲਾ ਲੈਣ ਲਈ ਤਿਆਰੀ ਕਰ ਸਕਣ। ਇਸ ਲਾਈਬ੍ਰੇਰੀ 'ਚ ਵੱਖ-ਵੱਖ ਤਰਾਂ ਦੀਆਂ ਮਿਆਰੀ ਕਿਤਾਬਾਂ ਮੌਜੂਦ ਹਨ ਅਤੇ ਆਉਣ ਵਾਲੇ ਸਮੇਂ 'ਚ ਵਿਦਿਆਰਥੀਆਂ ਦੀ ਜ਼ਰੂਰਤ ਦੇ ਅਨੁਸਾਰ ਹੋਰ ਕਿਤਾਬਾਂ ਵੀ ਮੁਹੱਈਆਂ ਕਰਵਾਈਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਾਮਾ ਮਸਜਿਦ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਈਦ ਅਹਿਮਦ ਖਾਂ, ਅਬਦੁਲ ਵਹੀਦ ਤੇ ਜ਼ਹੂਰ ਅਹਿਮਦ ਚੌਹਾਨ ਆਦਿ ਹਾਜ਼ਰ ਸਨ।

# 'ਦਸਤ ਰੋਕੂ ਮੁਹਿੰਮ' ਤਹਿਤ ਪਿੰਡਾਂ ਵਿਚ ਕੀਤੇ ਜਾਗਰੂਕਤਾ ਪ੍ਰੋਗਰਾਮ




**ਫਤਹਿਗੜ੍ਹ ਸਾਹਿਬ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਅਤੇ ਸੂਬਾ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਸਰਹਿੰਦ ਅਧੀਨ ਪੈਂਦੇ ਆਂਗਣਵਾੜੀ ਸੈਂਟਰਾਂ ਦੀਆਂ ਆਂਗਣਵਾੜੀ ਵਰਕਰਾਂ ਰਾਹੀਂ ਸਿਹਤ ਵਿਭਾਗ ਨਾਲ ਤਾਲਮੇਲ ਕਰਦੇ ਹੋਏ ਬਲਾਕ ਵਿਚ 01 ਜੁਲਾਈ ਤੋਂ 31 ਅਗਸਤ ਤੱਕ ÷ਦਸਤ ਰੋਕੂ ਮੁਹਿੰਮ÷ ਚਲਾਈ ਜਾ ਰਹੀ ਹੈ। ਜਿਸ ਦਾ ਮੁੱਖ ਮਕਸਦ 0 ਤੋਂ 5 ਸਾਲ ਤੱਕ ਦੇ ਬੱਚਿਆਂ ਦੀਆਂ ਦਸਤ ਨਾਲ ਹੋਣ ਵਾਲੀਆਂ ਮੌਤਾਂ ਨੂੰ ਘੱਟ ਕਰਨਾ ਹੈ। । ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਰਾਹੁਲ ਅਰੋੜਾ ਬਾਲ ਵਿਕਾਸ ਪ੍ਰੋਜੈਕਟ ਅਫਸਰ, ਸਰਹਿੰਦ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਡਾਇਰੀਏ (ਦਸਤਾਂ) ਦੀ ਰੋਕਥਾਮ, ਸਫਾਈ ਅਤੇ ਓ.ਆਰ.ਐਸ ਨਾਲ ਰੱਖੋ ਆਪਣਾ ਧਿਆਨ ਸਲੋਗਨ ਅਧੀਨ ਹਰ ਆਂਗਣਵਾੜੀ ਵਰਕਰ ਨੂੰ ਹੋਮ ਵਿਜ਼ਿਟ ਕਰਕੇ ਆਮ ਪਬਲਿਕ ਨੂੰ ਜਾਗਰੂਕ ਕਰਨ ਲਈ ਬਣਦੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਆਂਗਣਵਾੜੀ ਸੈਂਟਰਾਂ ਦੀ ਅਤੇ ਸੈਂਟਰਾਂ ਦੇ ਆਲੇ-ਦੁਆਲੇ ਦੀ ਸਾਫ-ਸਫਾਈ ਦਾ ਵਿਸ਼ੇਸ਼ ਧਿਆਨ ਰੱਖਣ ਲਈ ਵੀ ਆਂਗਣਵਾੜੀ ਵਰਕਰਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁਕੀਆਂ ਹਨ।

ਇਸ ਮੁਹਿੰਮ ਤਹਿਤ ਪਿੰਡ ਤਰਖਾਣ ਮਾਜਰਾ, ਨਬੀਪੁਰ, ਚਨਾਰਥਲ ਖੁਰਦ ਅਤੇ ਜੱਲਾ ਵਿੱਖੇ ਸਿਹਤ ਵਿਭਾਗ ਦੀ ਟੀਮ ਨਾਲ ਆਂਗਣਵਾੜੀ ਵਰਕਰਾਂ ਨੇ ਪਿੰਡ ਦੇ ਵਸਨੀਕਾਂ ਨੂੰ ਦਸਤ ਤੇ ਡੇਂਗੂ ਬਾਰੇ ਜਾਣਕਾਰੀ ਦਿੱਤੀ। ਟੀਮ ਮੈਮ ?ਬਰਾਂ ਨੇ ਦੱਸਿਆ ਕਿ ਛੋਟੀ ਉਮਰ ਦੇ ਬੱਚਿਆਂ ਦਾ ਇਸ ਮੌਸਮ ਵਿੱਚ ਪੋਸ਼ਣ ਅਤੇ ਸਿਹਤ ਪੱਖੋਂ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਉਹਨਾਂ ਇਹ ਵੀ ਦੱਸਿਆ ਕਿ ਕਿਸੇ ਵੀ ਸਤਿਥੀ ਨੂੰ ਨਜੀਠਣ ਲਈ ਅਤੇ ਬੱਚਿਆਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਜਿੰਕ ਅਤੇ ਓ.ਆਰ.ਐੱਸ ਕਾਰਨਰ ਬਣਾਉਣ ਲਈ ਵੀ ਸਿਹਤ ਵਿਭਾਗ ਤੋਂ ਹੁਕਮ ਹੋਏ ਹਨ ਤਾਂ ਜੋ ਲੋੜ ਪੈਣ ਤੇ ਬੱਚੇ ਦਾ ਤੁਰੰਤ ਇਲਾਜ ਸ਼ੁਰੂ ਹੋ ਸਕੇ। ਆਂਗਨਵਾੜੀ ਵਰਕਰਾਂ ਨੇ ਆਪਣੇ ਪੱਧਰ ਤੇ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਸੈਂਟਰਾਂ ਵਿੱਚ ਦਾਖਲ ਬੱਚਿਆਂ ਨੂੰ ਵਿਭਾਗ ਰਾਹੀਂ ਭੇਜੀ ਜਾ ਰਾਹੀਂ ਪੋਸ਼ਕ ਤੱਤ ਭਰਪੂਰ ਫ਼ੀਡ ਸਮੇਤ ਉਹਨਾਂ ਦਾ ਨਿਰੰਤਰ ਵਜ਼ਨ ਅਤੇ ਬੱਚਿਆਂ ਦੀ ਲੰਬਾਈ ਨਾਪਣ ਦੇ ਨਿਰਦੇਸ਼ ਬਹੁੱਤ ਪਹਿਲਾ ਪ੍ਰਾਪਤ ਹੋ ਚੁੱਕੇ ਹਨ ਤਾਂ ਜੋ ਬੱਚੇ ਦੇ ਸੰਪੂਰਨ ਵਿਕਾਸ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ। ਇਹਨਾਂ ਜਾਗਰੂਕਤਾਂ ਪ੍ਰੋਗਰਾਮਾਂ ਵਿੱਚ ਸਰਕਲ ਸੁਪਰਵਾਈਜ਼ਰਸ, ਬਲਾਕ ਕੋਰਡੀਨੇਟਰ ਪੋਸ਼ਣ ਅਭਿਆਨ ਬਲਾਕ ਸਰਹਿੰਦ, ਪਿੰਡਾਂ ਦੀਆਂ ਆਂਗਣਵਾੜੀ ਵਰਕਰਾਂ ਸਮੇਤ ਸਿਹਤ ਵਿਭਾਗ ਟੀਮ ਦੇ ਨੁਮਾਇੰਦੇ ਹਾਜ਼ਰ ਸਨ।

# ਡਾ. ਬਲਬੀਰ ਸਿੰਘ ਨੇ ਸ੍ਰੀ ਗੁਰੂ ਰਵਿਦਾਸ ਭਵਨ ਲਈ 3.50 ਲੱਖ ਦੀ ਗਰਾਂਟ ਦਾ ਚੈੱਕ ਸੁਸਾਇਟੀ ਨੂੰ ਸੌਂਪਿਆ



**ਪਟਿਆਲਾ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਮਿਸ਼ਨਰੀ ਸੁਸਾਇਟੀ, ਰਣਜੀਤ ਨਗਰ, ਪਟਿਆਲਾ ਦੇ ਪ੍ਰੈਸ ਸਕੱਤਰ ਸ੍ਰੀ ਗੁਰਮੁਖ ਸਿੰਘ ਫੱਗਣ ਮਾਜਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਭਵਨ, ਰਣਜੀਤ ਨਗਰ, ਸਿਉਨਾ ਚੌਂਕ, ਪਟਿਆਲਾ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਿਤੀ 21-7-2024 ਨੂੰ ਪੂਰਨਮਾਸੀ ਦਾ ਦਿਹਾੜਾ ਮਨਾਉਣ ਦੇ ਸਬੰਧ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਸਮੇਂ ਰਣਜੀਤ ਨਗਰ ਅਤੇ ਆਲੇ-ਦੁਆਲੇ ਦੀਆਂ ਸਮੂਹ ਸੰਗਤਾਂ ਦੀ ਹਾਜ਼ਰੀ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ ਦੀ ਉਸਾਰੀ ਲਈ ਰਹਿੰਦੇ ਕੰਮਾਂ ਨੂੰ ਮੁਕੰਮਲ ਕਰਨ ਲਈ 3.50 ਲੱਖ ਦੀ ਗਰਾਂਟ ਦਾ ਚੈੱਕ ਮਾਣਯੋਗ ਡਾ: ਬਲਬੀਰ ਸਿੰਘ ਕੈਬਨਿਟ ਮੰਤਰੀ ਸਿਹਤ ਵਿਭਾਗ, ਪੰਜਾਬ ਸਰਕਾਰ ਵੱਲੋਂ ਸੁਸਾਇਟੀ ਨੂੰ ਸੌਂਪਿਆ ਗਿਆ ਹੈ ਅਤੇ ਨਾਲ ਹੀ ਮੰਤਰੀ ਜੀ ਵੱਲੋਂ ਇਹ ਵੀ ਵਿਸਵਾਸ ਦਿਵਾਇਆ ਗਿਆ ਕਿ ਜੇਕਰ ਭਵਨ ਦੀ ਉਸਾਰੀ ਕੰਮਾਂ ਨੂੰ ਮੁਕੰਮਲ ਕਰਨ ਲਈ ਹੋਰ ਗਰਾਂਟ ਦੀ ਲੋੜ ਪੈਂਦੀ ਹੈ ਤਾਂ ਉਹ ਵੀ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾ ਦਿੱਤੀ ਜਾਵੇਗੀ।ਡਾ: ਬਲਬੀਰ ਸਿੰਘ ਕੈਬਨਿਟ ਮੰਤਰੀ ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰੇਰਿਤ ਕੀਤਾ ਕਿ ਆਪਣਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਆਪਾਂ ਆਪਣੇ ਵਾਤਾਵਰਣ ਨੂੰ ਸ਼ੁੱਧ ਰੱਖਣ ਵਿੱਚ ਸਹਿਯੋਗ ਕਰੀਏ ਅਤੇ ਢੁੱਕਵੀਂ ਖਾਲੀ ਜਗ੍ਹਾ ਤੇ ਪੌਦੇ ਲਗਾ ਕੇ ਆਪਣਾ ਯੋਗਦਾਨ ਪਾਈਏ।

ਇਸ ਸਮੇਂ ਉਨ੍ਹਾਂ ਦੇ ਨਾਲ ਸ੍ਰੀ ਅਮਰੀਕ ਸਿੰਘ ਬੰਗੜ ਸੂਬਾ ਸੰਯੁਕਤ ਸਕੱਤਰ ਅਤੇ ਮੀਤ ਪ੍ਰਧਾਨ ਐਸ.ਸੀ./ਬੀ.ਸੀ., ਸ੍ਰੀ ਸੰਤੋਖ ਸਿੰਘ ਸੋਕੀ ਸਕੱਤਰ ਰਣਜੀਤ ਨਗਰ, ਅਤੇ ਹੋਰ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ। ਇੰਜੀ: ਅਮਰਜੀਤ ਸਿੰਘ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ(ਪੰਜਾਬ ਅਤੇ ਨੈਸ਼ਨਲ ਅਵਾਰਡੀ) ਪ੍ਰਧਾਨ ਕਰਿਉ ਦਾ ਹੈਲਪ ਗਰੁੱਪ ਪੰਜਾਬ ਵੀ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਮਿਸ਼ਨਰੀ ਸੁਸਾਇਟੀ ਦੇ ਪ੍ਰਧਾਨ ਸ੍ਰੀ ਨੰਦ ਲਾਲ ਜੀ ਵੱਲੋਂ ਇਸ ਫੰਕਸ਼ਨ ਵਿੱਚ ਪਹੁੰਚੇ ਮਾਣਯੋਗ ਡਾ: ਬਲਬੀਰ ਸਿੰਘ ਕੈਬਨਿਟ ਮੰਤਰੀ ਸਿਹਤ ਜੀ ਦਾ ਅਤੇ ਸਾਰੇ ਦਰਜਾ-ਬਦਰਜਾ ਅਹੁੱਦੇਦਾਰ ਸਹਿਬਾਨ ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਇਸ ਫੰਕਸ਼ਨ ਸਮੇਂ ਸੁਸਾਇਟੀ ਦੇ ਅਹੁੱਦੇਦਾਰਾਂ ਵਿੱਚ ਸਕੱਤਰ ਜਨਰਲ ਸ੍ਰੀ ਰਾਮਧਨ, ਸ੍ਰੀ ਰਾਜਿੰਦਰਪਾਲ ਸਿੰਘ ਖਹਿਰਾ, ਸ੍ਰੀ ਟਹਿਲ ਸਿੰਘ, ਸ੍ਰੀ ਅੰਗਰੇਜ ਸਿੰਘ ਲੰਗ, ਸ੍ਰੀ ਹਰਬੰਸ ਸਿੰਘ ਕਾਰਪੋਰੇਸ਼ਨ, ਇੰਜੀ: ਮੇਜਰ ਸਿੰਘ, ਸ੍ਰੀ ਪ੍ਰੀਤਮ ਸਿੰਘ, ਸ੍ਰੀ ਜੱਗਰ ਸਿੰਘ, ਇੰਜੀ: ਸਮਸ਼ੇਰ ਸਿੰਘ, ਸ੍ਰੀ ਕੁਲਵੰਤ ਸਿੰਘ, ਸ੍ਰੀ ਸੁਖਵਿੰਦਰ ਸਿੰਘ, ਇੰਜੀ: ਨਿਰਮਲ ਸਿੰਘ, ਸ੍ਰੀ ਕੰਵਲਜੀਤ ਸਿੰਘ, ਸ੍ਰ: ਗਰੀਬ ਸਿੰਘ, ਸ੍ਰੀ ਬੇਅੰਤ ਸਿੰਘ, ਸ੍ਰੀ ਰਾਮ ਸਿੰਘ, ਸ੍ਰੀ ਅਵਤਾਰ ਸਿੰਘ ਪੰਚ, ਸ੍ਰੀ ਕਰਨੈਲ ਸਿੰਘ, ਸ੍ਰੀ ਸੁਰਿੰਦਰ ਸਿੰਘ, ਇੰਜੀ: ਕਰਮ ਸਿੰਘ ਜੇ.ਈ., ਸ੍ਰੀ ਕਸਮੀਰਾ ਸਿੰਘ, ਸ੍ਰੀ ਸ਼ਰਨਜੀਤ ਸਿੰਘ, ਸ੍ਰੀ ਮੇਘ ਨਾਥ, ਸ੍ਰੀ ਬਾਬੂ ਸਿੰਘ, ਸ੍ਰੀ ਹਰਨੇਕ ਸਿੰਘ, ਸ੍ਰੀ ਸੁੱਚਾ ਸਿੰਘ, ਸ੍ਰੀ ਸਾਧੂ ਸਿੰਘ, ਸ੍ਰੀ ਹਰੀ ਸਿੰਘ, ਸ੍ਰੀ ਬਲਜਿੰਦਰ ਸਿੰਘ, ਸ੍ਰੀ ਜੈ ਪਾਲ ਸਿੰਘ ਆਦਿ ਤੋਂ ਇਲਾਵਾ ਸੁਸਾਇਟੀ ਦੇ ਹੋਰ ਬਹੁਤ ਸਾਰੇ ਮੈਂਬਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਕਰ ਰਹੀ ਹੈ ਵੱਡੇ ਉਪਰਾਲੇ : ਦੇਵ ਮਾਨ



**ਨਾਭਾ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਖੇਡਾਂ ਸਮਾਜ ਦਾ ਇੱਕ ਅਹਿਮ ਅੰਗ ਹਨ ਇਸ ਲਈ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ ਤੇ ਉਪਰਾਲੇ ਕਰ ਰਹੀ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਵਲੋਂ ਹਲਕੇ ਦੇ ਪਿੰਡ ਮੈਹਸ ਵਿਖੇ ਸ਼ਹੀਦ ਭਗਤ ਸਿੰਘ ਕਲੱਬ ਵਲੋਂ ਕਰਵਾਏ ਗਏ ਕ੍ਰਿਕਟ ਟੂਰਨਾਮੈਂਟ ਵਿੱਚ ਪਹੁੰਚ ਕੇ ਖਿਡਾਰੀਆਂ ਤੇ ਪ੍ਰਬੰਧਕਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਕੀਤਾ ਉਨਾਂ ਖੇਡ ਸਟੇਡੀਅਮ ਲਈ ਗਰਾਂਟ ਦੇਣ ਦਾ ਐਲਾਨ ਕਰਦਿਆਂ ਕਿਹਾ ਮੈਹਸ ਪਿੰਡ ਦੇ ਸਰਬਪੱਖੀ ਵਿਕਾਸ ਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਇਸ ਮੋਕੇ ਉਨਾ ਨਾਲ ਤੇਜਿੰਦਰ ਖਹਿਰਾ, ਧਰਮਿੰਦਰ ਸਿੰਘ ਸੁਖੇਵਾਲ, ਦੀਪਾ ਰਾਮਗੜ ਚੈਅਰਮੈਨ, ਜਸਵੀਰ ਛਿੰਦਾ, ਸੀਨੀਅਰ ਆਪ ਆਗੂ ਸੁਰਜੀਤ ਭੁੱਲਰ ਮੈਹਸ, ਅਸ਼ੋਕ ਕੁਮਾਰ, ਹੈਪੀ ਰਾਮ, ਲਾਡੀ ਰਾਮ, ਮਿੱਠੂ ਰਾਮ, ਜਸਕਰਨ, ਵਿਜੈ ਕੁਮਾਰ, ਸ਼ਕਤੀ, ਸੁੱਖਾ ਰਾਮ ਗੰਡਾਸਾ, ਰਾਹੁਲ ਭੁੱਲਰ, ਸੋਨੂੰ ਭੁੱਲਰ, ਗੁਰਪ੍ਰੀਤ, ਹਰਸ਼, ਮਨੀ ਭੁੱਲਰ ਅਤੇ ਖਿਡਾਰੀਆਂ ਤੋਂ ਇਲਾਵਾ ਖੇਡ ਪਰੇਮੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਸੁਰਿੰਦਰ ਸਿੰਘ ਸੁੰਨੜ ਦੀ ਪੁਸਤਕ 'ਸੁੰਨ ਸਿ਼ਫਰ' ਲੋਕ ਅਰਪਿਤ



**ਜਲੰਧਰ, 25 ਜੁਲਾਈ ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਦੇ ਸਹਿਯੋਗ ਨਾਲ ਅੱਜ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਲੋਕ ਅਰਪਣ ਕੀਤੀ ਗਈ। ਇਸ ਸਮੇਂ ਇਕ ਭਾਵਪੂਰਤ ਸੈਮੀਨਾਰ ਕੀਤਾ ਗਿਆ , ਜਿਸ ਵਿੱਚ ਇਸ ਪੁਸਤਕ ਸਬੰਧੀ ਭਰਪੂਰ ਵਿਚਾਰ ਚਰਚਾ ਹੋਈ। ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਪੰਜਾਬ ਪ੍ਰੈਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ,ਲੋਕ ਮੰਚ ਦੇ ਚੇਅਰਮੈਨ ਡਾਕਟਰ ਲਖਵਿੰਦਰ ਸਿੰਘ ਜੌਹਲ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ)ਦੇ ਜਨਰਲ ਸਕੱਤਰ ਸੰਧੂ ਵਰਿਆਣਵੀ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ ਵੱਲੋਂ ਕੀਤੀ ਗਈ । ਇਸ ਸਮਾਗਮ ਵਿੱਚ ਡਾਕਟਰ ਰਾਮ ਮੂਰਤੀ ਨੇ ਪੁਸਤਕ ਸਬੰਧੀ ਖੋਜ ਪੱਤਰ ਪੜ੍ਹਿਆ, ਜਿਸ ਵਿੱਚ ਉਹਨਾਂ ਨੇ ਸੁੰਨੜ ਦੀ ਕਵਿਤਾ ਨੂੰ ਲੋਕ-ਹਤੈਸ਼ੀ ਅਤੇ ਸਰਲ ਸੁਭਾਅ ਵਾਲੀ ਕਵਿਤਾ ਕਿਹਾ। ਸਤਨਾਮ ਸਿੰਘ ਮਾਣਕ ਨੇ ਇਸ ਕਵਿਤਾ ਦੇ ਸਮਾਜ ਵਿੱਚ ਵਡਮੁੱਲੇ ਯੋਗਦਾਨ ਦੀ ਗੱਲ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੀ ਕਵਿਤਾ ਸਧਾਰਨ ਲੋਕਾਂ ਦੀ ਸਧਾਰਨ ਭਾਸ਼ਾ ਵਿੱਚ ਗੱਲ ਕਰਦੀ ਹੈ।

ਡਾਕਟਰ ਲਖਵਿੰਦਰ ਸਿੰਘ ਜੌਹਲ ਨੇ ਸੁੰਨੜ ਦੀ ਕਵਿਤਾ ਬਾਰੇ ਕਿਹਾ ਕਿ ਸੁੰਨੜ ਦੀ ਸਧਾਰਨ ਸਰਲ ਸ਼ਖਸ਼ੀਅਤ ਹੀ ਉਹਨਾਂ ਦੀ ਕਵਿਤਾ ਵਿੱਚ ਸਰਲ ਸਧਾਰਨ ਮੁਹਾਵਰੇ ਵਿੱਚ ਪੇਸ਼ ਹੁੰਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਦੀ ਕਵਿਤਾ ਦੀ ਹਮੇਸ਼ਾ ਲੋੜ ਰਹੀ ਹੈ। ਸੁਸ਼ੀਲ ਦੁਸਾਂਝ ਨੇ ਸੁੰਨੜ ਦੀ ਕਵਿਤਾ ਨੂੰ ਉਨ੍ਹਾਂ ਲਹਿਰਾਂ ਦੀ ਕਵਿਤਾ ਨਾਲ ਜੋੜ ਕੇ ਦੇਖਿਆ, ਜਿਹੜੀਆਂ ਲਹਿਰਾਂ ਸਮਾਜ ਵਿੱਚ ਕੋਈ ਨਵਾਂ ਵਿਚਾਰ ਅਤੇ ਸੰਘਰਸ਼ ਲੈ ਕੇ ਆਉਂਦੀਆਂ ਹਨ। ਸੰਧੂ ਵਰਿਆਣ ਵੀ ਨੇ ਵੀ ਇਸ ਕਵਿਤਾ ਦੇ ਸਮਾਜ ਪੱਖੀ ਸੁਭਾਅ ਦੀ ਪਛਾਣ ਕੀਤੀ। ਸੁੰਨੜ ਦੀ ਕਵਿਤਾ ਸਬੰਧੀ ਡਾਕਟਰ ਸਰਿਤਾ ਤਿਵਾੜੀ ਅਤੇ ਸੀਤਲ ਸਿੰਘ ਸੰਘਾ ਵੱਲੋਂ ਵੀ ਆਪਣੇ ਵਿਚਾਰ ਪ੍ਰਸਤੁਤ ਕੀਤੇ ਗਏ ਕੀਤੇ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਦਰਸ਼ਨ ਬੁੱਟਰ ਨੇ ਸੁਰਿੰਦਰ ਸਿੰਘ ਸੁੰਨੜ ਦੀ ਸ਼ਖਸ਼ੀਅਤ ਅਤੇ ਉਹਨਾਂ ਦੀ ਲੰਮੀ ਸਾਹਿਤਕ ਯਾਤਰਾ ਦਾ ਨਿਚੋੜ ਇਹਨਾਂ ਸ਼ਬਦਾਂ ਵਿੱਚ ਕੱਢਿਆ ਕਿ ਇਸ ਤਰਾਂ ਦੀ ਕਵਿਤਾ ਪੰਜਾਬੀ ਸਮਾਜ ਲਈ ਵੱਡੇ ਅਰਥ ਰੱਖਦੀ ਹੈ।ਉਹਨਾਂ ਨੇ ਕਿਹਾ ਕਿ ਸੁੰਨੜ ਸਮਾਜ ਸੇਵੀ ਹੀ ਨਹੀਂ ਸਗੋਂ ਕਵਿਤਾ ਰਾਹੀਂ ਉਹ ਸਮਾਜ ਨੂੰ ਨਵਾਂ ਬਹੁਤ ਕੁਝ ਦੇਣ ਦਾ ਅਮਲ ਨਿਭਾ ਰਿਹਾ ਹੈ। ਸਮਾਗਮ ਵਿੱਚ ਪ੍ਰਸਿੱਧ ਗਾਇਕ ਪਾਲੀ ਦੇਤਵਾਲੀਆ ਨੇ ਸੁੰਨੜ ਦੇ ਗੀਤਾਂ ਨੂੰ ਆਪਣੀ ਆਵਾਜ਼ ਦੇ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਸਮਾਗਮ ਦੇ ਅੰਤ ਤੇ ਸੁਰਿੰਦਰ ਸਿੰਘ ਸੁੰਨੜ ਨੇ ਆਪਣੇ ਰਚਨਾਤਮਕ ਅਮਲ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ। ਡਾ.ਹਰਜਿੰਦਰ ਸਿੰਘ ਅਟਵਾਲ ਨੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਸਮਾਗਮ ਦਾ ਮੰਚ ਸੰਚਾਲਨ ਡਾਕਟਰ ਉਮਿੰਦਰ ਸਿੰਘ ਜੌਹਲ ਨੇ ਕੀਤਾ। ਇਸ ਸਮਾਗਮ ਵਿੱਚ ਉਘੇ ਕਵੀ ਸੰਤ ਸੰਧੂ,ਸੰਤ ਨਰਾਇਣ ਸਿੰਘ, ਬਹਾਦਰ ਸਿੰਘ ਸੰਧੂ, ਜਸਪਾਲ ਜ਼ੀਰਵੀ, ਡਾਕਟਰ ਰਘਵੀਰ ਕੌਰ ,ਜਗਦੀਸ਼ ਰਾਣਾ, ਸੁਰਿੰਦਰ ਖੀਵਾ, ਕੁਲਦੀਪ ਸਿੰਘ ਬੇਦੀ, ਜੋਗਿੰਦਰ ਸਿੰਘ ਸੰਧੂ ਅਤੇ ਸੁਰਿੰਦਰ ਸੈਣੀ ਸਮੇਤ ਬਹੁਤ ਸਾਰੇ ਸਾਹਿਤਕਾਰਾਂ ਨੇ ਭਰਪੂਰ ਹਾਜਰੀ ਭਰੀ।

# ਬੱਚਿਆਂ ਦੇ ਖੇਡਣ ਵਾਲਾ ਸਰਕਾਰੀ ਪਾਰਕ ਅਵਾਰਾ ਪਸ਼ੂਆਂ ਦੀ ਚਰਾਂਦ ਗਾਹ ਬਣਿਆ



**ਡੇਰਾ ਬਸੀ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਵਾਰਡ ਨੰਬਰ 18 ਵਿੱਚ ਲੱਖਾਂ ਰੁਪਏ ਖਰਚ ਕੇ ਸ਼ਹਿਰ ਵਾਸੀਆਂ ਲਈ ਤਿਆਰ ਕੀਤਾ ਸਰਕਾਰੀ ਪਾਰਕ ਪਸ਼ੂਆਂ ਦਾ ਡੇਰਾ ਬਣ ਕੇ ਰਹਿ ਗਿਆ ਹੈ। ਪਿਛਲੇ ਲੰਮੇ ਸਮੇਂ ਤੋਂ ਪਾਰਕ ਦੀ ਸਾਂਭ ਸੰਭਾਲ ਨਾ ਹੋਣ ਕਰਕੇ ਇਸਦੀ ਹਾਲਤ ਦਿਨ ਬ ਦਿਨ ਖਸਤਾ ਹੁੰਦੀ ਜ਼ਾ ਰਹੀ ਹੈ। ਪਿਛਲੇ ਕਈ ਦਿਨਾਂ ਤੋਂ ਪਾਰਕ ਦਾ ਮੁੱਖ ਗੇਟ ਟੁੱਟ ਕੇ ਡਿੱਗ ਜਾਣ ਕਾਰਨ ਇਸ ਦੇ ਅੰਦਰ ਅਵਾਰਾ ਪਸ਼ੂਆਂ ਝੁੰਡ ਬਣਾ ਕੇ ਬੈਠੇ ਰਹਿੰਦੇ ਹਨ। ਅਵਾਰਾ ਪਸ਼ੂਆਂ ਦੇ ਡਰ ਕਰਕੇ ਲੋਕਾਂ ਨੇ ਪਾਰਕ ਵਿਚ ਆਉਣਾ ਬੰਦ ਕਰ ਦਿਤਾ ਹੈ। ਸ਼ਹਿਰ ਵਾਸੀਆਂ ਨੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਇਸ ਪਾਸੇ ਧਿਆਨ ਦਿੰਦੇ ਇਸ ਸਮੱਸਿਆ ਦਾ ਸਮਾਧਾਨ ਕਰਨ ਦੀ ਮੰਗ ਕੀਤੀ ਹੈ। ਸ਼ਹਿਰ ਵਾਸੀ ਰਜਿੰਦਰ ਸਿੰਘ, ਬਲਜੀਤ ਸਿੰਘ, ਵਿੱਕੀ, ਨਵਨੀਤ ਸਿੰਘ, ਬਲਜਿੰਦਰ ਸਿੰਘ ਸਮੇਤ ਹੋਰਨਾਂ ਨੇ ਦੱਸਿਆ ਕਿ ਵਾਰਡ ਨੰਬਰ 18 ਵਿਖੇ ਪਾਣੀ ਦੀ ਟੈਂਕੀ ਕੋਲ ਸਤਿਥ ਪਾਰਕ ਦੀ ਹਾਲਤ ਖਸਤਾ ਹੋਈ ਪਈ ਹੈ। ਵਾਰ ਵਾਰ ਸ਼ਿਕਾਇਤ ਕਰਨ ਦੇ ਕੋਈ ਇਸ ਪਾਸੇ ਧਿਆਨ ਨਹੀਂ ਦੇ ਰਿਹਾ। ਗਲੀਆਂ ਵਿੱਚ ਘੁੰਮਦੇ ਅਵਾਰਾ ਪਸ਼ੂਆਂ ਕਰਕੇ ਬੱਚੇ ਗਲੀਆਂ ਵਿੱਚ ਖੇਡ ਨਹੀਂ ਸਕਦੇ। ਬਜ਼ੁਰਗ ਗਲੀਆਂ ਵਿੱਚ ਸੈਰ ਨਹੀਂ ਸਕਦੇ। ਅਵਾਰਾ ਪਸ਼ੂਆਂ ਤੋਂ ਬਚਣ ਲਈ ਪਾਰਕ ਵਿੱਚ ਬੱਚੇ ਖੇਡਦੇ ਸਨ ਅਤੇ ਬਜ਼ੁਰਗਾਂ ਸਮੇਤ ਔਰਤਾਂ ਸੈਰ ਕਰਦਿਆਂ ਸਨ। ਪਾਰਕ ਦੇ ਹਾਲਾਤ ਅਜਿਹੇ ਹਨ ਕਿ ਬੱਚਿਆ ਲਈ ਬਣਾਏ ਪਾਰਕ ਵਿੱਚ ਬੱਚਿਆ ਨਾਲੋ ਪਸ਼ੂਆਂ ਦੀ ਗਿਣਤੀ ਜ਼ਿਆਦਾ ਹੈ।

ਅਵਾਰਾ ਪਸ਼ੂਆਂ ਦੀ ਭਰਮਾਰ ਕਰਕੇ ਆਮ ਨਾਗਰਿਕ ਇਸ ਪਾਰਕ ਵਿੱਚ ਆਉਣ ਤੋਂ ਗੁਰੇਜ਼ ਕਰਦੇ ਹਨ। ਇਸ ਪਾਰਕ ਵਿੱਚ ਪ੍ਰਸ਼ਾਸਨ ਨੇ ਮਹਿੰਗੇ ਰੁੱਖ, ਫੁੱਲ ਅਤੇ ਸਜ਼ਾਵਟੀ ਬੂਟੇ ਲਵਾਏ ਸਨ ਪਰੰਤੂ ਅਵਾਰਾ ਪਸ਼ੂਆਂ ਦੀ ਬੇਰੋਕ ਆਵਾਜਾਈ ਅਤੇ ਸਾਫ਼ ਸਫ਼ਾਈ ਤੇ ਸਾਂਭ ਸੰਭਾਲ ਦੀ ਘਾਟ ਕਾਰਨ ਇਹ ਫੁੱਲ ਬੂਟੇ ਉੱਜੜ ਗਏ ਹਨ।

# ਸ੍ਰੀ ਦਸਮੇਸ਼ ਸਿੱਖ ਗੁਰਦੁਆਰਾ ਵਿਖੇ ਭਾਈ ਬੁੱਧੂਸਾਹ ਜੀ ਦੀ ਯਾਦ ਵਿੱਚ ਕਰਵਾਏ ਸਮਾਗਮ



**ਨਾਭਾ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਵੇਂ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਅਨਿਨ ਸੇਵਕ ਭਾਈ ਬੁੱਧੂਸ਼ਾਹ ਜੀ ਦੀ ਯਾਦ ਵਿੱਚ ਸ੍ਰੀ ਦਸਮੇਸ਼ ਸਿੱਖ ਗੁਰਦੁਆਰਾ ਬਰਮਿੰਘਮ ਦੀ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਸਮਾਗਮ ਕਰਵਾਏ ਗਏ। ਭਾਈ ਬੁੱਧੂਸ਼ਾਹ ਜੀ ਲਾਹੌਰ ਪਾਕਿਸਤਾਨ ਦੇ ਰਹਿਣ ਵਾਲੇ ਸਨ ਜੋ ਕਿ ਪ੍ਰਜਾਪਤ ਬਰਾਦਰੀ ਨਾਲ ਸਬੰਧਤ ਸਨ ਜਿਹਨਾਂ ਦਾ ਉਸ ਸਮੇ ਲਾਹੌਰ ਵਿਖੇ ਇੱਟਾ ਦੇ ਭੱਠੇ ਸਨ ਅਤੇ ਗੁਰੂ ਅਰਜਨ ਦੇਵ ਜੀ ਦੇ ਅਨਿਨ ਸੇਵਕ ਸਨ। ਭਾਈ ਬੁੱਧੂਸਾਹ ਜੀ ਗੁਰੂ ਸਾਹਿਬ ਦੀ ਸੇਵਾ ਵਿਚ ਹਰ ਸਮੇ ਹਾਜਰ ਰਹਿੰਦੇ ਸਨ। ਜਥੇਦਾਰ ਇੰਦਰਜੀਤ ਸਿੰਘ ਸੋਖਲ ਪ੍ਰਧਾਨ ਦਸਮੇਸ਼ ਸਿੱਖ ਗੁਰਦੁਆਰਾ ਬਰਮਿੰਘਮ ਨੇ ਦੱਸਿਆ ਕਿ ਇਹ ਧਾਰਮਿਕ ਸਮਾਗਮ ਯੂ ਕੇ ਵਿੱਚ ਵਸਦੇ ਪ੍ਰਜਾਪਤ ਭਾਈਚਾਰੇ ਦੀਆ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਹਨ। ਇਹ ਸਮਾਗਮ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਨਾਲ ਆਰੰਭ ਕੀਤੇ ਗਏ।

ਉਪਰੰਤ ਰਾਗੀ ਜਥਿਆ ਨੇ ਕੀਰਤਨ ਰਾਹੀ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਉਹਨਾਂ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਐਕਸ਼ਨ ਕਮੇਟੀ ਵੱਲੋਂ ਪਿਛਲੇ ਸਾਲ ਗੁਰਦੁਆਰਾ ਸਾਹਿਬ ਬਰਮਿੰਘਮ ਦੀ 50ਵੀਂ ਐਨਵਰਸਰੀ ਮਨਾਈ ਗਈ ਸੀ।ਜਿਸ ਸਬੰਧੀ ਇੱਕ ਗੁਰਦੁਆਰਾ ਸਾਹਿਬ ਦੀ ਕਿਤਾਬ ਤਿਆਰ ਕੀਤੀ ਗਈ ਸੀ ਜੋ ਕਿ ਅੱਜ ਉਹ ਰਲੀਜ ਕਰਕੇ ਕਿਤਾਬਾਂ ਸੰਗਤਾਂ ਨੂੰ ਵੰਡੀਆਂ ਗਈਆ ਅਤੇ ਪ੍ਰਧਾਨ ਸੋਖਲ ਵੱਲੋਂ ਇਹ ਵੀ ਕਿਹਾ ਗਿਆ ਕਿ ਭਾਈ ਬੁੱਧੂਸਾਹ ਜੀ ਦੀ ਯਾਦ ਵਿੱਚ ਹਰ ਸਾਲ ਇਸੇ ਤਰਾਂ ਸੰਗਤਾਂ ਦੇ ਸਹਿਯੋਗ ਨਾਲ ਸਮਾਗਮ ਕਰਵਾਏ ਜਾਇਆ ਜਾਣਗੇ।

ਇਸ ਸਮੇਂ ਪ੍ਰਧਾਨ ਜਥੇਦਾਰ ਇੰਦਰਜੀਤ ਸਿੰਘ ਸੋਖਲ, ਸ੍ਰ ਕੇਵਲ ਸਿੰਘ ਚੋਹਾਨ ਫਾਉਡਰ ਮੈਬਰ ਟਰਸਟੀ, ਸ੍ਰ ਲਾਲ ਸਿੰਘ ਡੋਲ ਟਰਸਟੀ, ਜਗਦੀਸ਼ ਉੱਬੂ ਪ੍ਰਧਾਨ ਐਕਸ਼ਨ ਕਮੇਟੀ, ਜਸਵੀਰ ਘੁੜੈਲ (ਜੇ ਕੇ) ਐਕਸ਼ਨ ਕਮੇਟੀ, ਬਲਵਿੰਦਰ ਸਿੰਘ ਡੱਬ ਐਕਸ਼ਨ ਕਮੇਟੀ, ਸੁਰਿੰਦਰ ਸਿੰਘ ਡੱਬ ਐਕਸ਼ਨ ਕਮੇਟੀ, ਰਸ਼ਪਾਲ ਸਿੰਘ ਚੋਹਾਨ ਲੰਗਰ ਇੰਨਚਾਰਜ,ਸਿੰਦਾ ਸੋਹਲ ਮੈਂਬਰ, ਜਸਵਿੰਦਰ ਸਿੰਘ ਚੋਹਾਨ ਮੈਂਬਰ, ਕੁਲਵਿੰਦਰ ਸਿੰਘ ਮੈਂਬਰ, ਮਲਕੀਤ ਸਿੰਘ ਜਾਲਫ ਸਟੇਜ ਸੈਕਟਰੀ, ਤੇਗਾ ਸਿੰਘ ਜਾਲਫ, ਪ੍ਰੇਮ ਰੈਡੀ, ਅਜੀਤ ਸਿੰਘ ਭੁਪਾਲ ਆਦਿ ਹਾਜ਼ਰ ਸਨ।

# ਕੰਗ ਨੇ ਸਾਬਕਾ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਦੇਣ ਦੀ ਕੀਤੀ ਮੰਗ



**ਨਵੀਂ ਦਿੱਲੀ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਸੰਸਦ ਵਿੱਚ ਸਾਡੇ ਉਭਰਦੇ ਖਿਡਾਰੀਆਂ ਲਈ ਬਿਹਤਰ ਸਹੂਲਤਾਂ ਦਾ ਮੁੱਦਾ ਉਠਾਇਆ। ਕੰਗ ਨੇ ਭਾਰਤ ਦੇ ਓਲੰਪਿਕ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਕੋਈ ਸ਼ੱਕ ਨਹੀਂ ਹੈ ਕਿ ਇਹ ਖਿਡਾਰੀ ਸਾਡੇ ਦੇਸ਼ ਦਾ ਨਾਮ ਰੌਸ਼ਨ ਕਰਨਗੇ ਪਰ ਇਹ ਸਮਾਂ ਹੈ ਕਿ ਅਸੀਂ ਆਪਣੇ ਨੌਜਵਾਨ ਖਿਡਾਰੀਆਂ ਨੂੰ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਨ ਲਈ ਪ੍ਰਦਾਨ ਕੀਤੀਆਂ ਉੱਚ ਪੱਧਰ ਦੀ ਸਹੂਲਤਾਂ ਅਤੇ ਮੌਕੇ ਦੇਣ 'ਤੇ ਵਿਚਾਰ ਕਰੀਏ।

'ਆਪ' ਆਗੂ ਨੇ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਰਤਨ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਸਾਡੇ ਖਿਡਾਰੀਆਂ ਨੂੰ ਉੱਚਤਮ ਸਨਮਾਨ ਦੇਣ ਨਾਲ ਸਾਡੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਪੰਜਾਬ ਦਾ ਯੋਗਦਾਨ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ 1970 ਦੇ ਦਹਾਕੇ ਵਿੱਚ ਇੱਕ ਸਮਾਂ ਹੁੰਦਾ ਸੀ ਜਦੋਂ ਪੂਰੀ ਫੁੱਟਬਾਲ ਟੀਮ ਪੰਜਾਬ ਦੇ ਇੱਕ ਛੋਟੇ ਜਿਹੇ ਕਸਬੇ ਮਾਹਲਪੁਰ ਦੀ ਹੁੰਦੀ ਸੀ। ਉਨ੍ਹਾਂ ਕਿਹਾ ਕਿ ਬਲਾਚੌਰ ਦਾ ਇੱਕ ਛੋਟਾ ਜਿਹਾ ਹਲਕਾ ਸਾਡੇ ਦੇਸ਼ ਵਿੱਚ ਵਧੀਆ ਬਾਸਕਟਬਾਲ ਖਿਡਾਰੀ ਪੈਦਾ ਕਰਦਾ ਹੈ।

ਕੰਗ ਨੇ ਹਾਊਸ ਦੇ ਧਿਆਨ ਵਿੱਚ ਢੁਕਵੇਂ ਬੁਨਿਆਦੀ ਢਾਂਚੇ ਦੀ ਘਾਟ ਅਤੇ ਛੋਟੇ ਬੱਚਿਆਂ ਨੂੰ ਖੇਡਾਂ ਵੱਲ ਵਧਣ ਦੇ ਮੌਕਿਆਂ ਵੱਲ ਵੀ ਲਿਆਂਦਾ। ਉਨਾਂ ਕਿਹਾ ਕਿ ਸਾਡੇ ਦੇਸ਼ ਵਿੱਚ ਪ੍ਰਤਿਭਾ ਦੀ ਕਮੀ ਨਹੀਂ ਹੈ ਪਰ ਸਾਡੇ ਕੋਲ ਛੋਟੀ ਉਮਰ ਤੋਂ ਹੀ ਆਪਣੇ ਖਿਡਾਰੀਆਂ ਦੀ ਮਦਦ ਲਈ ਕੋਈ ਪ੍ਰਣਾਲੀ (ਸਿਸਟਮ) ਨਹੀਂ ਹੈ। ਉਨ੍ਹਾਂ ਨੇ ਖੇਡ ਮੰਤਰੀ ਨੂੰ ਕਿਹਾ ਕਿ ਉਹ ਉਭਰਦੇ ਖਿਡਾਰੀਆਂ ਦੀ ਮਦਦ ਲਈ ਇੱਕ ਪ੍ਰਣਾਲੀ ਤਿਆਰ ਕਰਨ ਤਾਂ ਜੋ ਉਹ ਸਾਡੇ ਦੇਸ਼ ਲਈ ਤਗਮੇ ਅਤੇ ਟਰਾਫੀਆਂ ਜਿੱਤ ਸਕਣ।

# ਡੇਰਾਬੱਸੀ ਵਿਖੇ ਮੇਨ ਬਜਾਰ ਦੀ ਐਂਟਰੀ ਵਾਲੀ ਸੜਕ ਜ਼ਮੀਨ ਵਿੱਚ ਧਸੀ; ਕਿਸੇ ਸਮੇਂ ਵੀ ਵਾਪਰ ਸਕਦਾ ਕੋਈ ਵੱਡਾ ਹਾਦਸਾ

**ਡੇਰਾ ਬਸੀ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਸ਼ਹਿਰ ਦੇ ਮੇਨ ਬਜਾਰ ਦੀ ਐਂਟਰੀ ਤੇ ਸੜਕ ਜ਼ਮੀਨ ਵਿੱਚ ਧਸ ਗਈ ਹੈ। ਜਿਸ ਕਾਰਨ ਕਿਸੇ ਸਮੇਂ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਪਰ ਨਗਰ ਕੌਂਸਲ ਅਧਿਕਾਰੀ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੇ। ਦੁਕਾਨਦਾਰਾਂ ਨੇ ਨਗਰ ਕੌਂਸਲ ਅਧਿਕਾਰੀਆਂ ਤੋਂ ਇਸ ਧਸੀ ਸੜਕ ਨੂੰ ਠੀਕ ਕਰਨ ਦੀ ਮੰਗ ਕੀਤੀ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਹੋਈ ਭਾਰੀ ਬਰਸਾਤ ਕਾਰਨ ਡੇਰਾਬੱਸੀ ਸ਼ਹਿਰ ਦੇ ਮੇਨ ਬਜਾਰ ਸਮੇਤ ਲੋਕਾਂ ਦੇ ਘਰਾਂ ਵਿੱਚ ਪਾਣੀ ਦਾਖਲ ਹੋ ਗਿਆ ਸੀ। ਜਿਸ ਕਾਰਨ ਦੁਕਾਨਦਾਰਾਂ ਦਾ ਦੁਕਾਨਾਂ ਵਿੱਚ ਪਿਆ ਕੀਮਤੀ ਸਮਾਨ ਵੀ ਖਰਾਬ ਹੋ ਗਿਆ ਸੀ।

ਪਿਛਲੇ ਸਾਲ ਹੋਈ ਭਾਰੀ ਬਰਸਾਤ ਅਤੇ ਆਏ ਹਨ ਦੇ ਪਾਣੀ ਕਾਰਨ ਲੋਕਾਂ ਦੇ ਘਰਾਂ ਵਿੱਚ ਵੀ ਪਾਣੀ ਭਰ ਗਿਆ ਸੀ। ਜਿਸ ਕਾਰਨ ਅਨੇਕਾਂ ਸ਼ਹਿਰ ਵਾਸੀਆਂ ਦੇ ਘਰਾਂ ਦਾ ਸਮਾਨ ਖਰਾਬ ਹੋ ਗਿਆ ਸੀ। ਜਿਸ ਦੇ ਚਲਦੇ ਸ਼ਹਿਰ ਦੇ ਬਰਸਾਤੀ ਨਾਲੇ ਬੰਦ ਹੋ ਗਏ ਸੀ ਅਤੇ ਡੇਰਾਬੱਸੀ ਮੇਨ ਬਜਾਰ ਵਿੱਚ ਬਰਸਾਤ ਦਾ ਪਾਣੀ ਭਰ ਗਿਆ ਸੀ। ਜਿਸ ਤੋਂ ਬਾਅਦ ਨਗਰ ਕੌਂਸਲ ਵੱਲੋਂ ਬਜ਼ਾਰ ਦੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਨਵੀਂ ਪਾਇਪ ਪਾਕੇ ਇਸ ਦਾ ਹੱਲ ਕੀਤਾ ਗਿਆ ਸੀ। ਜਿਸ ਤੋਂ ਬਾਅਦ ਸ਼ਹਿਰ ਦੇ ਨੈਸ਼ਨਲ ਹਾਈਵੇਅ ਸਮੇਤ ਸ਼ਹਿਰ ਦੇ ਬਜਾਰ ਦੀਆਂ ਸੜਕਾਂ ਵੀ ਪੱਟ ਦਿੱਤੀਆਂ ਸਨ। ਜਿਸ ਤੋਂ ਬਾਅਦ ਜ਼ਮੀਨ ਹੇਠ ਅੰਡਰਗਰਾਊਂਡ ਪਾਇਪ ਲਾਇਨ ਪਾਈ ਗਈ ਸੀ। ਪਰ ਇੱਕ ਸਾਲ ਵਿੱਚ ਜਿਸ ਜਗ੍ਹਾ ਪਾਇਪ ਲਾਈਨ ਪਾਈ ਸੀ ਉਸ ਜਗ੍ਹਾ ਤੋਂ ਸੜਕ ਦੋ ਵਾਰ ਜ਼ਮੀਨ ਵਿੱਚ ਧਸ ਚੁੱਕੀ ਹੈ। ਜਿਸ ਨੂੰ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਰਿਪੇਅਰ ਕਰਵਾ ਦਿੱਤਾ ਜਾਂਦਾ ਹੈ ਪਰ ਭਾਰੀ ਬਰਸਾਤ ਕਾਰਨ ਦੁਬਾਰਾ ਜ਼ਮੀਨ ਵਿੱਚ ਸੜਕ ਧਸ ਜਾਂਦੀ ਹੈ।

# ਜਿੰਪਾ ਨੇ ਹਵਾਹਰ ਨਵੋਦਿਆ ਵਿਦਿਆਲਿਆ ਨੂੰ ਦਿੱਤਾ 2 ਲੱਖ ਰੁਪਏ ਦਾ ਚੈੱਕ

**ਹੁਸ਼ਿਆਰਪੁਰ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਪੀ.ਐਮ ਸ੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਦਾ ਦੌਰਾ ਕੀਤਾ ਅਤੇ ਸਕੂਲ ਦੇ ਵਿਕਾਸ ਲਈ 2 ਲੱਖ ਰੁਪਏ ਦਾ ਚੈੱਕ ਸਕੂਲ ਦੀ ਪ੍ਰਿੰਸੀਪਲ ਨੂੰ ਸੌਂਪਿਆ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਕੁਝ ਸਮਾਂ ਪਹਿਲਾ ਉਹ ਸਕੂਲ ਵਿਚ ਨੈਸ਼ਨਲ ਯੋਗ ਮੀਟ ਦੌਰਾਨ ਆਏ ਸਨ ਅਤੇ ਉਨ੍ਹਾਂ ਸਕੂਲ ਨੂੰ ਦੋ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵਾਅਦਾ ਕੀਤਾ ਸੀ ਅਤੇ ਅੱਜ ਵਾਅਦੇ ਮੁਤਾਬਿਕ ਉਹ ਸਕੂਲ ਨੂੰ ਦੋ ਲੱਖ ਰੁਪਏ ਦਾ ਚੈੱਕ ਸੌਂਪਣ ਆਏ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸਿੱਖਿਆ ਦੇ ਪੱਧਰ ਨੂੰ ਕਾਫੀ ਉਚਾ ਲੈ ਕੇ ਗਈ ਹੈ।ਸਕੂਲ ਆਫ ਐਮੀਨੈਂਸ ਇਸ ਦੀ ਸਭ ਤੋਂ ਤਾਜ਼ਾ ਉਦਾਹਰਨ ਹਨ, ਜਿਥੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦਾ ਪੱਧਰ ਕਾਫੀ ਵਧੀਆ ਹੋਇਆ ਹੈ।

# ਮਨੁੱਖ ਨੂੰ ਜਿਊਂਦੇ ਰਹਿਣ ਲਈ ਜਿਵੇਂ ਰੋਟੀ, ਪਾਣੀ ਦੀ ਲੋੜ ਉਸੇ ਤਰ੍ਹਾਂ ਸ਼ੁੱਧ ਵਾਤਾਵਰਨ ਦੀ ਲੋੜ: ਬੰਨੀ ਚੈਹਿਲ



**ਪਟਿਆਲਾ, 25 ਜੁਲਾਈ -ਅਮਰਜੀਤ ਸਿੰਘ ਲਾਂਬਾ- -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ,ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ ਦੇ ਸਹਿਯੋਗ ਨਾਲ ਬਰਸਾਤਾਂ ਦੇ ਮੌਸਮ ਦੌਰਾਨ ਵਣ ਮਹਾਂਉਤਸਵ ਤਹਿਤ ਜੋ ਵੱਖ ਵੱਖ ਥਾਵਾਂ ਉਪਰ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ। ਇਸ ਤਹਿਤ ਚੈਹਿਲ ਹਾਊਸ ਰਾਘੋਮਾਜਰਾ ਵਿਖੇ ਪੰਜ ਸੌ ਬੂਟੇ ਲਗਾਏ ਗਏ ਅਤੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਨੂੰ ਬੂਟੇ ਲਗਾਉਣ ਲਈ ਦਿੱਤੇ ਗਏ। ਇਸ ਵਿੱਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਪ੍ਰਧਾਨਗੀ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਧਰਮਿੰਦਰ ਸਿੰਘ ਸੈਣੀ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਮਹਿੰਦਰ ਸਿੰਘ ਬਡੂੰਗਰ, ਦਲੀਪ ਗੁਪਤਾ, ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਬੰਨੀ ਚੈਹਿਲ ਨੇ ਕਿਹਾ ਕਿ ਜਿਵੇਂ ਕਿ ਮਨੁੱਖ ਜਿਉਂਦੇ ਰਹਿਣ ਲਈ ਰੋਟੀ, ਹਵਾ, ਪਾਣੀ ਦੀ ਜ਼ਰੂਰਤ ਹੈ ਉਥੇ ਹੀ ਮਨੁੱਖ ਨੂੰ ਸ਼ੁੱਧ ਵਾਤਾਵਰਨ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਅਨੇਕਾਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਕਿ ਸਾਹ ਦੀ ਬੀਮਾਰੀ, ਫੇਫੜਿਆਂ ਦੀ ਬੀਮਾਰੀ, ਚਮੜੀ ਰੋਗ ਇਨ੍ਹਾਂ ਤੋਂ ਇਲਾਵਾ ਅਨੇਕਾਂ ਹੋਰ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦਾ ਮੁੱਖ ਕਾਰਨ ਦੂਸ਼ਿਤ ਵਾਤਾਵਰਨ ਹੈ। ਉਹਨਾਂ ਕਿਹਾ ਕਿ ਸਾਨੂੰ ਆਪਣੇ ਲਈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਣ ਲਈ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਇਸ ਮੌਕੇ ਬੰਨੀ ਚੈਹਿਲ ਜੀ ਨੇ ਖੁਦ ਆਪਣੇ ਘਰ ਪੰਜ ਸੌਂ ਤੋਂ ਉਪਰ ਬੂਟੇ ਲਗਾਏ ਅਤੇ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਬੂਟੇ ਲਗਾਉਣ ਲਈ ਦਿੱਤੇ। ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਦੋ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨ।

# ਡਿਪਟੀ ਕਮਿਸ਼ਨਰ ਨੇ ਮੈ/ਸ ਸਪਾਰਕ ਐਜੂਕੇਸ਼ਨ ਆਈਲੈਟਸ ਤੇ ਵੀਜ਼ਾ ਕੰਸਲਟੈਂਸੀ ਦਾ ਲਾਇਸੈਂਸ ਕੀਤਾ ਰੱਦ



**ਫਤਹਿਗੜ੍ਹ ਸਾਹਿਬ, 25 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਲਾਇਸੈਂਸਿੰਗ ਅਥਾਰਟੀ ਫ਼ਤਹਿਗੜ੍ਹ ਸਾਹਿਬ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ 2012 (ਪੰਜਾਬ ਐਕਟ 2 ਆਫ 2013) ਦੇ ਸੈਕਸ਼ਨ 6 (1)(ਜੀ) ਤਹਿਤ ਮੈਸ/ ਸਪਾਰਕ ਐਜੂਕੇਸ਼ਨ ਆਈਲੈਟਸ ਤੇ ਵੀਜਾ ਕੰਸਲਟੈਂਸੀ, ਗੋਬਿੰਦਗੜ੍ਹ ਰੋਡ, ਅਮਲੋਹ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੀ ਇਮਰਾਨ ਖਾਨ ਪੁੱਤਰ ਸ਼੍ਰੀ ਅਕਬਰ ਮੁਹੰਮਦ ਵਾਸੀ ਪਿੰਡ ਸੌਂਟੀ, ਤਹਿਸੀਲ ਅਮਲੋਹ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਨਾਮ ਤੇ ਆਈਲੈਟਸ ਦਾ ਲਾਇਸੈਂਸ ਨੰ: 13/ਐਮ.ਸੀ.-1, ਮਿਤੀ 19.06.2018 ਅਤੇ ਵੀਜਾ ਕੰਸਲਟੈਂਸੀ ਦਾ ਲਾਇਸੈਂਸ ਨੰਬਰ 46/ਐਮ.ਸੀ. ਮਿਤੀ 22.10.2019 ਜੋ ਕਿ 14.06.2023 ਅਤੇ 21.10.2024 ਤੱਕ ਵੈਲਿਡ ਸਨ।

ਮਿਲੀ ਜਾਣਕਾਰੀ ਅਨੁਸਾਰ ਇਮਰਾਨ ਖਾਨ ਸਾਲ 2023 ਵਿੱਚ ਕੈਨੇਡਾ ਚਲਿਆ ਗਿਆ ਸੀ ਅਤੇ ਵਿਦੇਸ਼ ਜਾਣ ਸਮੇਂ ਉਸ ਨੇ ਆਪਣੇ ਪਿਤਾ ਅਕਬਰ ਮੁਹੰਮਦ ਦੇ ਨਾਮ ਤੇ ਪਾਵਰ ਆਫ ਅਟਾਰਨੀ ਦਿੱਤੀ ਸੀ। ਜਿਸ ਦੇ ਆਧਾਰ ਤੇ ਅਕਬਰ ਮੁਹੰਮਦ ਇਸ ਲਾਇਸੈਂਸ ਨੂੰ ਰੱਦ ਕਰਵਾਉਣਾ ਚਾਹੁੰਦੇ ਸਨ। ਜਿਸ ਦੇ ਆਧਾਰ ਤੇ ਡਿਪਟੀ ਕਮਿਸ਼ਨਰ ਵੱਲੋਂ ਆਈਲੈਟਸ ਦਾ ਲਾਇਸੈਂਸ ਨੰ: : 13/ਐਮ.ਸੀ.-1, ਮਿਤੀ 19.06.2018 ਅਤੇ ਵੀਜਾ ਕੰਸਲਟੈਂਸੀ ਦਾ ਲਾਇਸੈਂਸ ਨੰਬਰ 46/ਐਮ.ਸੀ. ਮਿਤੀ 22.10.2019 ਨੂੰ ਰੱਦ ਕਰ ਦਿੱਤਾ ਹੈ। ਨਿਯਮਾਂ ਅਨੁਸਾਰ ਕਿਸੇ ਵੀ ਕਿਸਮ ਦੀ ਕੋਈ ਸ਼ਿਕਾਇਤ ਆਦਿ ਦਾ ਉਕਤ ਲਾਇਸੈਂਸੀ ਹਰ ਪੱਖੋਂ ਜਿੰਮੇਵਾਰ ਹੋਵੇਗਾ ਅਤੇ ਇਸ ਦੀ ਭਰਪਾਈ ਕਰਨ ਦਾ ਵੀ ਜਿੰਮੇਵਾਰ ਹੋਵੇਗਾ।

# ਮਾਨਵਤਾ ਦੀ ਭਲਾਈ ਲਈ ਸਮਰਪਿਤ ਹੋਣ ਡਾਕਟਰ



ਡਾਕਟਰ ਦਿਵਸ ਹੈ, ਜੋ ਭਾਰਤ ਸਮੇਤ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਵੱਖ-ਵੱਖ ਤਰੀਕਾਂ ਨੂੰ ਮਨਾਇਆ ਜਾਂਦਾ ਹੈ। 'ਡਾਕਟਰ' ਲਤੀਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਅਧਿਆਪਕ। ਇਹ ਦਿਨ ਮਨਾਉਣ ਦਾ ਮਕਸਦ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਡਾਕਟਰਾਂ ਦੀ ਕਿੰਨੀ ਜ਼ਿਆਦਾ ਮਹੱਤਤਾ ਹੁੰਦੀ ਹੈ ਅਤੇ ਇਨ੍ਹਾਂ ਦੁਆਰਾ ਕੀਤੇ ਜਾਂਦੇ ਸਹੀ ਇਲਾਜ ਅਤੇ ਪ੍ਰੇਰਨਾ ਨਾਲ ਹੀ ਅਸੀਂ ਇਕ ਸਿਹਤਮੰਦ ਜ਼ਿੰਦਗੀ ਜੀਣ ਦੇ ਕਾਬਲ ਬਣਦੇ ਹਾਂ। ਡਾਕਟਰ ਦਿਵਸ ਜਿਥੇ ਸਾਨੂੰ ਆਪਣੇ ਦਿਲਾਂ ਵਿਚ ਡਾਕਟਰਾਂ ਪ੍ਰਤੀ ਇੱਜ਼ਤ ਅਤੇ ਸਨਮਾਨ ਦੀ ਭਾਵਨਾ ਪੈਦਾ ਕਰਨ ਦਾ ਅਹਿਸਾਸ ਦਿਵਾਉਂਦਾ ਹੈ, ਉਥੇ ਹੀ ਸਮੁੱਚੇ ਡਾਕਟਰੀ ਭਾਈਚਾਰੇ ਨੂੰ ਉਨ੍ਹਾਂ ਦੀਆਂ ਮਰੀਜ਼ਾਂ ਅਤੇ ਆਮ ਲੋਕਾਂ ਪ੍ਰਤੀ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਇਕ ਸਿਹਤਮੰਦ ਸਮਾਜ ਦੇ ਵਿਕਾਸ ਲਈ ਸਮਰਪਿਤ ਹੋਣ ਲਈ ਵੀ ਪ੍ਰੇਰਿਤ ਕਰਦਾ ਹੈ। ਦੁਨੀਆ ਦੇ ਸਾਰੇ ਕਿੱਤਿਆਂ ਵਿਚੋਂ ਡਾਕਟਰੀ ਹੀ ਇਕ ਅਜਿਹਾ ਸਨਮਾਨਜਨਕ ਕਿੱਤਾ ਹੈ, ਜਿਸ ਦਾ ਸਿੱਧਾ ਸਬੰਧ ਜ਼ਿੰਦਗੀ ਅਤੇ ਮਨੁੱਖਤਾ ਦੀ ਭਲਾਈ ਨਾਲ ਜੁੜਿਆ ਹੋਇਆ ਹੈ। ਇਕ ਡਾਕਟਰ ਦਾ ਮੁੱਖ ਫਰਜ਼ ਨਾ ਸਿਰਫ ਮਰੀਜ਼ ਨੂੰ ਸਿਹਤਯਾਬ ਕਰਨਾ ਹੈ ਬਲਕਿ ਮਨੁੱਖ ਨੂੰ ਉਸ ਦੀ ਸਰੀਰਕ, ਮਾਨਸਿਕ ਅਤੇ ਸਮਾਜਿਕ ਸਿਹਤ ਪ੍ਰਤੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਾਗਰੂਕ ਕਰਨਾ ਵੀ ਹੈ। ਸਮਾਜ ਵਿਚ ਫੈਲੀ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਇਕ ਡਾਕਟਰ ਲਈ ਮੁੱਖ ਚੁਣੌਤੀ ਵਾਂਗ ਹੁੰਦੀ ਹੈ ਅਤੇ ਡਾਕਟਰੀ ਕਿੱਤੇ ਪ੍ਰਤੀ ਸਮਰਪਿਤ ਹਰ ਸੁਹਿਰਦ ਅਤੇ ਇਮਾਨਦਾਰ ਡਾਕਟਰ ਮਰੀਜ਼ ਨੂੰ ਸਿਹਤਯਾਬ ਕਰਨ ਲਈ ਆਪਣੀ ਕਾਬਲੀਅਤ ਅਤੇ ਸਮੱਰਥਾ ਅਨੁਸਾਰ ਪੂਰੀ ਵਾਹ ਲਾਉਂਦਾ ਹੈ ਪਰ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਮੌਜੂਦਾ ਪੂੰਜੀਵਾਦੀ ਅਤੇ ਮੁਨਾਫ਼ਾਖੋਰੀ ਦੇ ਯੁੱਗ ਦੇ ਮਾਰੂ ਪ੍ਰਭਾਵਾਂ ਕਾਰਨ ਹੋਰਨਾਂ ਕਿੱਤਿਆਂ ਵਾਂਗ ਇਹ ਕਿੱਤਾ ਵੀ ਸਿਰਫ ਪੈਸੇ ਕਮਾਉਣ ਦਾ ਸਾਧਨ ਬਣ ਚੁੱਕਾ ਹੈ। ਜ਼ਿਆਦਾਤਰ ਡਾਕਟਰ ਖਾਸ ਕਰਕੇ ਨਿੱਜੀ ਹਸਪਤਾਲਾਂ ਅਤੇ ਕਲੀਨਿਕਾਂ ਦੇ ਡਾਕਟਰ ਮਨੁੱਖੀ ਸੇਵਾ ਦੇ ਜਾਮੇ ਵਿਚੋਂ ਨਿਕਲ ਕੇ ਇਸ ਨੂੰ ਇਕ ਮੁਨਾਫੇ ਦੇ ਧੰਦੇ ਵਜੋਂ ਹੀ ਅਪਨਾ ਰਹੇ ਹਨ। ਸਿਹਤ ਸੰਭਾਲ ਖੇਤਰ ਵਿਚ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਹੋਣ ਕਾਰਨ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਦੀ ਹਾਲਤ ਬੇਹੱਦ ਖਸਤਾ ਹੋ ਚੁੱਕੀ ਹੈ ਅਤੇ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿਚ ਇਲਾਜ ਦੇ ਨਾਂਅ ਹੇਠ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਦੀ ਖੱਜਲ ਖਰਾਬੀ ਅਤੇ ਲੁੱਟ-ਖਸੁੱਟ ਵਧੇਰੇ ਹੁੰਦੀ ਹੈ। ਸਰਕਾਰਾਂ ਵਲੋਂ ਕੀਤੇ ਗਏ ਸਿੱਖਿਆ ਦੇ ਵਪਾਰੀਕਰਨ ਦੇ ਨਤੀਜੇ ਵਜੋਂ ਡਾਕਟਰੀ ਦੀ ਡਿਗਰੀ ਪ੍ਰਾਪਤ ਕਰਨੀ ਜਿੰਨੀ ਮਹਿੰਗੀ ਹੋ ਗਈ ਹੈ, ਉਸ ਹਿਸਾਬ ਨਾਲ ਆਉਣ ਵਾਲੇ ਸਮੇਂ ਵਿਚ ਸਰਕਾਰਾਂ ਅਤੇ ਡਾਕਟਰਾਂ ਤੋਂ ਆਮ ਲੋਕਾਂ ਲਈ ਸਸਤੇ ਅਤੇ ਵਧੀਆ ਇਲਾਜ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ। ਇਹੀ ਵਜ੍ਹਾ ਹੈ ਕਿ ਜ਼ਿਆਦਾਤਰ ਡਾਕਟਰ ਪੈਸੇ ਕਮਾਉਣ ਦੀ ਲਾਲਸਾ ਨੂੰ ਮੁੱਖ ਰੱਖ ਕੇ ਪਿੰਡਾਂ, ਕਸਬਿਆਂ ਅਤੇ ਪਛੜੇ ਇਲਾਕਿਆਂ ਵਿਚ ਡਿਊਟੀ ਕਰਨ ਤੋਂ ਬਿਲਕੁਲ ਗੁਰੇਜ਼ ਕਰਦੇ ਹਨ। ਇਸ ਗੱਲ ਦੀ ਸੰਤੁਸ਼ਟੀ ਵੀ ਹੈ ਕਿ ਜਨਤਕ ਸਿਹਤ ਢਾਂਚੇ ਵਿਚ ਆਏ ਨਿਘਾਰ ਦੇ ਬਾਵਜੂਦ ਸਰਕਾਰੀ ਹਸਪਤਾਲਾਂ ਦੇ ਕਈ ਡਾਕਟਰ ਪੈਸੇ ਦੀ ਹਵਸ ਅਤੇ ਭ੍ਰਿਸ਼ਟਾਚਾਰ ਤੋਂ ਉੱਪਰ ਉਠ ਕੇ ਪੂਰੀ ਨੇਕ-ਨੀਅਤੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਇਕ ਪਹਿਲੂ ਇਹ ਵੀ ਹੈ ਕਿ ਸਰਕਾਰੀ ਹਸਪਤਾਲਾਂ ਵਿਚ ਆਧੁਨਿਕ ਇਲਾਜ ਪ੍ਰਣਾਲੀ, ਡਾਕਟਰਾਂ ਅਤੇ ਮਨੋਚਿਕਤਸਕਾਂ ਦੀ ਘਾਟ ਅਤੇ ਨਿੱਜੀ ਹਸਪਤਾਲਾਂ ਵਿਚ ਇਲਾਜ ਕਰਾਉਣ ਦੀ ਸਮਰੱਥਾ ਨਾ ਹੋਣ ਕਾਰਨ ਦੇਸ਼ ਦੇ ਬਹੁਗਿਣਤੀ ਗਰੀਬ ਅਤੇ ਪਛੜੇ ਵਰਗ ਦੇ ਲੋਕ ਕਚਘਰੜ ਡਾਕਟਰਾਂ, ਨੀਮ ਹਕੀਮਾਂ, ਪਾਖੰਡੀ ਬਾਬਿਆਂ ਅਤੇ ਜੋਤਸ਼ੀਆਂ ਦੇ ਝਾਂਸੇ ਵਿਚ ਫਸ ਜਾਂਦੇ ਹਨ, ਜਿਨ੍ਹਾਂ ਵਲੋਂ ਡਾਕਟਰੀ ਇਲਾਜ ਦੀ ਬਜਾਏ ਲੋਕਾਂ ਦਾ ਸਿਰਫ ਆਰਥਿਕ, ਸਰੀਰਕ ਤੇ ਮਾਨਸਿਕ ਸੋਸ਼ਣ ਕੀਤਾ ਜਾਂਦਾ ਹੈ ਪਰ ਸਰਕਾਰਾਂ ਮੂਕ ਦਰਸ਼ਕ ਬਣ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਭੱਜ ਰਹੀਆਂ ਹਨ। ਹਰ ਡਾਕਟਰ ਦਾ ਨੈਤਿਕ ਫਰਜ਼ ਹੁੰਦਾ ਹੈ ਕਿ ਉਹ ਮਰੀਜ਼ ਅਤੇ ਉਸ ਦੇ ਵਾਰਸਾਂ ਵਿਚ ਬਿਮਾਰੀ ਵਿਰੁੱਧ ਲੜਨ ਦੀ ਮਜ਼ਬੂਤ ਇੱਛਾ ਪੈਦਾ ਕਰੇ। ਅਜਿਹੇ ਲੋਕ ਵਿਰੋਧੀ ਹਾਲਾਤਾਂ ਵਿਚ ਸਮੁੱਚੇ ਡਾਕਟਰਾਂ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਹਰ ਤਰ੍ਹਾਂ ਦੇ ਸਵਾਰਥ ਅਤੇ ਲਾਲਚ ਤੋਂ ਉਪਰ ਉਠ ਕੇ ਪੂਰੀ ਇਮਾਨਦਾਰੀ ਨਾਲ ਡਾਕਟਰੀ ਕਿੱਤੇ ਅਤੇ ਨੂੰ ਮਰੀਜ਼ਾਂ ਅਤੇ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਹੋਣ ਅਤੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਵਿਚ ਵਿਗਿਆਨਕ ਸੋਚ, ਸਵੈ-ਵਿਸ਼ਵਾਸ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਦੀ ਭਾਵਨਾ ਪ੍ਰਫੁਲਿਤ ਕਰਨ ਲਈ ਲਗਾਤਾਰ ਕਾਰਜਸ਼ੀਲ ਰਹਿਣ ਤਾਂ ਕਿ ਲੋਕ ਮਨਾਂ ਵਿਚ ਡਾਕਟਰਾਂ ਦੀ ਇੱਜ਼ਤ, ਸਵੈਮਾਣ ਅਤੇ ਭਰੋਸੇ ਨੂੰ ਮੁੜ ਤੋਂ ਬਹਾਲ ਕੀਤਾ ਜਾ ਸਕੇ। ਸਮੁੱਚੇ ਡਾਕਟਰ ਭਾਈਚਾਰੇ ਨੂੰ ਨੈਤਿਕ-ਕਦਰਾਂ ਕੀਮਤਾਂ ਉਤੇ ਪਹਿਰਾ ਦੇਣ ਦੇ ਨਾਲ-ਨਾਲ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਦੇ ਪ੍ਰਬੰਧਕਾਂ ਦੀਆਂ ਮਨਮਾਨੀਆਂ ਅਤੇ ਜ਼ਿਆਦਤੀਆਂ ਦੇ ਖਿਲਾਫ਼ ਡਟਵਾਂ ਵਿਰੋਧ ਕਰਨ ਦੀ ਵੀ ਲੋੜ ਹੈ।

# ਖੁੱਲ੍ਹੇ ਦਿਲਾਂ ਦੇ ਮਾਲਕ ਗਾਡੀ ਲੁਹਾਰ



ਜੇਠ ਦੇ ਅਖੀਰਲੇ ਪੱਖ ਚਮਕੀਲੇ ਵਾਲੀ ਦੁੱਗਰੀ ਦੀਆਂ ਸੜਕਾਂ 'ਤੇ ਗੱਡੀਆਂ ਵਾਲੇ ਆ ਡੇਰਾ ਲਾਉਂਦੇ ਨੇ। ਇੱਥੇ ਹੀ ਸੜਕ ਦੇ ਕਿਨਾਰੇ ਸ਼ਾਂਤ ਖੁੱਲ੍ਹ ਅਸਮਾਨ 'ਚ ਤਾਰਿਆਂ ਦੀ ਛਾਵੇਂ ਅੰਗੀਠੀ ਚੁੱਲ੍ਹੇ ਬਾਲ ਰੋਟੀਆਂ ਲਾਹ ਤੇ ਚਟਣੀ ਨਾਲ ਇਕੱਠੇ ਬਹਿ ਖਾ ਤੇ ਹੁੱਕੇ ਦਾ ਕਸ਼ ਖਿੱਚ ਰੱਬ ਦਾ ਸ਼ੁਕਰ ਕਰ ਗਾਡੀ ਲੁਹਾਰ ਹਨੇਰਾ ਕੱਟਦੇ ਤੇ ਪ੍ਰਭਾਤ 'ਚ ਪ੍ਰਵੇਸ਼ ਕਰਦੇ ਹਨ? ਇਹ ਮਹਾਰਾਣਾ ਪ੍ਰਤਾਪ ਦੇ ਵੰਸ਼ਜ ਖਾਨਾਬਦੋਸ਼ ਗੱਡੀਆਂ ਵਾਲੇ ਇਸ ਲਈ ਕਹਾਉਂਦੇ ਨੇ ਜਾਂ ਲੋਕੀਂ ਕਹਿੰਦੇ ਨੇ ਕਿਉਂਕਿ ਇਹ ਆਪਣਾ ਟਿਕਾਣਾ ਇੱਕ ਥਾਂ ਨਹੀਂ ਬਣਾਉਂਦੇ। ਕਿਰਪਾਲ ਕਜ਼ਾਕ ਦੀ ਕਿਤਾਬ ਦੇ ਹਵਾਲੇ ਨਾਲ ਮੁਗਲ ਸ਼ਾਸ਼ਕ ਅਕਬਰ ਤੋਂ ਲੰਬੀ ਲੜਾਈ ਹਾਰਨ ਮਗਰੋਂ ਇਨ੍ਹਾਂ ਖੁਫੀਆ ਐਲਾਨ ਕੀਤਾ ਕਿ ਜਦੋਂ ਤਕ ਇਹ ਆਪਣਾ ਗੁਆਚਿਆ ਹੋਇਆ ਵੱਕਾਰ ਵਾਪਸ ਨ੍ਹੀਂ ਹਾਸਲ ਕਰਦੇ, ਤਦ ਤਕ ਇਹ ਚਿਤੌੜ ਦੀ ਮਿੱਟੀ ਨੂੰ ਨਹੀਂ ਛੂਹਣਗੇ।

ਮੰਗ ਕੇ ਨਹੀਂ ਖਾਣਗੇ ਤੇ ਇੱਕ ਥਾਂ ਟਿਕ ਕੇ ਨਹੀਂ ਬੈਠਣਗੇ? ਸ਼ੁਰੂ ਵਿੱਚ ਇਨ੍ਹਾਂ ਲੋਕਾਂ ਲੁਹਾਰ ਤੇ ਤਰਖਾਣ ਦੇ ਕੰਮ ਦੇ ਨਾਲ-ਨਾਲ ਬਲਦ ਵੇਚਣ ਤੇ ਖਰੀਦਣ ਦਾ ਕੰਮ ਵੀ ਕਰ ਲਿਆ ਸੀ। ਇਹ ਨਾਗੌਰ ਤੋਂ ਨਾਗੌਰੀ ਬਲਦ ਲਿਆਉਂਦੇ ਤੇ ਇੱਧਰ ਲਿਆ ਕੇ ਵੇਚਦੇ। ਜਿਉਂ ਜਿਉਂ ਜ਼ਮਾਨੇ ਨੇ ਤਰੱਕੀ ਕੀਤੀ, ਇਨ੍ਹਾਂ ਦੇ ਮੁੱਖ ਧੰਦੇ ਚੌਪਟ ਹੁੰਦੇ ਗਏ। ਅੱਜ ਕੱਲ੍ਹ ਇਹ ਦਿਹਾੜੀ ਕਰਕੇ ਗੁਜ਼ਾਰਾ ਕਰਦੇ ਹਨ। ਹੁਣ ਇਨ੍ਹਾਂ ਦੇ ਘੁੰਮਣ ਫਿਰਨ ਦਾ ਕੰਮ ਵੀ ਘਟ ਗਿਆ ਹੈ ਅਤੇ ਇਹ ਕਸਬਿਆਂ ਜਾਂ ਸ਼ਹਿਰਾਂ ਦੇ ਨੇੜਲੇ ਪਿੰਡਾਂ 'ਚ ਸਾਲ-ਛਿਮਾਹੀ ਬੈਠਣ ਲੱਗ ਪਏ ਹਨ। ਇਹ ਘਰਾਂ 'ਚ ਕੰਮ ਆਉਣ ਵਾਲੇ ਛੋਟੇ-ਮੋਟੇ ਸੰਦ ਅੱਜ ਵੀ ਬਣਾ ਕੇ ਵੇਚਦੇ ਹਨ? ਗੱਡੀਆਂ ਵਾਲਿਆਂ ਦੇ ਕਬੀਲੇ ਵਿੱਚ ਮੁੱਖ ਤੌਰ ਉੱਤੇ 9 ਗੋਤਾਂ ਦਾ ਨਾਂ ਪ੍ਰਚਲਿਤ ਹੈ, ਜਿਵੇਂ- ਸਾਂਖਲੇ, ਸੋਲੰਕੀ, ਚੌਹਾਨ, ਰਾਠੌਰ, ਪਰਮਾਰ, ਪੜਿਆਰ, ਥੌੜਾਣੇ, ਡਾਬੀ, ਗਹਿਲੋਤ। ਇਨ੍ਹਾਂ ਲੋਕਾਂ ਦੇ ਗਹਿਣਿਆਂ ਦੇ ਵੀ ਆਪਣੇ ਨਾਂ ਹਨ ਅਤੇ ਇਨ੍ਹਾਂ ਦੇ ਜੰਮਣ ਤੋਂ ਲੈ ਕੇ ਮਰਨ ਤਕ ਦੀਆਂ ਰਸਮਾਂ ਵੀ ਬੜੀਆਂ ਦਿਲਚਸਪ ਹਨ।

ਇਨ੍ਹਾਂ ਦੇ ਮਰਦਾਂ ਦੇ ਨਾਂ ਕਾਤੀਆ, ਧਾਰੂ, ਗੋਕਲ, ਰੰਗੀਆ, ਵਜ਼ੀਰ, ਸੰਤੂ, ਰਣੀਆ ਅਤੇ ਔਰਤਾਂ ਦੇ ਨਾਂ ਰੌਸ਼ਨੀ, ਫੁੱਲੋ, ਬਿੰਦੋ, ਕਾਜਲੀ, ਰੂਪੋ, ਅੱਕੀ, ਚਾਂਦਨੀ ਆਦਿ ਹੁੰਦੇ ਹਨ। ਗੱਡੀਆਂ ਵਾਲਿਆਂ ਦਾ ਮੁੱਖ ਵੱਡ ਵਡੇਰਾ ਰਾਮਦੇਵ ਹੈ ਜਿਸ ਦੀ ਸਮਾਧ ਅਰੁਣੇਚਾ ਬੀਕਾਨੇਰ ਕੋਲ ਹੈ। ਬਾਕੀ ਇਨ੍ਹਾਂ ਦੇ ਚਾਰ ਵਡੇਰਿਆਂ ਦੀਆਂ ਸਮਾਧਾਂ ਪੰਜਾਬ ਵਿੱਚ ਵੀ ਹਨ, ਜਿੰਨਾਂ ਵਿੱਚੋਂ ਇੱਕ ਦੁੱਗਰੀ ਵਿੱਚ ਹੈ ਜਿੱਥੇ ਇਹ ਆਪਣੇ ਨਵ ਵਿਆਹੇ ਮੁੰਡੇ ਕੁੜੀਆਂ ਦੇ ਮੱਥੇ ਟਿਕਾਉਂਦੇ ਹਨ ਅਤੇ ਆਪਣੇ ਵਡੇਰੇ ਦੀ ਹਾਜ਼ਰੀ ਭਰਦੇ ਹਨ? ਟੋਲੀਆਂ ਵਿੱਚ ਇਹ ਲੋਕ ਦੁੱਗਰੀ ਦੀ ਧਰਤੀ 'ਤੇ ਆਉਂਦੇ ਹਨ ਅਤੇ ਸੜਕਾਂ ਦੇ ਕਿਨਾਰੇ ਜਿੱਥੇ ਕਿਤੇ ਵੀ ਜਗ੍ਹਾ ਮਿਲਦੀ ਹੈ, ਆਪਣਾ ਬਸੇਰਾ ਕਰਦੇ ਹਨ? ਪੂਰੇ ਦਸ ਦਿਨ ਪੂਰਾ ਰੌਣਕ ਮੇਲਾ ਲੱਗਦਾ ਹੈ। ਹਾੜ੍ਹ ਦੀ ਸੰਗਰਾਂਦ ਨੂੰ ਮੱਥਾ ਟੇਕ ਇਹ ਮੇਲਾ ਅਗਲੇ ਸਾਲ ਮਿਲਣਾ ਦਾ ਵਾਅਦਾ ਕਰਕੇ ਵਿੱਛੜ ਜਾਂਦਾ ਹੈ? ਹੁਣ ਇਨ੍ਹਾਂ ਲੋਕਾਂ ਦੀ ਮੰਗ ਹੈ ਕਿ ਸਰਕਾਰ ਇਨ੍ਹਾਂ ਨੂੰ ਰਹਿਣ ਲਈ ਪੱਕੀ ਜਗ੍ਹਾ ਦੇਵੇ ਤਾਂ ਕਿ ਇਹ ਆਪਣੇ ਬੱਚਿਆਂ ਨੂੰ ਪੜ੍ਹਾ ਸਕਣ ਅਤੇ ਫਿਰ ਉਹ ਕੋਈ ਨੌਕਰੀ ਕਰ ਕੇ ਆਪਣਾ ਪੇਟ ਪਾਲ ਸਕਣ। ਇਨ੍ਹਾਂ ਨੂੰ ਇੱਕ ਸ਼ਿਕਾਇਤ ਹੈ ਕਿ ਇਹ ਜਿੱਥੇ ਮੇਲਾ ਲਾਉਂਦੇ ਹਨ, ਉੱਥੇ ਇਨ੍ਹਾਂ ਤੋਂ ਉਗਰਾਹੀ ਕੀਤੀ ਜਾਂਦੀ ਹੈ ਜੋ ਬੰਦ ਹੋਣੀ ਚਾਹੀਦੀ ਹੈ। ਸਿਰ ਝੁਕਦਾ ਹੈ ਇਨ੍ਹਾਂ ਸਿਰੜੀਆਂ ਅੱਗੇ ਜਿਹੜੇ ਅਜੋਕੇ ਤੇਜ਼ ਰਫ਼ਤਾਰ ਜ਼ਮਾਨੇ 'ਚ ਵੀ ਸਬਰ ਸੰਤੋਖ ਨਾਲ ਜੀਵਨ ਬਤੀਤ ਕਰਨ ਦੇ ਨਾਲ ਆਪਣੀ ਸਭਿਅਤਾ ਤੇ ਸਭਿਆਚਾਰ ਮੋਢਿਆਂ 'ਤੇ ਚੁੱਕੀ ਇੱਧਰ-ਉੱਧਰ ਤੁਰੇ ਫਿਰਦੇ ਹਨ।

# ਸੁਹਜਵਾਦੀ ਕਵਿਤਾਵਾਂ ਦਾ ਸੰਗ੍ਰਹਿ

ਕੀਮਤ: 150 ਰੁਪਏ
ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ।

ਸੁਰਿੰਦਰ ਗਿੱਲ ਦਾ 80 ਸਫ਼ਿਆਂ ਦਾ ਨਵਾਂ ਕਾਵਿ ਸੰਗ੍ਰਹਿ ਹੈ 'ਗੀਤ ਦਾ ਬੇਦਾਵਾ'। ਇਸ ਪੁਸਤਕ ਵਿੱਚ ਉਸ ਨੇ ਆਪਣੀਆਂ 65 ਕਵਿਤਾਵਾਂ, ਗੀਤ ਤੇ ਗ਼ਜ਼ਲਾਂ ਸ਼ਾਮਿਲ ਕੀਤੀਆਂ ਹਨ। ਉਹ ਲਿਖਦਾ ਹੈ:

ਗੀਤ ਬੇਦਾਵਾ ਕਿਉਂ ਦੇ ਗਿਆ?
ਮੈਂ ਚੱਲਿਆ ਹਾਂ,
ਤੁਹਾਡੇ ਦੰਭ, ਕੁਫਰ ਤੇ ਸਵਾਰਥੀ ਜੀਵਨ
ਤੋਂ ਬਹੁਤ ਦੂਰ ਚੱਲਿਆ ਹਾਂ।
ਰੋਹ ਵਿੱਚ ਆਇਆ ਗੀਤ ਕਿਸੇ ਲੰਮੇ
ਸਫ਼ਰ 'ਤੇ ਤੁਰ ਗਿਆ
ਕੰਨ ਪਾੜਵਾਂ, ਉੱਚਾ-ਲੁੱਚਾ, ਰੌਲਾ-ਰੱਪਾ
ਰਹਿ ਗਿਆ।

ਸਿਆਸੀ ਆਗੂਆਂ ਦੀ ਚਾਪਲੂਸੀ, ਸ਼ਰਾਬ, ਜੱਟ, ਬੰਦੂਕਾਂ, ਜੀਪਾਂ, ਖਰੂਦੀ ਮੁੰਡਿਆਂ ਦੇ ਅਸ਼ਲੀਲ ਗੀਤ ਹੁਣ, ਸਰੋਦੀ, ਸੱਭਿਆ ਤੇ ਸਮਾਜਵਾਦੀ ਗੀਤਾਂ ਉੱਤੇ ਭਾਰੂ ਹੋ ਗਏ ਹਨ, ਇਸੇ ਕਰਕੇ ਸਾਫ਼ ਸੁਥਰੇ ਗੀਤ ਨੇ ਬੇਦਾਵਾ ਦੇ ਦਿੱਤਾ ਹੈ। ਨਗਮੇ ਦਾ ਦੁਖਾਂਤ ਕਵਿਤਾ ਵਿੱਚ ਕਵੀ ਲਿਖਦਾ ਹੈ:

ਨਾ ਕਾਵਿ ਕਲਪਨਾ, ਨਾ ਸੁਰ, ਨਾ
ਕੋਈ ਤਾਲ
ਸੋਚੋ! ਕੀ ਬੀਤੀ ਹੋਵੇਗੀ
ਏਥੇ ਜਨਮੇ ਕਿਸੇ ਸੂਖ਼ਮ ਨਗਮੇ ਨਾਲ।

ਧਨੀਆਂ, ਵਿਹਲੜਾਂ, ਸਰਮਾਏਦਾਰਾਂ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਉਹ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦੇ ਹਨ, ਪਰ ਕਿਰਤੀ ਕਿਸਾਨ ਨੂੰ ਨੀਂਦ ਦੀਆਂ ਗੋਲੀਆਂ ਖਾਣ ਦੀ ਲੋੜ ਨਹੀਂ ਪੈਂਦੀ। ਸੁਰਿੰਦਰ ਗਿੱਲ ਦੀਆਂ 'ਰੰਗ ਭਰੀਏ' ਨਾਂ ਦੀਆਂ ਤਿੰਨ ਕਵਿਤਾਵਾਂ ਜ਼ਿੰਦਗੀ ਦੇ ਵੱਖ ਵੱਖ ਮਹਿਕਦੇ ਰੰਗ ਭਰਦੀਆਂ ਹਨ:

ਆਓ ਰੰਗਾਂ ਵਿਚ ਨਹਾਈਏ, ਰੰਗ ਵਿੱਚ
ਆਈਏ
ਆਓ ਹੁਣ ਰੰਗ ਭਰੀਏ।

ਸੁਰਿੰਦਰ ਗਿੱਲ ਨੇ ਇਸ ਸੰਗ੍ਰਹਿ ਵਿੱਚ ਆਸਟਰੇਲੀਆ ਦੇ ਮਾਹੌਲ ਬਾਰੇ ਵੀ ਕੁਝ ਕਵਿਤਾਵਾਂ ਸ਼ਾਮਿਲ ਕੀਤੀਆਂ ਹਨ ਜਿਵੇਂ ਬਦਕਿਸਮਤ, ਸ਼ਾਹਰਾਹ, ਵੰਗਾਰ, ਪਹਿਲਾ ਪਿਆਰ, ਬਿੱਛੂ ਬੂਟੀ, ਯੁਗਾਨੁਕੂਲ।

ਆਸਟਰੇਲੀਆ ਵਿੱਚ ਸਾਗਰ ਕਿਨਾਰੇ ਬੈਠਾ ਕਵੀ ਲਿਖਦਾ ਹੈ:

ਤੂੰ ਕਿਉਂ ਬੁਝਿਆ ਬੁਝਿਆ ਫਿਰਦੈਂ
ਚੇਤਨ ਹੋ ਕੇ ਰੰਗ ਵਿੱਚ ਆ
ਮਨ ਵਿੱਚ ਧੁਖ਼ਦੇ ਰੋਹ ਨੂੰ ਤੂੰ ਵੀ
ਭਰ ਲਾਇਰਾਂ ਦਾ ਰੂਪ ਬਣਾ
ਗਰਜ, ਖੌਲਦੇ ਸਾਗਰ ਵਾਂਗੂੰ
ਆਪਣੇ ਅਸਲੀ ਰੰਗ ਵਿੱਚ ਆ।

'ਗੀਤ ਦਾ ਬੇਦਾਵਾ' ਪੁਸਤਕ ਦੀ ਕਰਮਭੂਮੀ ਲੇਖਕ ਦੇ ਪਿੰਡ ਰੁਮੀ ਤੋਂ ਲੈ ਕੇ ਆਸਟਰੇਲੀਆ ਅਤੇ ਹੋਰ ਧਰਤੀਆਂ, ਸਾਗਰਾਂ, ਪਹਾੜਾਂ ਤਕ ਫੈਲੀ ਹੋਈ ਹੈ। ਸੁਰਿੰਦਰ ਗਿੱਲ ਦੀ ਇੱਕ ਗ਼ਜ਼ਲ ਦਾ ਸ਼ਿਅਰ ਹੈ:

ਅਮਲਾਂ ਵਾਲੇ ਅਨੁਭਵ ਸਾਗਰ ਡੁੱਬ ਕੇ
ਰਚਨਾ ਕਰਦੇ
ਊਟ ਪਟਾਂਗ ਨੂੰ ਕਲਾ ਕਹਿਣ ਪਰ ਕੁਝ ਸਿਰ ਫਿਰੇ ਝੱਲੇ।




ਗੀਤ ਦਾ ਬੇਦਾਵਾ ਕਾਵਿ ਸੰਗ੍ਰਹਿ ਵਿੱਚ ਮਿੰਨੀ, ਮਿੱਡੀ ਤੇ ਮੈਕਸੀ ਕਵਿਤਾਵਾਂ ਸ਼ਾਮਿਲ ਹਨ। ਕਈ ਕਵਿਤਾਵਾਂ ਤਾਂ ਸਿਰਫ਼ ਚਾਰ ਚਾਰ, ਪੰਜ ਪੰਜ ਸਤਰਾਂ ਦੀਆਂ ਹੀ ਹਨ। ਇਸ ਸੰਗ੍ਰਹਿ ਵਿੱਚ ਕੁਝ ਪਿਆਰ-ਬਿੰਬ ਦੀਆਂ ਕਵਿਤਾਵਾਂ ਹਨ। ਕੁਝ ਵਿਅੰਗਮਈ ਕਵਿਤਾਵਾਂ ਵੀ ਹਨ। ਇਸ ਸੰਗ੍ਰਹਿ ਦੇ ਪਾਠ ਉਪਰੰਤ ਸੁਰਿੰਦਰ ਗਿੱਲ ਦੀ ਕੋਈ ਵਿਸ਼ੇਸ਼ ਵਿਚਾਰਧਾਰਾ ਨਹੀਂ ਉਭਰਦੀ। ਮੁੱਖ ਤੌਰ ਉੱਤੇ ਇਹ ਸੁਹਜਵਾਦੀ ਕਵਿਤਾਵਾਂ ਹਨ।

– ਹਮਦਰਦਵੀਰ ਨੌਸ਼ਹਿਰਵੀ
ਸੰਪਰਕ: 94638-08697

# ਲੋਕ ਸਰੋਕਾਰਾਂ ਦੀ ਗ਼ਜ਼ਲ

ਲੇਖਕ: ਉਜਾਗਰ ਸਿੰਘ ਕੰਵਲ
ਕੀਮਤ: 150 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ।

ਉਜਾਗਰ ਸਿੰਘ ਕੰਵਲ ਜੀਵਨ ਦੇ ਸਰੋਕਾਰਾਂ ਨਾਲ ਜੁੜਿਆ ਸੁਹਿਰਦ ਗ਼ਜ਼ਲਕਾਰ ਹੈ ਜੋ ਅੱਜਕੱਲ੍ਹ ਕੈਨੇਡਾ ਪਰਵਾਸ ਕਰ ਗਿਆ ਹੈ। ਕੰਵਲ ਭਾਰਤ ਅਤੇ ਕੈਨੇਡਾ ਦਾ ਸਾਂਝਾ ਸ਼ਾਇਰ ਹੈ ਜਿਸ ਕਰਕੇ ਉਸ ਦੇ ਸ਼ਿਅਰਾਂ ਵਿੱਚ ਦੋਵਾਂ ਸਮਾਜਾਂ ਸੱਭਿਆਚਾਰਾਂ ਦਾ ਭਰਪੂਰ ਜਲੌਅ-ਪਰਤੌਅ ਹੈ। ਸ਼ਾਇਰੀ ਵਿੱਚ ਕੰਵਲ ਇੱਕ ਜਾਣਿਆ-ਪਛਾਣਿਆ ਹਸਤਾਖਰ ਹੈ।

ਉਹ ਲੰਮੇ ਸਮੇਂ ਤੋਂ ਸ਼ਾਇਰੀ ਕਰ ਰਿਹਾ ਹੈ, ਪਰ ਨਾ ਤਾਂ ਉਸ ਵਿੱਚ ਕਦੇ ਬੇਹਿਸੀ ਆਈ ਹੈ ਅਤੇ ਨਾ ਹੀ ਨਿਰਾਸ਼ਤਾ। ਇਸੇ ਲਈ ਉਸ ਦੇ ਸ਼ਿਅਰ ਸਦਾਬਹਾਰ ਅਤੇ ਸ਼ਗੁਫਤਾ ਹੁੰਦੇ ਹਨ। ਉਸ ਦੇ ਸ਼ਿਆਰਾਂ ਵਿੱਚ ਜੀਵਨ ਪ੍ਰਤੀ ਆਸਥਾ ਤੇ ਨਿਸ਼ਠਾ ਵੀ ਹੈ ਅਤੇ ਵਤਨ ਵਿਛੋੜੇ ਵਿੱਚੋਂ ਉਪਜੇ ਵਿਕਲੋਤਰ ਦਰਦ ਦਾ ਅਹਿਸਾਸ ਵੀ।

ਜ਼ਿੰਦਗੀ ਦੇ ਸਨਮੁੱਖ ਜਿੰਨੇ ਵੀ ਸੁੰਦਰ/ਅਸੁੰਦਰ, ਸੁਖਾਵੇਂ/ ਦੁਖਾਵੇਂ ਵਰਤਾਵੇ ਹਨ, ਉਹ ਉਸ ਦੇ ਸ਼ਿਆਰਾਂ ਵਿੱਚ ਵਿਦਮਾਨ ਹਨ। ਉਸ ਦੀ ਵਤਨ ਹੁਬ ਇਸ ਤਰ੍ਹਾਂ ਆਪਾ ਪ੍ਰਗਟਾਉਂਦੀ ਹੈ:

– ਸਾਹਾਂ 'ਚ ਮਹਿਕ ਜਾਉ ਕਿ ਅੱਜ
ਮਨ ਉਦਾਸ ਹੈ
ਦੋ ਪਲ ਲਈ ਹੀ ਆਉ ਕਿ ਅੱਜ ਮਨ
ਉਦਾਸ ਹੈ
– ਕਿਸੇ ਨੇ ਆਣਾ ਹੈ ਅਚਾਨਕ ਜਾਂ
ਭੁਲੇਖਾ ਹੈ
ਹਰੇਕ ਪਲ ਹੀ ਜਿਵੇਂ ਇੰਤਜ਼ਾਰ ਰਹਿੰਦਾ
ਹੈ।

ਉਜਾਗਰ ਸਿੰਘ ਕੰਵਲ ਦੇ ਸ਼ਿਆਰਾਂ ਵਿੱਚ ਸਤਿਅਮ, ਸ਼ਿਵਮ ਅਤੇ ਸੁੰਦਰਮ ਦੇ ਸਹਿਜ ਦਰਸ਼ਨ ਹੁੰਦੇ ਹਨ। ਉਹ ਪੁਰ ਅਹਿਸਾਸਮੰਦੀ ਅਤੇ ਹੋਸ਼ਮੰਦੀ ਦਾ ਸ਼ਾਇਰ ਹੈ। ਹਥਲੇ ਗ਼ਜ਼ਲ ਸੰਗ੍ਰਹਿ ਤੋਂ ਪਹਿਲਾਂ ਉਸ ਦੇ ਸ਼ਿਆਰਾਂ ਵਿੱਚ ਅਣਮਨੁੱਖੀ ਵਰਤਾਰਿਆਂ ਦੀ ਪੇਸ਼ਕਾਰੀ ਵਿੱਚ ਕੁਝ-ਕੁਝ ਖਿੱਝ ਅਤੇ ਸਖ਼ਤ ਸ਼ਬਦਾਵਲੀ ਦੀ ਵਰਤੋਂ ਵੇਖੀ ਜਾ ਸਕਦੀ ਸੀ, ਪਰ ਅਜੋਕੀ ਸਥਿਤੀ ਵਿੱਚ ਉਸ ਦੇ ਬੋਲ ਸਹਿਜ ਵਿੱਚ ਪ੍ਰਗਟ ਹੁੰਦੇ ਹਨ:

– ਤੂੰ ਦਿਲ 'ਚ ਆਪਣੇ ਤੂਫ਼ਾਨ ਰੱਖੀਂ,
ਜਾਂ ਮਨ 'ਚ ਆਪਣੇ ਭੂਚਾਲ ਰੱਖੀਂ
ਬੁਝ ਨਾ ਜਾਏ ਚਿਰਾਗ਼ ਕੋਈ
ਸਿਰਫ਼ ਇਤਨਾ ਖ਼ਿਆਲ ਰੱਖੀਂ।

ਉਹ ਪੂਰਨ ਆਸਮੁਖੀ ਹੈ:

ਰੁੱਤ ਜੇ ਬਦਲੀ ਹੈ ਤਾਂ ਮੌਸਮ ਵੀ
ਬਦਲ ਜਾਏਗਾ
ਸਮੇਂ ਦਾ ਕੀ ਹੈ ਕਿਸੇ ਤਰ੍ਹਾਂ ਵੀ ਨਿਕਲ
ਜਾਏਗਾ।

ਅਜੋਕੀ ਜੰਗਵਾਦੀ ਭਾਰੂ ਸਥਿਤੀ ਬਾਰੇ ਉਹ ਤ੍ਰਬਕਦਾ ਹੈ, ਪਰ ਸ਼ੁਕਰ ਕਰਦਾ ਹੈ ਕਿ ਇਹ ਸਥਿਤੀ ਅਜੇ ਤਕ ਮਨੁੱਖ ਉੱਤੇ ਹੀਰੋਸ਼ੀਮਾ ਜਾਂ ਨਾਗਾਸਾਕੀ ਬਣ ਕੇ ਤਾਰੀ ਨਹੀਂ ਹੋਈ:

ਮੌਸਮ ਦੀ ਘੁਟਣ ਜਿਹੀ ਨੇ ਸਭ ਨੂੰ
ਡਰਾ ਲਿਆ
ਰਾਹੀਆਂ ਨੇ ਬਿਰਖਾਂ ਹੇਠ ਆਸਰਾ
ਲਿਆ।

ਕੰਵਲ ਗ਼ਜ਼ਲ ਦੀ ਵਿਆਕਰਨ ਅਤੇ ਵਿਸ਼ੇ ਦੀ ਡੂੰਘਾਈ ਤੋਂ ਵਾਕਫ਼ ਸ਼ਾਇਰ ਹੈ। ਉਸ ਦੇ ਸ਼ਿਅਰ ਰੂਪਕਾਰ ਵਿੱਚ ਸੰਪੂਰਨ ਹੁੰਦੇ ਹਨ।

# 'ਗੁਲਬਾਨੋ' ਅਜੀਤ ਕੌਰ



ਅਜੀਤ ਕੌਰ ਪੰਜਾਬੀ ਦੀਆਂ ਉਨ੍ਹਾਂ ਲੇਖਕਾਵਾਂ ਵਿਚੋਂ ਹੈ ਜਿਨ੍ਹਾਂ ਦਾ ਨਾਂ ਬਹੁਤ ਹੀ ਸਨਮਾਨ ਨਾਲ ਲਿਆ ਜਾਂਦਾ ਹੈ। ਅਜੀਤ ਕੌਰ ਦੀਆਂ ਲਿਖਤਾਂ ਸਬੰਧੀ ਇਕ ਸਤਰ ਵਿੱਚ ਕਿਹਾ ਜਾ ਸਕਦਾ ਹੈ ਕਿ ਉਹ ਆਪਣੀ ਪਛਾਣ ਗੁਆਉਂਦੇ ਜਾ ਰਹੇ ਉਨ੍ਹਾਂ ਤਬਕਿਆਂ ਦੇ ਜੀਵਨ-ਸੰਘਰਸ਼ ਨੂੰ ਸਾਹਮਣੇ ਲਿਆਉਂਦੀ ਹੈ, ਜਿਨ੍ਹਾਂ ਦੀ ਕਿਸਮਤ ਵਿੱਚ ਹਾਰ ਲਿਖ ਦਿੱਤੀ ਗਈ ਹੈ। ਪੰਜਾਬੀ ਦੇ ਹੋਰ ਲੇਖਕਾਂ ਵਾਂਗ ਅਜੀਤ ਕੌਰ ਉੱਤੇ ਵੀ ਭਾਰਤ-ਵੰਡ ਦਾ ਡੂੰਘਾ ਅਸਰ ਹੋਇਆ। ਦੇਸ਼ ਵੰਡ ਨੇ ਉਨ੍ਹਾਂ ਦੇ ਦਿਲ ਵਿਚ ਅਜਿਹਾ ਜ਼ਖ਼ਮ ਪੈਦਾ ਕਰ ਦਿੱਤਾ ਜਿਹੜਾ ਕਦੀ ਭਰਿਆ ਨਹੀਂ ਜਾ ਸਕਦਾ। ਦੁਨੀਆਂ ਦੀ ਇਸ ਸਭ ਤੋਂ ਵੱਡੀ ਤ੍ਰਾਸਦੀ ਦਾ ਦਰਦ ਉਨ੍ਹਾਂ ਦੀਆਂ ਲਿਖਤਾਂ ਵਿੱਚ ਪ੍ਰਮੁੱਖ ਰੂਪ ਵਿਚ ਪ੍ਰਗਟ ਹੋਇਆ ਹੈ, ਜੋ ਅੱਜ ਵੀ ਜ਼ਰੂਰ ਉਨ੍ਹਾਂ ਦੇ ਮਨ ਨੂੰ ਕੁਰੇਦਦੀ ਰਹਿੰਦੀ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਦੱਖਣ ਏਸ਼ਿਆਈ ਦੇਸ਼ਾਂ ਦੇ ਲੇਖਕਾਂ, ਵਿਚਾਰਵਾਨਾਂ, ਕਰਮੀਆਂ ਦੀ ਏਕਤਾ ਨੂੰ ਲੈ ਕੇ ਕੰਮ ਕੀਤਾ ਅਤੇ ਅੱਠ ਦੇਸ਼ਾਂ ਦੇ ਲੇਖਕਾਂ ਦੀ ਇੱਕ ਜਥੇਬੰਦੀ ਬਣਾਈ, ਜਿਸ ਦੀ ਸਮੇਂ ਸਮੇਂ 'ਤੇ ਇਕੱਤਰਤਾ ਹੁੰਦੀ ਰਹਿੰਦੀ ਹੈ। ਸਾਰਕ ਦੇਸ਼ਾਂ ਦੇ ਲੇਖਕਾਂ ਦੇ ਇਸ ਸੰਗਠਨ ਨੇ ਆਪਸੀ ਵਿਚਾਰ-ਵਟਾਂਦਰੇ ਅਤੇ ਮਿਲ-ਬੈਠਣ ਦੇ ਕਾਰਜ ਨੂੰ ਅੱਗੇ ਵਧਾਇਆ ਹੈ। ਇਸ ਸੰਗਠਨ ਰਾਹੀਂ ਦੱਖਣ ਏਸ਼ਿਆਈ ਦੇਸ਼ਾਂ ਦੇ ਲੇਖਕ-ਕਲਾਕਾਰ ਆਪਸ ਵਿਚ ਮਿਲਦੇ ਹਨ ਅਤੇ ਵਿਚਾਰ ਸਾਂਝੇ ਕਰਦੇ ਹਨ। ਇਹ ਇੱਕ ਬੜੀ ਵੱਡੀ ਗੱਲ ਹੈ ਜਿਹਨੂੰ ਅਜੀਤ ਕੌਰ ਨੇ ਆਪਣੀ ਪਹਿਲ ਨਾਲ ਸੰਭਵ ਕੀਤਾ ਹੈ। ਅਜੀਤ ਕੌਰ ਨੂੰ ਫੈਮਿਨਿਸਟ ਕਿਹਾ ਜਾਂਦਾ ਹੈ ਪਰ ਉਹ ਪ੍ਰੰਪਰਾਗਤ ਅਰਥਾਂ ਵਿਚ ਫੈਮਿਨਿਸਟ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਫੈਮਿਨਿਸਟ ਤਾਂ ਹੈ, ਪਰ ਗੱਲ ਗੱਲ 'ਤੇ ਅੰਦੋਲਨ ਕਰਨ ਵਾਲੀ ਫੈਮਿਨਿਸਟ ਨਹੀਂ ਹੈ। ਔਰਤ ਦੇ ਦੁੱਖ-ਦਰਦ ਨੂੰ ਸਾਹਮਣੇ ਲਿਆਉਣਾ ਅਤੇ ਉਸ ਦੇ ਜੀਵਨ ਨੂੰ ਘੋਖਣਾ ਜੇ ਫੈਮਿਨਿਜ਼ਮ ਹੈ ਤਾਂ ਉਹ ਫੈਮਿਨਿਸਟ ਹੈ। ਪਰ ਭੁੱਲਣਾ ਨਹੀਂ ਚਾਹੀਦਾ ਕਿ ਉਨ੍ਹਾਂ ਦੀਆਂ ਕਹਾਣੀਆਂ-ਨਾਵਲਾਂ ਵਿਚ ਜੋ ਔਰਤ ਪਾਤਰ ਆਉਂਦੀਆਂ ਹਨ ਉਹ ਨਿਮਨ ਮੱਧ-ਵਰਗ ਤੇ ਨਿਮਨ-ਵਰਗ ਦੀਆਂ ਹਨ। ਔਰਤ ਦੀ ਆਜ਼ਾਦੀ ਉਨ੍ਹਾਂ ਲਈ ਅਨਿਆਂ ਅਤੇ ਸੋਸ਼ਣ ਤੋਂ ਮੁਕਤ ਸਮਾਜ ਵਿਚ ਹੀ ਸੰਭਵ ਹੈ। 1934 'ਚ ਲਾਹੌਰ ਵਿਚ ਜਨਮੀ ਅਜੀਤ ਕੌਰ ਨੇ ਪੜ੍ਹਾਈ ਦੌਰਾਨ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ। ਉਸ ਦੀ ਪਹਿਲੀ ਕਹਾਣੀ ਇੰਟਰ ਕਾਲਜ ਦੇ ਰਸਾਲੇ ਵਿਚ ਪ੍ਰਕਾਸ਼ਤ ਹੋਈ ਅਤੇ ਸਨਮਾਨੀ ਗਈ ਸੀ। ਅਜੀਤ ਕੌਰ ਦਾ ਜੀਵਨ ਸੰਘਰਸ਼ ਨਾਲ ਭਰਿਆ ਰਿਹਾ। ਉਨ੍ਹਾਂ ਦੀਆਂ ਲਿਖਤਾਂ ਵਿਚ ਵੀ ਸੰਘਰਸ਼ ਦੀ ਕਹਾਣੀ ਸਾਹਮਣੇ ਆਈ ਹੈ। ਅਜੀਤ ਕੌਰ ਦੀਆਂ ਲਿਖਤਾਂ ਨੂੰ ਸਮੁੱਚੇ ਤੌਰ 'ਤੇ ਪਛਾਣ ਮਿਲੀ। ਦੇਸ਼ ਹੀ ਨਹੀਂ, ਵਿਦੇਸ਼ਾਂ ਵਿਚ ਵੀ ਉਨ੍ਹਾਂ ਦੀਆਂ ਲਿਖਤਾਂ ਲੋਕਾਂ ਵੱਲੋਂ ਸਵੀਕਾਰੀਆਂ ਗਈਆਂ। ਉਨ੍ਹਾਂ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ – ਕਸਾਈਬਾੜਾ, ਗੁਲਬਾਨੋ, ਬੁਤਸ਼ਿਕਨ, ਮੌਤ ਅਲੀ ਬਾਬੇ ਦੀ, ਨਾ ਮਾਰੋ, ਨਵੰਬਰ 84, ਕਾਲੇ ਖੂਹ, ਦਾਸਤਾਨ ਇੱਕ ਜੰਗਲੀ ਰਾਜ ਦੀ। ਨਾਵਲਾਂ ਵਿਚ ਧੁੱਪ ਵਾਲਾ ਸ਼ਹਿਰ ਅਤੇ ਪੋਸਟਮਾਰਟਮ ਪ੍ਰਮੁੱਖ ਹਨ। ਸਵੈ-ਜੀਵਨੀ ਉਨ੍ਹਾਂ ਨੇ ਦੋ ਭਾਗਾਂ ਵਿਚ ਲਿਖੀ- ਖਾਨਾਬਦੋਸ਼ ਤੇ ਕੂੜਾ - ਕਬਾੜਾ। ਕੱਚੇ ਰੰਗਾਂ ਦਾ ਸ਼ਹਿਰ ਲੰਦਨ, ਨਾਂ ਦਾ ਉਨ੍ਹਾਂ ਨੇ ਸਫਰਨਾਮਾ ਵੀ ਲਿਖਿਆ ਹੈ। 'ਤਕੀਏ ਦਾ ਪੀਰ' ਨਾਂ ਦੇ ਲੇਖਾਂ ਦੀ ਵੀ ਇਕ ਕਿਤਾਬ ਮਿਲਦੀ ਹੈ। ਸਵੈ-ਜੀਵਨੀ ਖਾਨਾਬਦੋਸ਼ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਹੈ। ਕਈ ਕਹਾਣੀਆਂ ਉਪਰ ਟੈਲੀਵਿਜ਼ਨ ਸੀਰੀਅਲ ਵੀ ਬਣੇ। ਅਜੀਤ ਕੌਰ ਨੇ ਹੋਸ਼ ਸੰਭਾਲਦਿਆਂ ਹੀ ਦੇਸ਼ ਦੀ ਵੰਡ ਨੂੰ ਦੇਖਿਆ। ਭਿਆਨਕ ਵੱਢ-ਟੁੱਕ ਅਤੇ ਖੂਨ-ਖਰਾਬਾ। ਵੱਡੇ ਪੱਧਰ 'ਤੇ ਉਜਾੜਾ। ਇਸ ਤ੍ਰਾਸਦੀ ਦਾ ਉਨ੍ਹਾਂ ਦੇ ਮਨ ਉਪਰ ਡੂੰਘਾ ਅਸਰ ਪਿਆ। ਇਸ ਤੋਂ ਬਾਅਦ 1984 ਵਿਚ ਸਿੱਖਾਂ ਦਾ ਜੋ ਕਤਲੇਆਮ ਹੋਇਆ, ਉਸ ਨੇ ਉਨ੍ਹਾਂ ਦੀ ਆਤਮਾ ਨੂੰ ਝੰਜੋੜਿਆ, ਜ਼ਖ਼ਮੀ ਕੀਤਾ। ਉਨ੍ਹਾਂ ਨੇ ਲਿਖਿਆ, ਉਹ ਔਰਤ ਜਿਸ ਨੇ ਇਸ ਦੇਸ਼ ਉਪਰ ਐਨੇ ਵਰ੍ਹੇ ਰਾਜ ਕੀਤਾ, ਜਿਸ ਨੇ ਅੰਮ੍ਰਿਤਸਰ 'ਚ ਹਰਿਮੰਦਰ ਸਾਹਿਬ ਉਪਰ ਅਹਿਮਦਸ਼ਾਹ ਅਬਦਾਲੀ ਵਾਂਗ ਹਮਲਾ ਕੀਤਾ ਅਤੇ ਇਸ ਦੇਸ਼ ਨੂੰ ਆਪਣੀ ਨਿੱਜੀ ਸੰਪਤੀ ਸਮਝਿਆ। 1984 ਵਿਚ ਸਿੱਖਾਂ ਦੇ ਕਤਲੇਆਮ ਨੂੰ ਉਹ ਚੰਗੇਜ਼ ਖਾਨ, ਅਬਦਾਲੀ ਅਤੇ ਨਾਦਰ ਸ਼ਾਹ ਦੇ ਕਰੂਰ ਕਾਰਿਆਂ ਦੇ ਬਰਾਬਰ ਮੰਨਦੀ ਰਹੀ ਹੈ। ਗੁਜਰਾਤ ਵਿਚ 2002 ਵਿਚ ਹੋਏ ਦੰਗਿਆਂ ਦੀ ਵੀ ਉਨ੍ਹਾਂ ਨੇ ਖੁੱਲ੍ਹ ਕੇ ਨਿੰਦਾ ਕੀਤੀ ਅਤੇ ਉਹਨੂੰ ਮਾਨਵਤਾ ਉਪਰ ਇਕ ਬੜਾ ਵੱਡਾ ਧੱਬਾ ਕਿਹਾ। ਅੱਜ 82 ਸਾਲ ਦੀ ਉਮਰ ਵਿਚ ਵੀ ਉਹ ਸਰਗਰਮ ਹੈ। ਪਿਛਲੇ ਦਿਨੀਂ ਉਨ੍ਹਾਂ ਦੀ ਕਿਤਾਬ 'ਲੈਫਟਓਵਰਜ਼' ਆਈ ਸੀ ਅਤੇ ਹੁਣ ਆ ਰਹੀ ਹੈ 'ਇਥੇ ਕਿਤੇ ਹੁੰਦੀ ਸੀ ਜ਼ਿੰਦਗੀ' (ਯਹੀਂ ਕਹੀਂ ਹੋਤੀ ਥੀ ਜ਼ਿੰਦਗੀ)।

# ਆਓ, ਚੰਗੇ ਗੁਆਂਢੀ ਬਣੀਏ



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿੱਥੇ ਸਾਡਾ ਰੋਜ਼ਾਨਾ ਵਾਹ ਪੈਂਦਾ ਹੈ, ਉਹ ਥਾਂ ਜਾਂ ਚੀਜ਼ ਸਾਡੇ ਲਈ ਹੋਰਾਂ ਨਾਲੋਂ ਵੱਧ ਮਹੱਤਵ ਰੱਖਦੀ ਹੈ। ਰਿਸ਼ਤੇਦਾਰ ਤਾਂ ਸਾਨੂੰ ਕਦੇ-ਕਦਾਈਂ ਮਿਲਦੇ ਹਨ ਅਤੇ ਨਜ਼ਦੀਕੀ ਮਿੱਤਰ ਵੀ ਸਾਨੂੰ ਰੋਜ਼ਾਨਾ ਨਹੀਂ ਮਿਲਦੇ, ਪਰ ਗੁਆਂਢੀਆਂ ਨਾਲ ਸਾਡਾ ਮੇਲ-ਜੋਲ ਰੋਜ਼ ਦਾ ਹੁੰਦਾ ਹੈ। ਸਾਡੇ ਸੱਜੇ-ਖੱਬੇ ਰਹਿੰਦੇ ਗੁਆਂਢੀ ਸਾਡੀ ਸੱਜੀ-ਖੱਬੀ ਬਾਂਹ ਹੁੰਦੇ ਹਨ। ਇਹੀ ਸਾਡੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਵਾਲੇ ਸਾਡੇ ਅਸਲੀ ਮਿੱਤਰ ਹੁੰਦੇ ਹਨ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ 'ਕੁੜਮ ਕੁਪੱਤਾ ਹੋਵੇ ਤਾਂ ਹੋਵੇ, ਪਰ ਗੁਆਂਢ ਕੁਪੱਤਾ ਨਾ ਹੋਵੇ'। ਜੇ ਅਸੀਂ ਕੁਝ ਕੁ ਗੱਲਾਂ ਨੂੰ ਧਿਆਨ ਨਾਲ ਮੰਨ ਕੇ ਅਤੇ ਸਮਝ ਕੇ ਚੱਲੀਏ ਤਾਂ ਸਾਡੇ ਗੁਆਂਢੀਆਂ ਨਾਲ ਸਬੰਧ ਵਧੀਆ ਅਤੇ ਨਿੱਘੇ ਰਹਿ ਸਕਦੇ ਹਨ ਜਾਂ ਰੱਖੇ ਜਾ ਸਕਦੇ ਹਨ, ਲੋੜ ਸਿਰਫ਼ ਦਿਆਨਤਦਾਰੀ, ਅਪਣੱਤ ਅਤੇ ਆਪਸੀ ਵਿਸ਼ਵਾਸ ਦੀ ਹੁੰਦੀ ਹੈ। ਕਦੇ-ਕਦਾਈਂ ਮੌਕੇ ਮੁਤਾਬਕ ਆਪਣੇ ਗੁਆਂਢੀ ਨਾਲ ਪਰਿਵਾਰਕ ਜਾਂ ਕੰਮ-ਕਾਰ ਸਬੰਧੀ ਗੱਲਬਾਤ ਕਰੋ ਤੇ ਹਾਲ-ਚਾਲ ਪੁੱਛੋ। ਪਰ ਧਿਆਨ ਰਹੇ ਕਿ ਬਹੁਤ ਜ਼ਿਆਦਾ ਮਿਲਣ ਜਾਂ ਗੁਆਂਢੀ ਦੇ ਕੰਮ-ਕਾਰ ਵਿੱਚ ਜ਼ਿਆਦਾ ਦਖ਼ਲਅੰਦਾਜ਼ੀ ਕਰਨ ਜਾਂ ਦਿਲਚਸਪੀ ਲੈਣ 'ਤੇ ਜਾਂ ਫਿਰ ਬਿਨ ਮੰਗਿਆਂ ਸਲਾਹ ਆਦਿ ਦਿੰਦੇ ਰਹਿਣ ਨਾਲ ਸਬੰਧ ਸੁਖਾਵੇਂ ਨਹੀਂ ਰਹਿੰਦੇ। ਜੇ ਵੇਲੇ-ਕੁਵੇਲੇ ਕਿਸੇ ਕੰਮ-ਕਾਰ ਦੀ ਵਜ੍ਹਾ ਕਾਰਨ ਗੁਆਂਢੀ ਆਪਣੇ ਘਰ ਨਹੀਂ ਹੁੰਦੇ ਹਨ ਤਾਂ ਉਨ੍ਹਾਂ ਦੇ ਘਰ ਦਾ ਖ਼ਿਆਲ ਰੱਖਣਾ ਤੁਹਾਡਾ ਫ਼ਰਜ਼ ਬਣ ਜਾਂਦਾ ਹੈ। ਜੇ ਉਨ੍ਹਾਂ ਦਾ ਕੋਈ ਮਹਿਮਾਨ ਆ ਜਾਵੇ ਤਾਂ ਉਸ ਨੂੰ ਇੱਕ-ਦੋ ਮਿੰਟ ਜ਼ਰੂਰ ਮਿਲੋ ਅਤੇ ਉਸ ਤੋਂ ਜਿੰਨੀ ਕੁ ਸੰਭਵ ਹੋਵੇ ਜਾਣਕਾਰੀ ਲੈ ਕੇ ਆਪਣੇ ਗੁਆਂਢੀ ਦੇ ਆਉਣ 'ਤੇ ਤੁਰੰਤ ਸਾਂਝੀ ਕਰੋ। ਹੋ ਸਕਦਾ ਹੈ ਉਸ ਦਾ ਕੋਈ ਜ਼ਰੂਰੀ ਸੁਨੇਹਾ ਜਾਂ ਕੰਮ-ਕਾਰ ਹੋਵੇ। ਇਸੇ ਤਰ੍ਹਾਂ ਕਿਸੇ ਬਿਮਾਰੀ ਜਾਂ ਹੋਰ ਬਿਪਤਾ ਸਮੇਂ ਆਪਣੇ ਗੁਆਂਢੀ ਦੀ ਜਿੰਨੀ ਅਤੇ ਜਿਸ ਤਰ੍ਹਾਂ ਦੀ ਵੀ ਹੋ ਸਕੇ ਮਦਦ ਜ਼ਰੂਰ ਕਰੋ, ਨਾ ਕਿ ਅਣਜਾਣ ਜਿਹੇ ਬਣ ਕੇ ਪਾਸਾ ਵੱਟ ਕੇ ਕੰਨੀਂ ਕਤਰਾ ਜਾਓ ਜਾਂ ਆਪਣਾ ਦਰਵਾਜ਼ਾ ਬੰਦ ਕਰਕੇ ਅੰਦਰੋਂ ਕੁੰਡੀ ਹੀ ਲਾ ਲਓ। ਸਾਂਝੀ ਕੰਧ, ਨਾਲੀ ਜਾਂ ਰਸਤੇ ਸਬੰਧੀ ਗੁਆਂਢੀ ਨਾਲ ਜੇ ਕੋਈ ਮੁਸ਼ਕਿਲ ਖੜ੍ਹੀ ਹੁੰਦੀ ਹੋਵੇ ਤਾਂ ਮਿਲ ਬੈਠ ਕੇ ਇੱਕ-ਦੂਜੇ ਨਾਲ ਸਲਾਹ-ਮਸ਼ਵਰਾ ਕਰਕੇ ਉਸ ਨੂੰ ਹੱਲ ਕਰ ਲੈਣਾ ਚਾਹੀਦਾ ਹੈ। ਐਵੇਂ ਲੜਾਈ-ਝਗੜਾ ਨਹੀਂ ਸ਼ੁਰੂ ਕਰ ਦੇਣਾ ਚਾਹੀਦਾ। ਜੇ ਥੋੜ੍ਹਾ ਜਿਹਾ ਹਰਜਾਨਾ ਵੀ ਝੱਲਣਾ ਪਵੇ ਤਾਂ ਕੋਈ ਬਹੁਤੀ ਵੱਡੀ ਗੱਲ ਨਹੀਂ ਹੁੰਦੀ। ਗੁਆਂਢੀਆਂ ਦੇ ਬੱਚਿਆਂ ਨਾਲ ਪਿਆਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਵੱਡੇ ਹੋ ਕੇ ਉਹ ਤੁਹਾਡੀ ਇੱਜ਼ਤ ਕਰਨਗੇ। ਕਦੇ ਵੀ ਗੁਆਂਢੀ ਸਬੰਧੀ ਜਾਤ-ਪਾਤ, ਊਚ-ਨੀਚ, ਗ਼ਰੀਬੀ-ਅਮੀਰੀ ਆਦਿ ਪੱਖੋਂ ਆਪਣੇ ਮਨ ਵਿੱਚ ਗ਼ਲਤ ਖ਼ਿਆਲ ਜਾਂ ਧਾਰਨਾ ਨਾ ਬਣਾਓ ਕਿਉਂਕਿ ਅਜਿਹਾ ਕਰਨ ਨਾਲ ਆਪਸੀ ਵਿੱਥ ਵਧਣੀ ਸ਼ੁਰੂ ਹੋ ਜਾਂਦੀ ਹੈ ਅਤੇ ਨੇੜਤਾ ਘਟਣੀ ਸ਼ੁਰੂ ਹੋ ਜਾਂਦੀ ਹੈ। ਇਹ ਅੱਗੇ ਜਾ ਕੇ ਕਿਸੇ ਵੀ ਸਮੇਂ, ਕਿਸੇ ਵੀ ਰੂਪ ਵਿੱਚ ਤੁਹਾਨੂੰ ਪ੍ਰਭਾਵਿਤ ਕਰ ਸਕਦੀ ਹੈ ਕਿਉਂਕਿ ਇਹ ਸਬੰਧ ਉਮਰਾਂ ਦੇ ਹੁੰਦੇ ਹਨ ਕੋਈ ਪੰਜ-ਚਾਰ ਦਿਨਾਂ ਜਾਂ ਮਹੀਨਿਆਂ ਦੇ ਨਹੀਂ। ਕਦੇ ਵੀ ਕੀਤੇ ਹੋਏ ਕੰਮ ਦਾ ਅਹਿਸਾਨ ਨਾ ਜਤਾਓ, ਆਪਣੇ-ਆਪ ਹੀ ਤੁਹਾਡਾ ਗੁਆਂਢੀ ਇਸ ਨੂੰ ਮਹਿਸੂਸ ਕਰੇਗਾ। ਕਦੇ ਵੀ ਆਪਣੇ ਅਮੀਰ ਗੁਆਂਢੀ ਦੀ ਮੁਕਾਬਲੇਬਾਜ਼ੀ ਵਿੱਚ ਪੈ ਕੇ ਰੀਸ ਨਾ ਕਰੋ ਕਿਉਂਕਿ ਅਸਲੀ ਸੁੱਖ ਅਤੇ ਆਨੰਦ ਤਾਂ ਚਾਦਰ ਦੇਖ ਕੇ ਪੈਰ ਪਸਾਰਣ ਵਿੱਚ ਹੀ ਮਿਲਦਾ ਹੈ। ਇਸ ਲਈ ਆਪਣੇ ਗੁਆਂਢੀ ਦੀ ਨਹੀਂ ਬਲਕਿ ਆਪਣੀ ਸਮਰੱਥਾ ਦੇ ਹਿਸਾਬ ਨਾਲ ਹੀ ਆਪਣੇ ਜੀਵਨ-ਢੰਗ ਨੂੰ ਢਾਲਣਾ ਚਾਹੀਦਾ ਹੈ ਅਤੇ ਆਪਣੀ ਆਮਦਨੀ ਤੋਂ ਆਪਣੇ ਖ਼ਰਚੇ ਦਾ ਕੱਦ ਕਦੇ ਵੀ ਵੱਡਾ ਨਹੀਂ ਹੋਣ ਦੇਣਾ ਚਾਹੀਦਾ। ਇਨ੍ਹਾਂ ਗੱਲਾਂ ਨੂੰ ਜੇ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਅਪਣਾ ਲਈਏ ਤਾਂ ਅਸੀਂ ਚੰਗੇ ਗੁਆਂਢੀ ਬਣ ਤੇ ਅਖਵਾ ਸਕਦੇ ਹਾਂ ਕਿਉਂਕਿ ਅੱਜ ਦੇ ਜ਼ਮਾਨੇ ਵਿੱਚ ਆਪਣੀ ਹੀ 'ਢਾਈ ਕੁ ਪਾ ਖਿਚੜੀ ਪਕਾਉਂਦੇ ਰਹਿਣ ਨਾਲ' ਸਾਨੂੰ ਨੁਕਸਾਨ ਹੋ ਸਕਦਾ ਹੈ।

# ਮੀਂਹ ਬਾਰੇ ਅੰਧ-ਵਿਸ਼ਵਾਸ



ਰੱਬਾ ਮੀਂਹ ਬਰਸਾ, ਸਾਡੀ ਕੋਠੀ ਦਾਣੇ ਪਾ।
ਜੇ ਗੁੜੀਆ ਤੂੰ ਮਰਨਾ ਸੀ, ਦਲੀਆ
ਕਾਹਨੂੰ ਧਰਨਾ ਸੀ।

ਉਪਰੋਕਤ ਗੀਤ ਪਿੰਡਾਂ ਦੀਆਂ ਕੁੜੀਆਂ ਔੜ ਲੱਗੀ ਤੋਂ ਮੀਂਹ ਪਵਾਉਣ ਲਈ ਨਿਆਂਈਆਂ ਵਿੱਚ ਗੁੱਡੀ ਫੂਕਣ ਜਾਂਦੇ ਸਮੇਂ ਗਾਉਂਦੀਆਂ ਹੁੰਦੀਆਂ ਸਨ। ਗੁੱਡੀ ਫੂਕਣ ਤੋਂ ਬਾਅਦ ਉਹ ਮਿੱਠੀਆਂ ਰੋਟੀਆਂ ਵੀ ਵੰਡਦੀਆਂ ਸਨ। ਗੁੱਡੀ ਦਾ ਸਿਆਪਾ ਉਹ ਸੱਚਮੁੱਚ ਇਉਂ ਕਰਦੀਆਂ ਜਿਵੇਂ ਬਜ਼ੁਰਗ ਔਰਤਾਂ ਕੁੜਮਣੀ ਜਾਂ ਕੁੜਮ ਮਰੇ ਤੋਂ ਕਰਦੀਆਂ ਹਨ। ਜੇ ਕਿਤੇ ਅਚਨਚੇਤ ਮੀਂਹ ਪੈ ਜਾਂਦਾ ਤਾਂ ਉਨ੍ਹਾਂ ਦੇ ਮਨਾਂ ਇਹ ਧਰਵਾਸਾ ਜਿਹਾ ਹੋ ਜਾਣਾ ਕਿ ਗੁੱਡੀ ਫੂਕਣ ਕਾਰਨ ਮੀਂਹ ਪਿਆ ਹੈ। ਸ਼ਾਇਦ ਗੁੱਡੀ ਫੂਕਣ ਦੀ ਪ੍ਰਥਾ ਅਜੇ ਵੀ ਪਿੰਡਾਂ ਵਿੱਚ ਚਲਦੀ ਹੋਵੇ। ਇਸੇ ਤਰ੍ਹਾਂ ਨਿੱਕੇ ਹੁੰਦੇ ਸੁਣਦੇ ਸਾਂ ਕਿ ਅੱਜ ਫਲਾਣੇ ਸੰਤ ਨੇ ਜੱਗ ਕਰਕੇ ਗੜੇ ਬੰਨ੍ਹਣੇ ਹਨ। ਇਸ ਧਾਰਨਾ ਦਾ ਭਾਵ ਇਹ ਸੀ ਕਿ ਜਿਸ ਪਿੰਡ ਵਿੱਚ ਗੜੇ ਬੰਨ੍ਹੇ ਜਾਂਦੇ, ਉਸ ਦੀ ਜੂਹ ਵਿੱਚ ਮੀਂਹ ਭਾਵੇਂ ਕਿੰਨਾ ਮਰਜ਼ੀ ਪੈ ਜਾਵੇ, ਪਰ ਗੜੇ ਨਹੀਂ ਪੈਣਗੇ ਕਿਉਂਕਿ ਇਨ੍ਹਾਂ ਨਾਲ ਫ਼ਸਲਾਂ ਦੀ ਬਹੁਤ ਬਰਬਾਦੀ ਹੁੰਦੀ ਹੈ। ਇਸ ਵਾਸਤੇ ਮਿੱਠੇ ਚੌਲਾਂ ਦੇ ਕੜਾਹੇ ਕੱਢ ਕੇ ਸੰਗਤ ਨੂੰ ਛਕਾਏ ਜਾਂਦੇ। ਗੜੇ ਬੰਨ੍ਹਣ ਵਾਲੇ ਸੰਤ ਦੀ ਬੜੀ ਮਹਿਮਾ ਹੁੰਦੀ ਸੀ। ਇਹ ਮੀਂਹ ਪਵਾਉਣ ਸਬੰਧੀ ਪੰਜਾਬ ਵਿੱਚ ਪ੍ਰਚੱਲਿਤ ਅੰਧ-ਵਿਸ਼ਵਾਸਾਂ ਦੀਆਂ ਮਿਸਾਲਾਂ ਹਨ। ਯੂਪੀ ਦੇ ਬੁੰਦੇਲਖੰਡ ਦੇ ਇਲਾਕੇ ਦੀਆਂ ਮੀਂਹ ਪਵਾਉਣ ਸਬੰਧੀ ਪ੍ਰੰਪਰਾਵਾਂ ਵੇਖੀਏ ਤਾਂ ਉੱਥੋਂ ਦੇ ਅੰਧ-ਵਿਸ਼ਵਾਸਾਂ ਬਾਰੇ ਸੁਣ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਇਹ ਦ੍ਰਿਸ਼ ਦੇਖ ਕੇ ਇੱਕ ਵਾਰ ਤਾਂ ਰੂਹ ਕੰਬ ਉਠਦੀ ਹੈ ਕਿਉਂਕਿ ਉੱਥੋਂ ਦੇ ਲੋਕਾਂ ਵੱਲੋਂ ਆਪਣੇ ਮੂੰਹ ਵਿੱਚੋਂ ਦੀ ਨੁਕੀਲੇ ਸਰੀਏ ਲੰਘਾ ਕੇ ਦੇਵੀ ਮਾਤਾ ਨੂੰ ਖ਼ੁਸ਼ ਕਰਨ ਦੀ ਰਵਾਇਤ ਸਾਲਾਨਾ ਨਵਰਾਤਰੀ ਦੀ ਨੌਵੀਂ ਉੱਤੇ ਨਿਭਾਈ ਜਾਂਦੀ ਹੈ। ਮੇਲੇ ਵਿੱਚ ਦੂਰ-ਦਰਾਡੇ ਤੋਂ ਹਜ਼ਾਰਾਂ ਮਹਿਲਾਵਾਂ ਆਪਣੇ ਸਿਰਾਂ ਉੱਤੇ ਜਵਾਰ ਲਈ ਪਹੁੰਚਦੀਆਂ ਹਨ ਜਦੋਂਕਿ ਮਰਦ ਆਪਣੇ ਜਿਸਮ ਉੱਤੇ ਸਾਂਗ ਧਾਰਨ ਕਰਦੇ ਹੋਏ ਮਾਤਾ ਨੂੰ ਖ਼ੁਸ਼ ਕਰਨ ਲਈ ਯਤਨ ਕਰਦੇ ਹਨ। ਤ੍ਰਿਸ਼ੂਲ ਦੀ ਤਰ੍ਹਾਂ ਅਸਤਰ ਯਾਨੀ ਸਾਂਗ ਨੂੰ ਸ਼ਰਧਾਲੂ ਆਪਣੇ ਜਿਸਮ ਦੇ ਅੰਗਾਂ ਖ਼ਾਸ ਕਰਕੇ ਮੂੰਹ ਵਿੱਚੋਂ ਦੀ ਕਢਵਾ ਕੇ ਪੈਦਲ ਹੀ ਸਾਂਗ ਫੜਦੇ ਹੋਏ ਮੰਦਿਰ ਤਕ ਪਹੁੰਚਦੇ ਹਨ। ਸਾਂਗ ਬੇਹੱਦ ਭਾਰੀ ਹੁੰਦਾ ਹੈ। ਇਸ ਨੂੰ ਮੂੰਹ ਵਿੱਚ ਚੁਭੋ ਕੇ ਪੈਦਲ ਚੱਲਣਾ ਬੇਹੱਦ ਖ਼ਤਰਨਾਕ ਹੈ।

ਉੱਥੋਂ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਦੇਵੀ ਮਾਤਾ ਦਾ ਚਮਤਕਾਰ ਹੈ ਕਿ ਸਾਂਗ ਖੁਦਵਾਉਣ ਸਮੇਂ ਨਾ ਖ਼ੂਨ ਨਿਕਲਦਾ ਹੈ ਤੇ ਨਾ ਹੀ ਬਾਅਦ ਵਿੱਚ ਦਾਗ਼ ਜਾਂ ਨਿਸ਼ਾਨ ਰਹਿੰਦਾ ਹੈ। 'ਕੱਲਾ-'ਕੱਲਾ ਸ਼ਰਧਾਲੂ ਆਪਣੇ ਜਿਸਮ ਨੂੰ ਪੰਜ-ਪੰਜ ਥਾਵਾਂ ਤੋਂ ਖੁਦਵਾਉਂਦਾ ਹੈ। ਹੈਰਾਨੀਜਨਕ ਗੱਲ ਤਾਂ ਇਹ ਹੈ ਕਿ ਉਹ ਅਜਿਹਾ ਕਰਨ ਸਮੇਂ ਚੀਸ ਤਕ ਨਹੀਂ ਵਟਦੇ। ਮੀਂਹ ਪੈਣਾ ਜਾਂ ਨਾ ਪੈਣਾ ਧਾਰਮਿਕ ਅਸਥਾਨ 'ਤੇ ਨਿਰਭਰ ਨਹੀਂ, ਪਰ ਅੰਧ-ਵਿਸ਼ਵਾਸ ਦੇ ਮਾਰੇ ਲੋਕ ਮੂੰਹ ਖੁਦਵਾਉਂਦੇ ਰਹਿੰਦੇ ਹਨ। ਇਸੇ ਤਰ੍ਹਾਂ ਝਾਰਖੰਡ ਦੀ ਰਾਜਧਾਨੀ ਰਾਂਚੀ ਨੇੜੇ ਸਾਲਾਨਾ ਮੰਡਾ ਪੂਜਾ ਦੇ ਮੌਕੇ 'ਤੇ ਮੇਲਾ ਲੱਗਦਾ ਹੈ। ਇਸ ਦੌਰਾਨ ਭਗਵਾਨ ਸ਼ੰਕਰ ਨੂੰ ਖ਼ੁਸ਼ ਕਰਨ ਲਈ ਕੋਲਿਆਂ ਉੱਤੇ ਚੱਲਣ ਅਤੇ ਦੌੜਨ ਦੀ ਰਵਾਇਤ ਸੈਂਕੜੇ ਸਾਲਾਂ ਤੋਂ ਚੱਲੀ ਆ ਰਹੀ ਹੈ। ਇਨ੍ਹਾਂ ਦੋਵੇਂ ਰਵਾਇਤਾਂ ਮਗਰ ਕਹਾਣੀ ਇੱਕ ਹੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਦੇਵਤੇ ਖ਼ੁਸ਼ ਹੋ ਕੇ ਇਲਾਕੇ ਵਿੱਚ ਮੀਂਹ ਪਾ ਦਿੰਦੇ ਹਨ। ਇਹ ਸੋਚਣ ਵਾਲੀ ਗੱਲ ਹੈ ਕਿ ਅਜਿਹਾ ਕਰਨ ਨਾਲ ਮੀਂਹ ਪੈਂਦਾ ਹੁੰਦਾ ਤਾਂ ਰਾਜਸਥਾਨ ਦਾ ਰੇਗਿਸਤਾਨ ਕਦੋਂ ਦਾ ਹਰਾ-ਭਰਾ ਹੋ ਗਿਆ ਹੁੰਦਾ। ਕਰਮ ਕਾਂਡਾਂ ਕਾਰਨ ਮੀਂਹ ਪੈਣ ਦੀ ਸੰਭਾਵਨਾ ਹੁੰਦੀ ਤਾਂ ਕੁਝ ਸਮਾਂ ਪਹਿਲਾਂ ਉਤਰਾਖੰਡ ਅਤੇ ਹਿਮਾਚਲ ਦੇ ਜੰਗਲਾਂ ਵਿੱਚ ਲੱਗੀ ਅੱਗ ਇੰਨੀ ਤਬਾਹੀ ਨਾ ਮਚਾਉਂਦੀ।

ਸੈਂਕੜੇ ਸਾਲਾਂ ਤੋਂ ਔਰਤਾਂ ਦੇ ਮੰਦਰਾਂ ਵਿੱਚ ਮੱਥਾ ਨਾ ਟੇਕਣ ਦੀ ਰਵਾਇਤ ਟੁੱਟ ਸਕਦੀ ਹੈ ਤਾਂ ਪ੍ਰਸ਼ਾਸਨ ਵੱਲੋਂ ਅਜਿਹੀਆਂ ਮੀਂਹ ਪਵਾਉਣ ਵਾਲੀਆਂ ਅੰਧ-ਵਿਸ਼ਵਾਸੀ ਰਵਾਇਤਾਂ ਤੋਂ ਛੁਟਕਾਰਾ ਕਿਉਂ ਨਹੀਂ ਦਿਵਾਇਆ ਜਾਂਦਾ? ਦਰਅਸਲ, ਸਾਡੇ ਅਚੇਤ ਮਨ ਵਿੱਚ ਘਰ ਕਰੀ ਬੈਠੀਆਂ ਇਨ੍ਹਾਂ ਕੁਰੀਤੀਆਂ ਨੂੰ ਜੜ੍ਹੋਂ ਖ਼ਤਮ ਕਰਨ ਦੀ ਲੋੜ ਹੈ। ਇਹ ਸਾਂਝੇ ਉੱਦਮ ਸਦਕਾ ਹੀ ਸੰਭਵ ਹੈ।

# 1 ਕਰੋੜ ਨੌਜਵਾਨਾਂ ਨੂੰ 5000 ਰੁਪਏ ਪ੍ਰਤੀ ਮਹੀਨਾ ਭੱਤਾ, 500 ਕੰਪਨੀਆਂ 'ਚ ਇੰਟਰਨਸ਼ਿਪ ਪ੍ਰੋਗਰਾਮ ਦਾ ਐਲਾਨ

**ਏਜੰਸੀਆਂ**

ਨਵੀਂ ਦਿੱਲੀ 25 ਜੁਲਾਈ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਪਣੇ ਬਜਟ ਭਾਸਣ ਵਿੱਚ ਅਗਲੇ 5 ਸਾਲਾਂ ਵਿੱਚ ਲਗਭਗ 4.1 ਕਰੋੜ ਨੌਜਵਾਨਾਂ ਲਈ ਰੁਜਗਾਰ ਪੈਦਾ ਕਰਨ ਦੀ ਤਜਵੀਜ



ਰੱਖੀ। ਇਸ ਦੇ ਲਈ ਵਿੱਤ ਮੰਤਰੀ ਨੇ 2 ਲੱਖ ਕਰੋੜ ਰੁਪਏ ਅਲਾਟ ਕੀਤੇ ਹਨ। ਇਸੇ ਤਰ੍ਹਾਂ ਉਨ੍ਹਾਂ ਨੇ ਰੁਜਗਾਰ ਦੇ ਮੌਕੇ ਪੈਦਾ ਕਰਨ ਲਈ ਹੁਨਰਮੰਦ ਨਾਗਰਿਕਾਂ ਲਈ 1.48 ਕਰੋੜ ਰੁਪਏ ਦੀ ਤਜਵੀਜ ਰੱਖੀ। ਪੰਜ ਸਾਲਾਂ ਵਿੱਚ 20 ਲੱਖ ਨੌਜਵਾਨਾਂ ਨੂੰ ਹੁਨਰਮੰਦ ਬਣਾਇਆ ਜਾਵੇਗਾ। ਸਰਕਾਰ 500 ਚੋਟੀ ਦੀਆਂ ਕੰਪਨੀਆਂ ਵਿੱਚ 1 ਕਰੋੜ ਨੌਜਵਾਨਾਂ ਨੂੰ ਇੰਟਰਨਸ਼?ਪ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਯੋਜਨਾ ਸੁਰੂ ਕਰੇਗੀ। ਇਸ ਵਿੱਚ 5000 ਰੁਪਏ ਪ੍ਰਤੀ ਮਹੀਨਾ ਇੰਟਰਨਸ਼?ਪ ਭੱਤਾ ਅਤੇ 6000 ਰੁਪਏ ਦੀ ਇੱਕਮੁਸਤ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਕੁੱਲ 1,000 ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਅਪਗ੍ਰੇਡ ਕੀਤਾ ਜਾਵੇਗਾ। ਆਪਣੇ ਭਾਸਣ ਵਿੱਚ, ਉਸਨੇ ਪ੍ਰਸਤਾਵ ਕੀਤਾ ਕਿ ਸਾਰੇ ਸੈਕਟਰਾਂ ਵਿੱਚ ਪਹਿਲੀ ਵਾਰ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਨੂੰ ਇੱਕਮੁਸਤ ਤਨਖਾਹ ਦਿੱਤੀ ਜਾਵੇਗੀ। ਪਹਿਲੀ ਵਾਰ ਪ੍ਰਵੇਸ ਕਰਨ ਵਾਲਿਆਂ ਨੂੰ ਡਾਇਰੈਕਟ ਬੈਨੀਫਿਟ ਟ੍ਰਾਂਸਫਰ () ਰਾਹੀਂ ਪ੍ਰੋਤਸਾਹਨ ਪ੍ਰਦਾਨ ਕੀਤਾ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਪੰਜ ਸਾਲਾਂ ਵਿੱਚ ਇੱਕ ਕਰੋੜ ਨੌਜਵਾਨਾਂ ਲਈ 500 ਕੰਪਨੀਆਂ ਵਿੱਚ ਇੰਟਰਨਸ਼?ਪ ਦੇ ਮੌਕੇ ਸੁਰੂ ਕਰੇਗੀ। ਉਨ੍ਹਾਂ ਕਿਹਾ ਕਿ ਸਿਖਿਆਰਥੀਆਂ ਨੂੰ ਅਸਲ ਜੀਵਨ ਦੇ ਵਾਤਾਵਰਨ ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਉਨ੍ਹਾਂ ਨੂੰ 5000 ਰੁਪਏ ਪ੍ਰਤੀ ਮਹੀਨਾ ਭੱਤਾ ਦਿੱਤਾ ਜਾਵੇਗਾ। ਕੰਪਨੀਆਂ ਫੰਡ ਵਿੱਚੋਂ ਸਿਖਲਾਈ ਅਤੇ ਕੋਚਿੰਗ ਦੇ ਖਰਚੇ ਦਾ 10 ਪ੍ਰਤੀਸਤ ਸਹਿਣ ਕਰਨਗੀਆਂ।

# ਬਜਟ 'ਚ ਕਿਸਾਨਾਂ ਦੀਆਂ ਮੰਗਾਂ ਦੇ ਹੱਲ ਲਈ ਕੋਈ ਯਤਨ ਨਹੀਂ, ਤਾਮਿਲਨਾਡੂ 'ਚ ਕਿਸਾਨ ਆਯੋਜਿਤ ਕਰੇਗਾ ਮਹਾਪੰਚਾਇਤ

**ਸਰਦੂਲ ਸਿੰਘ**

ਜੈਤੋ 25 ਜੁਲਾਈ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜਦੂਰ ਮੋਰਚਾ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸ ਬਜਟ ਤੋਂ ਕਿਸਾਨ ਬਹੁਤ ਨਿਰਾਸ ਹੋਏ ਹਨ ਅਤੇ ਬਜਟ ਵਿਚ ਐੱਮ. ਐੱਸ. ਪੀ. ਗਾਰੰਟੀ ਕਾਨੂੰਨ, ਕਿਸਾਨਾਂ ਅਤੇ ਮਜਦੂਰਾਂ ਦੀ ਕੁੱਲ ਕਰਜ ਮੁਕਤੀ ਅਤੇ ਸਵਾਮੀਨਾਥਨ ਕਮਿਸਨ ਦੇ +50% ਫਾਰਮੂਲੇ ਅਨੁਸਾਰ ਐੱਮ. ਐੱਸ. ਪੀ. ਦੇਣ ਨਾਲ ਸਬੰਧਤ ਮੁੱਦਿਆਂ 'ਤੇ ਕੋਈ ਕਦਮ ਨਹੀਂ ਚੁੱਕਿਆ ਗਿਆ। ਕਿਸਾਨ ਆਗੂਆਂ ਨੇ ਬਜਟ ਬਾਰੇ ਅੱਗੇ ਗੱਲਬਾਤ ਕਰਦਿਆ ਕਿਹਾ ਕਿ ਕਿਸਾਨ ਦੇਸ ਦੀ ਜੀ.ਡੀ.ਪੀ. ਵਿਚ ਸਭ ਤੋਂ ਵੱਧ ਹਿੱਸਾ ਪਾਉਂਦੇ ਹਨ ਪ੍ਰੰਤੂ ਇਸ ਸਾਲ ਖੇਤੀਬਾੜੀ ਦਾ ਬਜਟ ਕੁੱਲ ਬਜਟ ਦਾ 3.15 ਫੀਸਦੀ ਸੀ ਅਤੇ ਜੋ ਦੇਸ ਦੀ ਆਬਾਦੀ ਦਾ 50 ਫੀਸਦੀ ਹਿੱਸਾ ਹਨ, ਉਨ੍ਹਾਂ ਲਈ ਬਜਟ ਸਿਰਫ 3.15 ਫੀਸਦੀ ਹੀ ਰੱਖਿਆ ਗਿਆ ਹੈ, ਜੋ ਕਿ ਕੇਂਦਰ ਸਰਕਾਰ ਵਲੋਂ ਕਿਸਾਨਾਂ ਅਤੇ ਮਜਦੂਰਾਂ ਨਾਲ ਕੀਤੀ ਗਈ ਸਰਾਸਰ ਬੇਇਨਸਾਫੀ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਅਨ ਯੋਜਨਾ ਅਤੇ ਮਨਰੇਗਾ ਦੇ ਬਜਟ ਵਿਚ ਸਾਲ 2022 ਦੇ ਮੁਕਾਬਲੇ 2024-25 ਦੇ 72,358 ਕਰੋੜ ਦੀ ਕਟੌਤੀ ਕਰ ਕੇ ਬੀ. ਜੇ. ਪੀ. ਸਰਕਾਰ ਨੇ ਗਰੀਬ ਮਜਦੂਰਾਂ ਦੇ ਪੇਟ 'ਤੇ ਲੱਤ ਮਾਰੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਬਜਟ ਵਿਚ ਸਰਕਾਰ ਨੇ ਖਾਣ ਵਾਲੇ ਅਨਾਜ, ਤੇਲ ਅਤੇ ਦਾਲਾਂ ਦੇ ਮਾਮਲੇ ਵਿਚ ਆਤਮ ਨਿਰਭਰ ਬਣਨ ਦੀ ਮੁਹਿੰਮ ਚਲਾਉਣ ਦੀ ਗੱਲ ਕੀਤੀ ਸੀ ਪ੍ਰੰਤੂ ਜਦੋਂ ਤੱਕ ਘੱਟੋ-ਘੱਟ ਸਮਰਥਨ ਮੁੱਲ ਦਾ ਗਾਰੰਟੀ ਕਾਨੂੰਨ ਨਹੀਂ ਬਣਾਇਆ ਜਾਂਦਾ ਉਦੋਂ ਤੱਕ ਖਾਣ ਵਾਲੇ ਤੇਲ, ਦਾਲਾਂ ਅਤੇ ਅਨਾਜ ਦੇ ਮਾਮਲੇ ਵਿਚ ਦੇਸ਼ ਦਾ ਸਵੈ-ਨਿਰਭਰ ਹੋਣਾ ਅਤੇ ਫਸਲਾਂ ਦੀ ਵਿਭਿੰਨਤਾ ਸੰਭਵ ਨਹੀਂ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਖੇਤੀ ਵਿਚ 108 ਨਵੀਆਂ ਕਿਸਮਾਂ ਦੇ ਬੀਜ ਲਿਆਉਣ ਦੀ ਗੱਲ ਕੀਤੀ ਹੈ ਪਰ ਸਰਕਾਰ ਪਹਿਲਾਂ ਇਹ ਦੱਸੇ ਕਿ ਸਾਡੇ ਦੇਸੀ ਬੀਜਾਂ ਨੂੰ



ਸੰਭਾਲਣ ਲਈ ਸਰਕਾਰ ਕੀ ਕਰ ਰਹੀ ਹੈ? ਕੇਂਦਰ ਸਰਕਾਰ ਦੀਆਂ ਇਹ ਨੀਤੀਆਂ ਕਿਸਾਨਾਂ ਨੂੰ ਆਤਮ-ਨਿਰਭਰਤਾ ਤੋਂ ਹਟਾ ਕੇ ਬਾਜ਼ਾਰ ਉੱਪਰ ਨਿਰਭਰਤਾ ਵੱਲ ਲਿਜਾਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਕਿਸਾਨਾਂ ਆਗੂਆਂ ਨੇ ਅੱਗੇ ਦੱਸਿਆ ਕਿ ਵਿੱਤ ਮੰਤਰਾਲੇ ਵਲੋਂ ਪਿਛਲੇ 5 ਸਾਲਾਂ ਵਿਚ ਬਜਟ ਵਿਚੋਂ ਜਿੰਨਾ ਵੀ ਹਿੱਸਾ ਖੇਤੀਬਾੜੀ ਮੰਤਰਾਲੇ ਨੂੰ ਦਿੱਤਾ ਗਿਆ ਸੀ, ਉਸ ਵਿਚੋਂ ਵੀ ਖੇਤੀਬਾੜੀ ਮੰਤਰਾਲੇ ਨੇ 1 ਲੱਖ ਕਰੋੜ ਰੁਪਏ ਵਾਪਸ ਕਰ ਦਿੱਤੇ ਸਨ ਜਿਸ ਤੋਂ ਸਾਬਤ ਹੁੰਦਾ ਹੈ ਕਿ ਮੌਜੂਦਾ ਕੇਂਦਰ ਸਰਕਾਰ ਕਿਸਾਨੀ ਦੇ ਮੁੱਦਿਆਂ ਪ੍ਰਤੀ ਗੰਭੀਰ ਨਹੀਂ ਹੈ। ਅੱਜ ਨਵੀਂ ਦਿੱਲੀ ਵਿਖੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੀ ਮੀਟਿੰਗ ਹੋਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ 18 ਅਤੇ 19 ਅਗਸਤ ਨੂੰ ਤਿਰਚੀ, ਤਾਮਿਲਨਾਡੂ ਵਿਚ ਹੋਣ ਵਾਲੀ ਕਿਸਾਨਾਂ ਦੀ ਵੱਡੀ ਰੈਲੀ ਵਿਚ ਸਾਰੇ ਆਗੂ ਸਮੂਲੀਅਤ ਕਰਨਗੇ। ਦੋਵਾਂ ਮੋਰਚਿਆਂ ਵਲੋਂ ਦਿੱਤੇ ਜਾਣ ਵਾਲੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦਾ ਦੱਖਣੀ ਭਾਰਤ ਵਿਚ ਵਿਸਥਾਰ ਕਰਨ ਲਈ ਦਿੱਲੀ ਵਿਖੇ ਕੀਤੀ ਗਈ ਇਸ ਮੀਟਿੰਗ ਵਿੱਚ ਮੁੱਖ ਤੌਰ 'ਤੇ ਜਗਜੀਤ ਸਿੰਘ ਡੱਲੇਵਾਲ, ਕਰਨਾਟਕ ਤੋਂ ਕੁਰਬਰੂ ਸਾਂਤਾਕੁਮਾਰ, ਕਰਨਾਟਕ ਤੋਂ ਪੀ. ਆਰ. ਪਾਂਡਿਆਨ, ਤੇਲੰਗਾਨਾ ਤੋਂ ਵੈਂਕਟੇਸਵਰ ਰਾਓ, ਲਖਵਿੰਦਰ ਸਿੰਘ ਔਲਖ, ਕਾਕਾ ਸਿੰਘ ਕੋਟੜਾ, ਸੁਖਜੀਤ ਸਿੰਘ ਹਰਦੋਝੰਡੇ, ਅਭਿਮੰਨਿਊ ਕੋਹਾੜ ਆਦਿ ਤੇਲੰਗਾਨਾ ਸਾਮਲ ਸਨ। ਦੱਖਣੀ ਭਾਰਤ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਉਹ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜਦੂਰ ਮੋਰਚਾ ਵੱਲੋਂ ਦਿੱਤੇ ਗਏ ਸਾਰੇ ਪ੍ਰੋਗਰਾਮਾਂ ਨੂੰ ਪੂਰੇ ਜੋਰ-ਸੋਰ ਨਾਲ ਲਾਗੂ ਕਰਨਗੇ, ਜਿਸ ਵਿਚ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਦੇ ਹੱਕ ਵਿਚ ਅਤੇ ਕਿਸਾਨਾਂ ਨੂੰ ਮਾਰਨ ਵਾਲੇ ਅਧਿਕਾਰੀਆਂ ਨੂੰ ਰਾਸਟਰਪਤੀ ਮੈਡਲ ਦੇਣ ਦੇ ਵਿਰੋਧ ਵਿਚ 1 ਅਗਸਤ ਨੂੰ ਦੇਸ ਭਰ ਵਿਚ ਜਿ?ਲਾ ਹੈੱਡਕੁਆਰਟਰਾਂ ਤੱਕ ਮਾਰਚ ਕਰ ਕੇ ਭਾਜਪਾ ਦੇ ਪੁਤਲੇ ਸਾੜੇ ਜਾਣਗੇ ਅਤੇ ਕਿਸਾਨ ਅੰਦੋਲਨ 2 ਦੇ ਸਮਰਥਨ ਵਿਚ 15 ਅਗਸਤ ਨੂੰ ਦੇਸ ਭਰ ਵਿਚ ਜਿ?ਲਾ ਪੱਧਰ 'ਤੇ ਟਰੈਕਟਰ ਮਾਰਚ ਕੱਢੇ ਜਾਣਗੇ ਅਤੇ ਤਿੰਨ ਨਵੇਂ ਕਾਨੂੰਨਾਂ ਬੀ. ਐੱਨ. ਐੱਸ. ਦੀਆਂ ਕਾਪੀਆਂ ਸਾੜ ਦਿੱਤੀਆਂ ਜਾਣਗੀਆਂ ਅਤੇ 31 ਅਗਸਤ ਨੂੰ ਕਿਸਾਨ ਅੰਦੋਲਨ-2 ਦੇ 200 ਦਿਨ ਪੂਰੇ ਹੋਣ 'ਤੇ ਕਿਸਾਨ ਮੋਰਚਿਆ ਉੱਪਰ ਹੋਣ ਵਾਲੀ ਵੱਡੀ ਮਹਾਪੰਚਾਇਤ 'ਚ ਪੂਰੇ ਭਾਰਤ ਤੋਂ ਕਿਸਾਨ ਆਗੂ ਪਹੁੰਚਣਗੇ।

# ਸਾਡੇ ਕਿਸਾਨ ਬੇਇਨਸਾਫੀ ਦੇ ਨਹੀਂ ਸਨਮਾਨ ਦੇ ਹੱਕਦਾਰ : ਸੰਧਵਾਂ

ਚੰਡੀਗੜ੍ਹ 25 ਜੁਲਾਈ। ਸੰਭੂ ਬਾਰਡਰ 'ਤੇ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਦੇ ਪੁਲਸ ਅਧਿਕਾਰੀਆਂ ਵੱਲੋਂ ਨਿਭਾਈ ਗਈ ਭੂਮਿਕਾ ਲਈ ਉਨ੍ਹਾਂ ਨੂੰ ਬਹਾਦਰੀ ਦੇ ਪੁਰਸਕਾਰਾਂ ਦੀ ਸਿਫਾਰਸ 'ਤੇ ਸਖਤ ਇਤਰਾਜ ਜਤਾਉਂਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਨੂੰ ਸੰਭੂ ਸਰਹੱਦ 'ਤੇ ਅੱਗੇ ਵਧਣ ਤੋਂ ਰੋਕਣ ਵਿਚ ਸਾਮਲ ਪੁਲਸ ਅਧਿਕਾਰੀਆਂ ਲਈ ਬਹਾਦਰੀ ਦੇ ਪੁਰਸਕਾਰਾਂ ਦੀ ਸਿਫਾਰਸ ਸਬੰਧੀ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਆਪਣੇ ਪੱਤਰ ਵਿਚ ਸੰਧਵਾਂ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਮੈਂ ਹਰਿਆਣਾ ਦੇ ਡਾਇਰੈਕਟਰ ਜਨਰਲ ਆਫ਼ ਪੁਲਸ ਵੱਲੋਂ ਹਾਲ ਹੀ ਵਿਚ ਸੰਭੂ ਬਾਰਡਰ 'ਤੇ ਕਿਸਾਨਾਂ ਦੇ ਮਾਰਚ ਨੂੰ ਰੋਕਣ ਵਿਚ ਸ਼ਾਮਲ ਛੇ ਪੁਲਸ ਅਧਿਕਾਰੀਆਂ/ਕਰਮਚਾਰੀਆਂ ਨੂੰ ਬਹਾਦਰੀ ਦੇ ਪੁਰਸਕਾਰ ਦੇਣ ਦੀ ਸਿਫਾਰਸ 'ਤੇ ਡੂੰਘੀ ਚਿੰਤਾ ਅਤੇ ਇਸ ਫੈਸਲੇ ਦੀ ਸਖਤ ਨਿੰਦਾ ਕਰਦਾ ਹਾਂ। ਉਨ੍ਹਾਂ ਅੱਗੇ ਕਿਹਾ ਕਿ ਹਾਲਾਂਕਿ ਮੈਂ ਸਾਡੀ ਪੁਲਸ ਫੋਰਸ ਦੀ



ਬਹਾਦਰੀ ਅਤੇ ਸਮਰਪਣ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਇਹ ਮੰਨਦਾ ਹਾਂ ਕਿ ਉਨ੍ਹਾਂ ਵੱਲੋਂ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਲਈ ਮਾਣ-ਸਨਮਾਨ ਦੇਣਾ ਬਣਦਾ ਹੈ। ਪੰਜਾਬ ਵਿਧਾਨ ਸਭਾ ਸਪੀਕਰ ਨੇ ਆਪਣੇ ਪੱਤਰ ਵਿਚ ਲਿਖਿਆ ਕਿ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸੰਭੂ ਵਿਖੇ ਪੰਜਾਬ-ਹਰਿਆਣਾ ਸਰਹੱਦ 'ਤੇ ਬਣੇ ਹਾਲਾਤ ਨੂੰ ਧਿਆਨ ਵਿਚ ਰੱਖਿਆ ਜਾਵੇ। ਪ੍ਰਧਾਨ ਮੰਤਰੀ ਨੂੰ ਹਰਿਆਣਾ ਸਰਕਾਰ ਦੇ ਇਸ ਮੰਦਭਾਗੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਦਿਆਂ ਸੰਧਵਾਂ ਨੇ ਕਿਹਾ ਕਿ ਭਾਰਤ ਦੀ ਸਰਵਉੱਚ ਸੰਵਿਧਾਨਕ ਅਥਾਰਟੀ ਹੋਣ ਦੇ ਨਾਤੇ ਮੈਂ ਤੁਹਾਨੂੰ ਇਸ ਸਿਫਾਰਿਸ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਦਾ ਹਾਂ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਸਾਡੇ ਲਈ ਲੋਕਤੰਤਰ, ਨਿਆਂ ਅਤੇ ਮਨੁੱਖੀ ਸਿਧਾਂਤਾਂ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੇ ਕਿਸਾਨਾਂ ਵੱਲੋਂ ਪਾਏ ਜਾਂਦੇ ਯੋਗਦਾਨ ਲਈ ਉਹ ਮਾਣ-ਸਨਮਾਨ ਦੇ ਹੱਕਦਾਰ ਹਨ, ਇਸ ਲਈ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਬੇਰੁਖ਼ੀ ਅਤੇ ਬੇਇਨਸਾਫੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹੀਦ ਸੁਭਕਰਨ ਅਤੇ ਹੋਰ ਕਿਸਾਨ-ਮਜ਼ਦੂਰਾਂ, ਜਿਨ੍ਹਾਂ ਨੂੰ ਇਸ ਪ੍ਰਦਰਸ਼ਨ ਦੌਰਾਨ ਸੰਤਾਪ ਝੱਲਣਾ ਪਿਆ, ਲਈ ਨਿਆਂ ਨੂੰ ਯਕੀਨੀ ਬਣਾਈਏ।

## ਪੰਜਾਬ ਪੁਲਸ ਦਾ ਮੁਲਾਜਮ ਪੰਚਾਇਤ ਮੈਂਬਰ ਨਾਲ 'ਚਿੱਟਾ' ਲਾਉਂਦਿਆਂ ਕਾਬੂ !

ਮਲੋਟ 25 ਜੁਲਾਈ। ਪੰਜਾਬ ਪੁਲਸ ਨੇ ਨਸ਼ੇ ਖਿ?ਲਾਫ ਵਿੱਡੀ ਮੁਹਿੰਮ ਤਹਿਤ ਪਿੰਡ ਅਬੁਲ ਖੁਰਾਨਾ ਦੇ ਸ਼ਮਸ਼ਾਨਘਾਟ ਵਿਚ ਛਾਪੇਮਾਰੀ ਕਰ ਕੇ ਪੁਲਸ ਮੁਲਾਜਮ ਅਤੇ ਪੰਚਾਇਤ ਮੈਂਬਰ ਸਣੇ 4 ਲੋਕਾਂ ਨੂੰ ਨਸ਼ਾ ਕਰਦਿਆਂ ਕਾਬੂ ਕੀਤਾ ਹੈ। ਥਾਣਾ ਸਿਟੀ ਮਲੋਟ ਪੁਲਸ ਨੇ ਮੁਲਜਮਾਂ ਖਿ?ਲਾਫ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਉੱਥੇ ਹੀ ਚਾਰਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਉਨ੍ਹਾਂ ਨੂੰ 1 ਦਿਨ ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। ਥਾਣਾ ਸਿਟੀ ਮਲੋਟ ਦੇ ਇੰਚਾਰਜ ਐੱਸ.ਆਈ. ਕਰਮਜੀਤ ਕੌਰ ਨੇ ਦੱਸਿਆ ਕਿ ਗ੍ਰਾਮ ਪੰਚਾਇਤਾਂ ਤੇ ਕਮੇਟੀਆਂ ਦੇ ਸਹਿਯੋਗ ਨਾਲ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਵੱਲੋਂ ਜਦੋਂ ਲੋਕਾਂ ਨਾਲ ਗੱਲਬਾਤ ਕੀਤੀ ਗਈ ਸੀ ਤਾਂ ਲੋਕਾਂ ਨੇ ਦੱਸਿਆ ਸੀ ਕਿ ਸ਼ਮਸ਼ਾਨਘਾਟ 'ਤੇ ਅਕਸਰ ਨਸ਼ੇੜੀ ਕਿਸਮ ਦੇ ਲੋਕ ਨਸ਼ੇ ਆਦਿ ਦਾ ਸੇਵਨ ਕਰਦੇ ਹਨ। ਜਦੋਂ ਪੁਲਸ ਟੀਮ ਨੇ ਛਾਪੇਮਾਰੀ ਕੀਤੀ ਤਾਂ ਉੱਥੋਂ ਚਾਰ ਲੋਕਾਂ ਨੂੰ ਨਸ਼ਾ ਕਰਦੇ ਮਿਲੇ। ਇਨ੍ਹਾਂ ਵਿਚ ਪੁਲਸ ਕਾਂਸਟੇਬਲ ਸੰਦੀਪ ਸਿੰਘ, ਪੰਚਾਇਤ ਮੈਂਬਰ ਅਮਨਦੀਪ ਸਿੰਘ, ਕੁਲਦੀਪ ਸਿੰਘ ਅਤੇ ਤੇਜਪਾਲ ਸਿੰਘ ਸ਼ਾਮਲ ਹਨ।

# ਪੰਜਾਬ ਪੁਲਸ ਸਮਾਜ ਦੇ ਸਹਿਯੋਗ ਨਾਲ ਨਸ਼ਿਆਂ ਦੀ ਲਾਹਣਤ ਨੂੰ ਸਖਤੀ ਨਾਲ ਖਤਮ ਕਰੇਗੀ

**ਕਿਸ਼ਨ ਪਾਲ**

ਗੁਰਦਾਸਪੁਰ 25 ਜੁਲਾਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ. ਜੀ. ਪੀ. ਪੰਜਾਬ ਵੱਲੋਂ ਦਿੱਤੇ ਗਏ ਦਿਸਾ-ਨਿਰਦੇਸਾਂ ਤਹਿਤ ਜਿ?ਲ੍ਹਾ ਪੁਲਿਸ ਗੁਰਦਾਸਪੁਰ ਵੱਲੋਂ ਆਮ ਜਨਤਾ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਨਸ਼?ਆਂ ਖਿ?ਲਾਫ ਜਾਗਰੂਕ ਕਰਨ ਲਈ 'ਮਿਸਨ ਨਿਸਚੇ' ਤਹਿਤ ਵਿਸੇਸ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਨ੍ਹਾਂ ਜਾਗਰੂਕਤਾ ਪ੍ਰੋਗਰਾਮਾਂ ਦੀ ਲੜੀ ਤਹਿਤ ਦਾਯਮਾ ਹਰੀਸ ਕੁਮਾਰ, ਆਈ. ਪੀ. ਐੱਸ, ਸੀਨੀਅਰ ਕਪਤਾਨ ਪੁਲਸ, ਗੁਰਦਾਸਪੁਰ ਦੀ ਅਗਵਾਈ ਹੇਠ ਪੁਲਸ ਜਿ?ਲ੍ਹਾ ਗੁਰਦਾਸਪੁਰ ਵੱਲੋਂ ਅੱਜ ਸਥਾਨਕ ਪੁਲਸ ਲਾਈਨ ਵਿਖੇ ਸਰਹੱਦੀ ਪਿੰਡਾਂ ਦੀਆਂ ਵਿਲੇਜ਼ ਡਿਫੈਂਸ ਕਮੇਟੀਆਂ ਦੀ ਸਾਂਝੀ ਟੀਮ ਅਤੇ ਪੁਲਸ ਵਿਭਾਗ ਦੀ ਟੀਮ ਦਰਮਿਆਨ ਇੱਕ ਕ੍ਰਿਕਟ ਮੈਚ ਕਰਵਾਇਆ ਗਿਆ। ਇਸ ਰੋਮਾਂਚਕ ਮੈਚ 'ਚ ਸਰਹੱਦੀ ਪਿੰਡਾਂ ਦੀ ਕ੍ਰਿਕਟ ਟੀਮ ਜੇਤੂ ਰਹੀ। ਇਸ ਮੈਚ ਨੂੰ ਦੇਖਣ ਅਤੇ ਖਿਡਾਰੀਆਂ ਦੀ ਹੌਂਸਲਾ ਅਫ਼ਜਾਈ ਲਈ ਐੱਸ. ਐੱਸ. ਪੀ. ਗੁਰਦਾਸਪੁਰ ਦਾਯਮਾ ਹਰੀਸ ਕੁਮਾਰ ਅਤੇ ਹੋਰ ਪੁਲਸ ਅਧਿਕਾਰੀ ਵਿਸੇਸ ਤੌਰ 'ਤੇ ਪਹੁੰਚੇ। ਇਸ ਮੌਕੇ ਖਿਡਾਰੀਆਂ ਅਤੇ ਦਰਸਕਾਂ ਨੂੰ ਸੰਬੋਧਨ ਕਰਦਿਆਂ ਐੱਸ. ਐੱਸ.



ਪੀ. ਗੁਰਦਾਸਪੁਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤਹਿਤ ਪੰਜਾਬ ਪੁਲਸ ਵੱਲੋਂ ਨਸ਼?ਆਂ ਦੇ ਖਾਤਮੇ ਲਈ ਵਿਸੇਸ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਪੁਲਸ ਜਿੱਥੇ ਨਸਾ ਤਸਕਰਾਂ ਖਿ?ਲਾਫ ਸਖਤ ਕਾਰਵਾਈ ਕਰ ਰਹੀ ਹੈ, ਉੱਥੇ ਹੀ ਨੌਜਵਾਨਾਂ 'ਚ ਜਾਗਰੂਕਤਾ ਵੀ ਪੈਦਾ ਕੀਤੀ ਜਾ ਰਹੀ ਹੈ ਕਿ ਉਹ ਨਸ਼?ਆਂ ਦੀ ਦਲਦਲ 'ਚ ਨਾ ਫਸਣ। ਉਨ੍ਹਾਂ ਕਿਹਾ ਕਿ ਅੱਜ ਦਾ ਇਹ ਮੈਚ ਕਰਵਾਉਣ ਦਾ ਮਕਸਦ ਵੀ ਇਹ ਹੀ ਹੈ ਕਿ ਨੌਜਵਾਨ ਖੇਡਾਂ ਨਾਲ ਜੁੜਨ ਅਤੇ ਨਸ਼?ਆਂ ਤੋਂ ਦੂਰ ਰਹਿਣ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਪੁਲਸ ਵੱਲੋਂ ਇਹ ਉਪਰਾਲੇ ਭਵਿੱਖ 'ਚ ਵੀ ਜਾਰੀ ਰਹਿਣਗੇ। ਇਸ ਦੌਰਾਨ ਐੱਸ. ਐੱਸ. ਪੀ. ਗੁਰਦਾਸਪੁਰ ਵੱਲੋਂ 'ਨਸ਼?ਆਂ ਨੂੰ ਨਾਂਹ, ਪੰਜਾਬ ਨੂੰ ਹਾਂ' ਦਾ ਨਾਅਰਾ ਵੀ ਦਿੱਤਾ ਗਿਆ। ਕ੍ਰਿਕੇਟ ਮੈਚ ਦੀ ਜੇਤੂ ਟੀਮ ਅਤੇ ਰਨਰ ਅੱਪ ਟੀਮ ਨੂੰ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਿਲੇਜ਼ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਮੀਟਿੰਗ ਵੀ ਕੀਤੀ ਅਤੇ ਉਨ੍ਹਾਂ ਨੂੰ ਨਸ਼?ਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਸੂਚਨਾ ਪੁਲਸ ਨੂੰ ਦੇਣ ਸਬੰਧੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਸਮਾਜ ਦੇ ਹਰ ਵਰਗ ਦਾ ਸਹਿਯੋਗ ਲੈ ਕੇ ਨਸ਼?ਆਂ ਦੀ ਲਾਹਣਤ ਨੂੰ ਸਖਤੀ ਨਾਲ ਖਤਮ ਕਰੇਗੀ।

## ਨਹਿਰ 'ਚ ਤੈਰਦੀ ਹੋਈ ਲਾਸ਼ ਵੇਖ ਲੋਕਾਂ ਨੂੰ ਪੈ ਗਈਆਂ ਭਾਜੜਾਂ, ਗਦਈਪੁਰ ਤੋਂ ਪੁਲਸ ਨੇ ਕੀਤੀ ਬਰਾਮਦ

ਜਲੰਧਰ 25 ਜੁਲਾਈ। ਥਾਣਾ ਮਕਸੂਦਾਂ ਦੇ ਅਧੀਨ ਆਉਂਦੇ ਪਿੰਡ ਰੰਧਾਵਾ ਨੇੜੇ ਨਹਿਰ ਵਿੱਚ ਤੈਰਦੀ ਹੋਈ ਲਾਸ ਵੇਖੀ ਗਈ। ਪਿੰਡ ਵਾਸੀਆਂ ਨੇ ਨਹਿਰ ਵਿਚ ਤੈਰਦੀ ਲਾਸ਼ ਵੇਖ ਇਸ ਦੀ ਸੂਚਨਾ ਥਾਣਾ ਮਕਸੂਦਾ ਦੀ ਪੁਲਸ ਨੂੰ ਦਿੱਤੀ। ਏ. ਐਸ. ਆਈ ਰਾਜਿੰਦਰ ਸਿੰਘ ਅਨੁਸਾਰ ਲੋਕਾਂ ਨੇ ਲਾਸ ਬਾਰੇ ਸੂਚਨਾ ਦਿੱਤੀ ਸੀ ਪਰ ਲਾਸ ਨਹੀਂ ਮਿਲੀ, ਲਾਸ ਪਾਣੀ ਵਿੱਚ ਤੈਰਦੀ ਹੋਈ ਅੱਗੇ ਗਦਈਪੁਰ ਤੱਕ ਪਹੁੰਚੀ, ਜਿੱਥੋਂ ਪੁਲਸ ਨੇ ਬਰਾਮਦ ਕਰ ਲਿਆ ਸੀ। ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਹੈ। ਲਾਸ਼ ਭੋਗਪੁਰ ਤੋਂ ਨਹਿਰ ਵਿਚ ਵਹਿੰਦੇ ਹੋਏ ਗਦਈਪੁਰ ਵਿਚ ਪਹੁੰਚੀ, ਜਿੱਥੇ ਪੁਲ ਦੇ ਕੋਲ ਫਸ ਗਈ। ਘਟਨਾ ਦੀ ਸੂਚਨਾ ਪੁਲਸ ਕੰਟਰੋਲ ਰੂਮ ਨੂੰ ਦਿੱਤੀ ਗਈ ਹੈ, ਜਿਸ ਦੇ ਬਾਅਦ ਥਾਣਾ 8 ਨੰਬਰ ਦੀ ਪੁਲਸ ਅਤੇ ਥਾਣਾ ਮਕਸਦੂਾਂ ਦੀ ਪੁਲਸ ਨੇ ਮੌਕੇ ਉਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਵੇਂ ਅਪਰਾਧਿਕ ਕਾਨੂੰਨਾਂ ਨੂੰ ਛੋਟੇ ਨਾਵਾਂ ਨਾਲ ਬੁਲਾਉਣ ਨਾਲ ਕਾਨੂੰਨ ਦੀ ਉਲੰਘਣਾ ਨਹੀਂ ਹੋਵੇਗੀ

ਚੰਡੀਗੜ੍ਹ 25 ਜੁਲਾਈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਕਿਹਾ ਹੈ ਕਿ ਜੇਕਰ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਉਨ੍ਹਾਂ ਦੇ ਛੋਟੇ ਨਾਵਾਂ ਜਿਵੇਂ ਕਿ ਬੀ. ਐੱਨ. ਐੱਸ. ਐੱਸ., ਬੀ. ਐੱਨ. ਐੱਸ., ਬੀ. ਐੱਨ. ਏ. ਦੇ ਨਾਂ ਨਾਲ ਬੁਲਾਇਆ ਜਾਵੇ ਤਾਂ ਇਹ ਕਿਸੇ ਕਾਨੂੰਨ ਦੀ ਉਲੰਘਣਾ ਨਹੀਂ ਹੋਵੇਗੀ। ਜ਼ਮਾਨਤ ਪਟੀਸ਼ਨ ਦੀ ਸੁਣਵਾਈ ਦੌਰਾਨ ਜਸਟਿਸ ਅਨੂਪ ਚਿਤਕਾਰਾ ਨੇ ਕਿਹਾ ਕਿ ਏਕਤਾ ਅਤੇ ਸਮਾਵੇਸ਼ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਭਾਸ਼ਾਈ ਪਿਛੋਕੜ ਵਾਲੇ ਲੋਕਾਂ ਲਈ ਸਾਂਝੀ ਭਾਸ਼ਾਈ ਥਾਂ ਬਣਾਉਣਾ ਮਹੱਤਵਪੂਰਨ ਹੋ ਜਾਂਦਾ ਹੈ। ਸਿਰਲੇਖਾਂ ਨੂੰ ਉਚਾਰਣ ਵਿਚ ਮੁਸ਼ਕਲ ਹੋਣ ਕਾਰਨ ਭਾਸ਼ਾਈ ਰੁਕਾਵਟਾਂ, ਬੋਧਾਤਮਕ ਹਫੜਾ-ਦਫੜੀ ਅਤੇ ਇਕਸਾਰਤਾ ਪੈਦਾ ਹੁੰਦੀ ਹੈ, ਜੋ ਕਾਨੂੰਨੀ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਕੰਮ ਕਰਨ ਤੋਂ ਰੋਕ ਸਕਦੀ ਹੈ। ਜਸਟਿਸ ਚਿਤਕਾਰਾ ਨੇ ਕਿਹਾ ਕਿ ਨਵੇਂ ਅਪਰਾਧਿਕ ਕਾਨੂੰਨਾਂ ਦੇ ਸਿਰਲੇਖਾਂ ਨੂੰ ਸੰਖੇਪ ਰੂਪ ਵਿਚ ਬੀ. ਐੱਨ. ਐੱਸ. ਐੱਸ. ਅਤੇ ਬੀ. ਐੱਸ. ਏ. ਸੰਖੇਪ ਰੂਪ ਸ਼ਬਦਾਂ ਨੂੰ ਇਸ ਤਰੀਕੇ ਨਾਲ ਮਾਨਕੀਕਰਨ ਵਿਚ ਮਦਦ ਕਰੇਗਾ ਕਿ ਉਹ ਭਾਸ਼ਾਈ ਯੋਗਤਾ ਨਾਲ ਸੰਘਰਸ਼ ਕੀਤੇ ਬਿਨਾਂ ਸਰਵ ਵਿਆਪਕ ਤੌਰ 'ਤੇ ਸਮਝੇ ਜਾਣ। ਅਦਾਲਤ ਨੇ ਕਿਹਾ ਕਿ ਸ਼ਬਦਾਂ ਨੂੰ ਪੂਰੀ ਤਰ੍ਹਾਂ ਲਿਖਣ ਦੀ ਬਜਾਏ ਸੰਖੇਪ ਰੂਪ ਦੇਣਾ ਇਕ ਕਲਾ ਹੈ, ਜੋ ਲਿਖਤੀ ਸੰਚਾਰ ਦੇ ਇਤਿਹਾਸ ਵਿਚ ਮੌਜੂਦ ਹੈ, ਜਿਸ ਵਿਚ ਪੱਥਰ 'ਤੇ ਹੱਥ-ਲਿਖਤਾਂ ਪ੍ਰਾਚੀਨ ਸ਼ਿਲਾਲੇਖਾਂ ਤੋਂ ਲੈ ਕੇ ਮੱਧਕਾਲੀ ਅਤੇ ਆਧੁਨਿਕ ਸਮੇਂ ਦੇ ਤਤਕਾਲ ਸੰਦੇਸ਼ਾਂ ਵੀ ਸ਼ਾਮਲ ਹਨ। ਅਦਾਲਤ ਨੇ ਅੱਗੇ ਕਿਹਾ ਕਿ ਸਿਰਫ ਸੰਸਦ ਮੈਂਬਰ ਅਤੇ ਵਿਧਾਇਕ ਹੀ ਨਹੀਂ, ਸਗੋਂ ਭਾਰਤ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਵੀ ਹਨ, ਜਿਨ੍ਹਾਂ ਦੇ ਨਾਂ ਲੰਬੇ ਹਨ, ਜਿਵੇਂ ਕਿ ਏ. ਆਈ. ਐੱਮ. ਆਈ. ਐੱਮ., ਭਾਜਪਾ, ਡੀ. ਐੱਮ. ਕੇ., ਜੇ. ਡੀ. ਯੂ., ਟੀ. ਡੀ. ਪੀ. ਆਦਿ।

## ਪਿੰਡ ਵਾਸੀਆਂ ਨੇ ਬਿਜਲੀ ਟਰਾਂਸਫਾਰਮਰਾਂ 'ਚੋਂ ਤੇਲ ਚੋਰੀ ਕਰਦੇ 3 ਲੋਕਾਂ ਨੂੰ ਕਾਬੂ ਕਰ ਕੀਤਾ ਪੁਲਸ ਹਵਾਲੇ

ਭੁੱਚੋ ਮੰਡੀ 25 ਜੁਲਾਈ। ਨੇੜਲੇ ਪਿੰਡ ਚੱਕ ਬੱਖਤੂ ਦੇ ਨਿਵਾਸੀਆਂ ਨੇ ਬਿਜਲੀ ਟਰਾਂਸਫਾਰਮਰਾਂ ਚੋਂ ਤੇਲ ਚੋਰੀ ਕਰਦੇ 3 ਵਿਅਕਤੀਆਂ ਨੂੰ ਕਾਬੂ ਕਰ ਲਿਆ। ਲੋਕਾਂ ਨੇ ਕਾਬੂ ਕੀਤੇ ਵਿਅਕਤੀਆਂ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ। ਭੁੱਚੋ ਮੰਡੀ ਪੁਲਸ ਵਲੋਂ ਤਿੰਨੇ ਮੁਲਜਮਾਂ ਖ਼ਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਇਨ੍ਹਾਂ ਦੀ ਪਛਾਣ ਸਫੀ ਕੁਮਾਰ, ਅਕਾਸ ਕੁਮਾਰ ਵਾਸੀ ਬਠਿੰਡਾ ਅਤੇ ਵਿੱਕੀ ਸਿੰਘ ਵਾਸੀ ਬਠਿੰਡਾ ਵਜੋਂ ਹੋਈ ਹੈ। ਪੁਲਸ ਨੂੰ ਲਿਖਾਏ ਬਿਆਨਾਂ ਵਿਚ ਮੁੱਦਈ ਨਿਰਮਲ ਸਿੰਘ ਨੇ ਦੱਸਿਆ ਕਿ ਉਕਤ ਮੁਲਜਮਾਂ ਨੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਗੁਆਂਢੀਆਂ ਦੇ ਖੇਤਾਂ ਵਿਚ ਲੱਗੇ ਸਰਕਾਰੀ ਬਿਜਲੀ ਟਰਾਂਸਫਾਰਮਰਾਂ ਵਿਚੋਂ ਤੇਲ ਚੋਰੀ ਕੀਤਾ ਹੈ।

## ਲੁੱਟਖੋਹ ਕਰਨ ਵਾਲੇ 30 ਮੋਬਾਇਲ ਸਮੇਤ 3 ਵਿਅਕਤੀ ਗ੍ਰਿਫਤਾਰ

ਬਠਿੰਡਾ 25 ਜੁਲਾਈ। ਸੀ. ਆਈ. ਏ.-1 ਵੱਲੋਂ ਰਾਹਗੀਰਾਂ ਤੋਂ ਮੋਬਾਇਲ ਫੋਨ ਖੋਹਣ ਅਤੇ ਖਰੀਦਦਾਰ ਸਮੇਤ ਤਿੰਨ ਲੋਕਾਂ ਨੂੰ ਗ੍ਰਿਫਤਾਰ ਕਰਕੇ ਖੋਹੇ ਹੋਏ ਮੋਬਾਇਲ ਫੋਨ ਬਰਾਮਦ ਕੀਤੇ ਹਨ। ਜਾਣਕਾਰੀ ਦਿੰਦਿਆਂ ਸੀ. ਆਈ. ਏ.-1 ਦੇ ਏ. ਐੱਸ. ਆਈ. ਹਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਮੁਲਜਮ ਵਿਸ਼ਾਲ ਕੁਮਾਰ, ਲਵਜੀਤ ਸਿੰਘ ਵਾਸੀ ਬਠਿੰਡਾ ਰਾਹਗੀਰਾਂ ਤੋਂ ਮੋਬਾਈਲ ਫੋਨ ਖੋਹ ਕੇ ਅੱਗੇ ਵੇਚਦੇ ਹਨ। ਜੇਕਰ ਉਕਤ ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਜਾਵੇ ਤਾਂ ਲੁੱਟਖੋਹ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ। ਪੁਲਸ ਵੱਲੋਂ ਸੂਚਨਾ ਦੇ ਆਧਾਰ 'ਤੇ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਮੁਲਜਮਾਂ ਨੇ ਦੱਸਿਆ ਕਿ ਉਹ ਲੁੱਟਖੋਹ ਕੀਤੇ ਫੋਨ ਮੁਲਜਮ ਅਮਨਪ੍ਰੀਤ ਸਿੰਘ ਨੂੰ ਵੇਚਦੇ ਸਨ।

### ਲੁੱਟ-ਖੋਹ ਦੌਰਾਨ ਆਪਣਾ ਬਚਾਅ ਕਰਦੇ ਵਿਅਕਤੀ ਦੀ ਹੋਈ ਮੌਤ

ਨੌਸ਼ਹਿਰਾ ਪੰਨੂਆਂ 25 ਜੁਲਾਈ। ਪਿੰਡ ਚੌਧਰੀਵਾਲਾ ਦੇ ਸੀਨੀਅਰ ਆਗੂ ਜਤਿੰਦਰ ਸਿੰਘ ਪੰਨੂ ਜੋ ਤਰਨਤਾਰਨ ਤੋਂ ਆਪਣੀ ਦਵਾਈ ਲੈਣ ਵਾਸਤੇ ਗਏ ਸਨ, ਜਿਨ੍ਹਾਂ ਨੂੰ ਸੇਰੋਂ ਪੁੱਲ ਤੋਂ ਚੜਨ ਸਮੇਂ ਦੋ ਵਿਅਕਤੀਆਂ ਵੱਲੋਂ ਉਨ੍ਹਾਂ ਦੀ ਖਿੱਚ ਧੂਹ ਕੀਤੀ ਗਈ ਜਿਸ ਕਾਰਨ ਉਹ ਆਪਣੀ ਸਕੂਟਰੀ ਤੋਂ ਹੇਠਾਂ ਡਿੱਗ ਪਏ, ਜਿਨ੍ਹਾਂ ਨੂੰ ਨਿੱਜੀ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਇਸ ਸਬੰਧੀ ਏ.ਐੱਸ.ਆਈ ਗੱਜਣ ਸਿੰਘ ਨੇ ਕਿਹਾ ਕਿ ਉਹ ਸੀ.ਸੀ.ਟੀ.ਵੀ ਚੈੱਕ ਕਰਕੇ ਬਣਦੀ ਕਾਰਵਾਈ ਕਰਨਗੇ। ਇਸ ਮੌਕੇ ਪੰਨੂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਸਤੇ ਸੁੱਖਵਰਸ਼ ਸਿੰਘ ਪੰਨੂ, ਸਰਪੰਚ ਪਰਮਜੀਤ ਸਿੰਘ, ਕੁਲਬੀਰ ਸਿੰਘ, ਨਵਤੇਜ ਸਿੰਘ ਆਦਿ ਪਹੁੰਚੇ।

# ਪੁਲਸ ਨੇ ਸੜਕ ਕਿਨਾਰੇ ਖੜ੍ਹੀ ਕਾਰ 'ਚੋਂ ਭੈਣ-ਭਰਾ ਨੂੰ ਕੀਤਾ ਗ੍ਰਿਫਤਾਰ

**ਏਜੰਸੀਆਂ**

ਫਿਲੌਰ 25 ਜੁਲਾਈ। ਕਾਰ 'ਚ ਬੈਠ ਕੇ ਨਸ਼ੇ ਦਾ ਸੇਵਨ ਕਰਦੇ ਭੈਣ-ਭਰਾ ਨੂੰ ਪੁਲਸ ਨੇ 20 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰੀ ਤੋਂ ਬਾਅਦ ਲੜਕੀ ਨੇ ਦੱਸਿਆ ਕਿ ਕਾਰ 'ਚ ਉਸ ਦੇ ਨਾਲ ਬੈਠ ਕੇ ਨਸ਼ੇ ਦਾ ਸੇਵਨ ਕਰਨ ਵਾਲਾ ਲੜਕਾ ਉਸ ਦੇ ਸਕੇ ਮਾਮੇ ਦਾ ਮੁੰਡਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਇੰਚਾਰਜ ਇੰਸ. ਸੁਖਦੇਵ ਸਿੰਘ ਨੇ ਦੱਸਿਆ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਛੇੜੀ ਗਈ ਵਿਸ਼ੇਸ਼ ਮੁਹਿੰਮ 'ਚ ਉਨ੍ਹਾਂ ਦੀ ਪੁਲਸ ਪਾਰਟੀ ਹੱਥ ਉਸ ਸਮੇਂ ਸਫਲਤਾ ਲੱਗੀ, ਜਦ ਸਬ-ਇੰਸਪੈਕਟਰ ਅਮਨਦੀਪ ਕੌਰ ਨੈਸ਼ਨਲ ਹਾਈਵੇ 'ਤੇ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਨੇ ਮਿਲਟਰੀ ਕੈਂਪ ਨੇੜੇ ਸੜਕ ਕਿਨਾਰੇ ਖੜ੍ਹੀ ਬ੍ਰੀਜਾ ਕਾਰ ਨੰਬਰ ਪੀ.ਬੀ. 36 ਕੇ 7294 ਨੂੰ ਦੇਖਿਆ। ਸ਼ੱਕ ਪੈਣ 'ਤੇ ਜਦ ਉਸ ਦੀ ਜਾਂਚ ਕੀਤੀ ਤਾਂ ਉਸ 'ਚ ਬੈਠੇ ਲੜਕੇ ਨੇ ਆਪਣਾ ਨਾ ਗੁਰਲੀਨ ਸਿੰਘ ਪੁੱਤਰ ਸਤਨਾਮ ਸਿੰਘ ਨਿਵਾਸੀ ਪਿੰਡ ਮੇਹਟੀਆਣਾ, ਹੁਸ਼ਿਆਰਪੁਰ ਅਤੇ ਲੜਕੀ ਨੇ ਆਪਣਾ ਨਾਂ ਬਲਵਿੰਦਰ ਕੌਰ ਪਤਨੀ ਰਮਨਦੀਪ ਸਿੰਘ ਵਾਸੀ ਥਾਣਾ ਸਦਰ ਫਗਵਾੜਾ ਦੱਸਿਆ। ਦੋਵੇਂ ਕਾਰ 'ਚ ਬੈਠ ਕੇ ਹੈਰੋਇਨ ਦਾ ਸੇਵਨ ਕਰ ਰਹੇ ਸਨ। ਪੁਲਸ ਨੇ ਉਨ੍ਹਾਂ ਕੋਲੋਂ 20 ਗ੍ਰਾਮ ਹੈਰੋਇਨ, ਇਕ ਲਾਈਟਰ



ਅਤੇ ਡਿਜੀਟਲ ਕੰਡਾ ਵੀ ਬਰਾਮਦ ਕੀਤਾ। ਪੁੱਛਗਿੱਛ ਦੌਰਾਨ ਲੜਕੀ ਨੇ ਖੁਲਾਸਾ ਕੀਤਾ ਕਿ ਉਹ ਚੰਡੀਗੜ੍ਹ 'ਚ ਬਿਊਟੀਸ਼ਨ ਦਾ ਕੋਰਸ ਕਰਨ ਗਈ ਸੀ, ਉਥੇ ਉਹ ਪੀ. ਜੀ. ਵਿਚ ਰਹਿਣ ਲੱਗ ਪਈ। ਉੱਥੇ ਹੋਰ ਵੀ ਲੜਕੀਆਂ ਰਹਿੰਦੀਆਂ ਸਨ, ਜੋ 'ਚਿੱਟੇ' ਅਤੇ ਹੈਰੋਇਨ ਵਰਗੇ ਨਸ਼ੇ ਦਾ ਸੇਵਨ ਕਰਦੀਆਂ ਸਨ। ਉਨ੍ਹਾਂ ਦੀ ਸੰਗਤ 'ਚ ਉਹ ਵੀ ਇਸ ਦਾ ਸੇਵਨ ਕਰਨ ਲੱਗ ਗਈ ਅਤੇ ਆਦੀ ਹੋ ਗਈ। ਇਕ ਦਿਨ ਜਦ ਉਸ ਨੂੰ ਨਸ਼ਾ ਨਾ ਮਿਲਿਆ ਤਾਂ ਉਸ ਦਾ ਜਿਸਮ ਬੁਰੀ ਤਰ੍ਹਾਂ ਟੁੱਟਣ ਲੱਗ ਗਿਆ, ਉਸ ਨੂੰ ਯਾਦ ਆਇਆ ਕਿ ਉਸ ਦੇ ਮਾਮੇ ਦਾ ਮੁੰਡਾ ਗੁਰਲੀਨ ਵੀ ਨਸ਼ਾ ਕਰਦਾ ਹੈ। ਉਸ ਨੇ ਭਰਾ ਨੂੰ ਫੋਨ ਕਰ ਕੇ ਦੱਸਿਆ ਕਿ ਉਹ ਨਸ਼ੇ ਦੀ ਆਦੀ ਹੋ ਚੁੱਕੀ ਹੈ, ਉਸ ਦੇ ਕੋਲ ਬਿਲਕੁਲ ਵੀ ਨਸ਼ਾ ਨਹੀਂ ਹੈ। ਗੁਰਲੀਨ ਉਸ ਕੋਲ ਨਸ਼ਾ ਲੈ ਕੇ ਆਇਆ ਅਤੇ ਦੋਵਾਂ ਨੇ ਬੈਠ ਕੇ ਨਸ਼ਾ ਕੀਤਾ। ਉਸ ਤੋਂ ਬਾਅਦ ਗੁਰਲੀਨ ਹੀ ਉਸ ਨੂੰ ਨਸ਼ਾ ਲਿਆ ਕੇ ਦਿੰਦਾ ਸੀ। ਹੈਰੋਇਨ ਦਾ ਨਸ਼ਾ ਮਹਿੰਗਾ ਹੋਣ ਕਾਰਨ ਉਹ ਜਿੰਨਾ ਵੀ ਖਰੀਦਦੇ ਸਨ ਉਸ 'ਚੋਂ ਆਪਣੇ ਪੀਣ ਲਈ ਕੱਢ ਕੇ ਬਾਕੀ ਦਾ ਵੇਚ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਅੱਜ ਵੀ ਉਹ ਫਿਲੌਰ ਦੇ ਪਿੰਡ ਮੁੱਠੜਾ ਦੇ ਰਹਿਣ ਵਾਲੇ ਸਮੱਗਲਰ ਕੁਲਵਿੰਦਰ ਪੁੱਤਰ ਪ੍ਰਕਾਸ਼ ਰਾਮ ਤੋਂ ਨਸ਼ਾ ਖਰੀਦ ਕੇ ਲਿਆਏ ਸਨ। ਪੁਲਸ ਨੇ ਕਾਰਵਾਈ ਕਰਦੇ ਹੋਏ ਸਮੱਗਲਰ ਕੁਲਵਿੰਦਰ ਨੂੰ ਵੀ ਗ੍ਰਿਫਤਾਰ ਕਰ ਲਿਆ।

# ਸਮਾਰਟ ਸਿਟੀ ਦਾ ਯੂ. ਆਈ. ਡੀ. ਨੰਬਰ ਪਲੇਟ ਪ੍ਰਾਜੈਕਟ ਵੀ ਘਿਸੜ-ਘਿਸੜ ਕੇ ਚੱਲ ਰਿਹਾ, ਅੱਧੀਆਂ ਤੋਂ ਵੀ ਘੱਟ ਪ੍ਰਾਪਰਟੀਆਂ 'ਤੇ ਹੀ ਲੱਗੀਆਂ ਪਲੇਟਾਂ

**ਏਜੰਸੀਆਂ**

ਜਲੰਧਰ 25 ਜੁਲਾਈ। ਨਗਰ ਨਿਗਮ ਜਲੰਧਰ ਨੇ ਅੱਜ ਤੋਂ ਕਈ ਸਾਲ ਪਹਿਲਾਂ ਸ਼ਹਿਰ ਦੀਆਂ ਸਾਰੀਆਂ ਪ੍ਰਾਪਰਟੀਆਂ 'ਤੇ ਯੂ. ਆਈ. ਡੀ. ਨੰਬਰ ਵਾਲੀਆਂ ਪਲੇਟਾਂ ਲਾਉਣ ਦਾ ਪ੍ਰਾਜੈਕਟ ਬਣਾਇਆ ਸੀ, ਜਿਸ ਦਾ ਮਕਸਦ ਟੈਕਸ ਸਿਸਟਮ ਨੂੰ ਅਪਗ੍ਰੇਡ ਕਰਨਾ ਸੀ ਪਰ ਨਿਗਮ ਦੇ ਅਫਸਰ ਇਸ ਪ੍ਰਾਜੈਕਟ ਨੂੰ ਸਹੀ ਢੰਗ ਨਾਲ ਅੱਗੇ ਨਹੀਂ ਵਧਾ ਸਕੇ ਅਤੇ ਅੱਜ ਵੀ ਇਹ ਪ੍ਰਾਜੈਕਟ ਪੂਰਾ ਨਹੀਂ ਹੋ ਸਕਿਆ। ਪਿਛਲੇ ਸਾਲ ਸਮਾਰਟ ਸਿਟੀ ਜਰੀਏ ਵੀ ਸ਼ਹਿਰ ਵਿਚ ਯੂ. ਆਈ. ਡੀ. ਨੰਬਰ ਪਲੇਟਾਂ ਲਾਉਣ ਦਾ ਪ੍ਰਾਜੈਕਟ ਬਣਾਇਆ ਗਿਆ ਸੀ। ਦੋਵਾਂ ਪ੍ਰਾਜੈਕਟਾਂ ਤਹਿਤ ਹੁਣ ਤਕ ਕੰਪਨੀ ਵੱਲੋਂ ਸ਼ਹਿਰ ਵਿਚ 1 ਲੱਖ 60 ਲੱਖ ਘਰਾਂ 'ਤੇ ਅਜਿਹੀਆਂ ਨੰਬਰ ਪਲੇਟਾਂ ਲਾਈਆਂ ਜਾ ਚੁੱਕੀਆਂ ਹਨ ਅਤੇ ਇਨ੍ਹਾਂ ਨੰਬਰ ਪਲੇਟਾਂ 'ਤੇ ਸੈਕਟਰ ਨੰਬਰ ਦੇ ਇਲਾਵਾ ਯੂ. ਆਈ. ਡੀ. ਨੰਬਰ ਵੀ ਲਿਖਿਆ ਹੋਇਆ ਹੈ। ਮੰਨਿਆ ਜਾ ਰਿਹਾ ਹੈ ਕਿ ਸ਼ਹਿਰ ਦੀਆਂ ਇਕ ਲੱਖ 60 ਲੱਖ ਹਜਾਰ ਪ੍ਰਾਪਰਟੀਆਂ 'ਤੇ ਸੈਕਟਰ ਨੰਬਰ ਲਿਖੇ ਜਾਣ ਤੋਂ ਬਾਅਦ ਸ਼ਹਿਰ ਦੇ ਲੱਖਾਂ ਲੋਕਾਂ ਨੂੰ ਇਹ ਤਾਂ ਪਤਾ ਲੱਗ ਗਿਆ ਹੈ ਕਿ ਉਨ੍ਹਾਂ ਦਾ ਘਰ ਕਿਸ ਸੈਕਟਰ ਵਿਚ ਆਉਂਦਾ ਹੈ ਅਤੇ ਉਹ ਕਿਸ ਸੈਕਟਰ ਵਿਚ ਕੰਮ ਆਦਿ ਕਰਦੇ ਹਨ ਪਰ ਨਿਗਮ ਦਾ ਟੈਕਸੇਸ਼ਨ ਸਿਸਟਮ ਅਜੇ ਤਕ ਅਪਗ੍ਰੇਡ ਨਹੀਂ ਹੋਇਆ ਹੈ, ਜੋ ਇਸ ਸਿਸਟਮ ਦਾ ਅਸਲ ਮਕਸਦ ਸੀ। ਸ਼ਹਿਰ ਦੀਆਂ ਪ੍ਰਾਪਰਟੀਆਂ 'ਤੇ ਜਲੰਧਰ ਨਿਗਮ ਅਤੇ ਜਲੰਧਰ ਸਮਾਰਟ ਸਿਟੀ ਦੇ ਅਧਿਕਾਰੀਆਂ ਨੇ ਯੂ. ਆਈ. ਡੀ. ਨੰਬਰ ਪਲੇਟਾਂ ਲਗਾਉਣ ਦਾ ਪ੍ਰਾਜੈਕਟ ਸ਼ੁਰੂ ਕੀਤਾ ਹੋਇਆ ਹੈ। ਇਨ੍ਹਾਂ ਨੰਬਰ ਪਲੇਟਾਂ ਦੇ ਨਾਲ ਘਰ ਦੇ ਮੁਖੀਆਂ ਦਾ ਫੋਨ ਨੰਬਰ ਵੀ ਲਿੰਕ ਕੀਤਾ ਜਾ ਰਿਹਾ ਹੈ, ਜਿਸ ਜਰੀਏ ਭਵਿੱਖ ਵਿਚ ਟੈਕਸ ਸਬੰਧੀ ਸਾਰੇ ਤਰ੍ਹਾਂ ਦੇ ਰਿਮਾਈਂਡਰ, ਮੈਸੇਜ ਅਤੇ ਰਸੀਦ ਆਦਿ ਉਸੇ ਫੋਨ ਨੰਬਰ 'ਤੇ ਆਇਆ ਕਰਨਗੇ। ਯੂ. ਆਈ. ਡੀ. ਨੰਬਰ ਪਲੇਟਾਂ ਲਾਉਣ ਤੋਂ ਬਾਅਦ ਜਿੱਥੇ ਸ਼ਹਿਰ ਸੈਕਟਰਾਂ ਵਿਚ ਵੰਡਿਆ ਜਾਵੇਗਾ, ਉਥੇ ਹੀ ਨਗਰ ਨਿਗਮ ਦੇ ਰੈਵੇਨਿਊ ਵਿਚ ਵੀ ਕਾਫੀ ਵਾਧਾ ਹੋ ਸਕਦਾ ਹੈ। ਜਿ?ਕਰਯੋਗ ਹੈ ਕਿ ਇਸ ਸਰਵੇ ਅਤੇ ਯੂ. ਆਈ. ਡੀ. ਨੰਬਰ ਅਲਾਟ ਕਰਨ ਦਾ ਸਿੱਧਾ ਫਾਇਦਾ ਪ੍ਰਾਪਰਟੀ ਟੈਕਸ ਬ੍ਰਾਂਚ, ਵਾਟਰ ਟੈਕਸ ਬ੍ਰਾਂਚ ਅਤੇ ਲਾਇਸੈਂਸ ਬ੍ਰਾਂਚ ਨੂੰ ਮਿਲੇਗਾ, ਜਿਨ੍ਹਾਂ ਘਰਾਂ 'ਤੇ ਪਲੇਟਾਂ ਲੱਗ ਚੁੱਕੀਆਂ ਹਨ, ਉਥੋਂ ਵੀ ਨਿਗਮ ਨੂੰ ਟੈਕਸ ਆਉਣਾ ਸ਼ੁਰੂ ਹੋ ਗਿਆ ਹੈ, ਜਿਸ ਨਾਲ



ਜਿਸ ਦੇ ਰੈਵੇਨਿਊ ਵਿਚ ਭਾਰੀ ਵਾਧਾ ਹੋਵੇਗਾ। ਫਿਲਹਾਲ ਮੰਨਿਆ ਜਾ ਰਿਹਾ ਹੈ ਕਿ ਪਲੇਟਾਂ ਲੱਗਣ ਤੋਂ ਬਾਅਦ ਨਿਗਮ ਦਾ ਟੈਕਸ ਸਿਸਟਮ ਸੁਧਰਨਾ ਸ਼ੁਰੂ ਹੋ ਗਿਆ ਹੈ। ਦਾਰਾਸ਼ਾਹ ਐਂਡ ਕੰਪਨੀ ਨੇ ਲੱਖਾਂ ਰੁਪਏ ਲੈ ਕੇ 2018 ਵਿਚ ਸ਼ਹਿਰ ਦਾ ਜੀ. ਆਈ. ਐੱਸ. ਸਰਵੇ ਪੂਰਾ ਕਰ ਲਿਆ ਸੀ, ਜਿਸ ਨੂੰ ਟੈਕਸੇਸ਼ਨ ਰਿਕਾਰਡ ਦੇ ਨਾਲ ਸਿਰਫ ਜੋੜਿਆ ਜਾਣਾ ਸੀ। ਅਜਿਹਾ ਕਰਨ ਨਾਲ ਨਗਰ ਨਿਗਮ ਦੀ ਆਮਦਨ ਲੱਗਭਗ 100 ਕਰੋੜ ਰੁਪਏ ਸਾਲ ਵਿਚ ਵਧ ਸਕਦੀ ਸੀ ਪਰ ਲਾਪ੍ਰਵਾਹ ਅਧਿਕਾਰੀਆਂ ਨੇ ਅਜਿਹਾ ਨਹੀਂ ਕੀਤਾ। ਇਸ ਕਾਰਨ ਨਿਗਮ ਨੂੰ 6 ਸਾਲਾਂ ਵਿਚ ਲੱਗਭਗ 500-600 ਕਰੋੜ ਰੁਪਏ ਦਾ ਚੂਨਾ ਲੱਗਾ। ਹੁਣ ਵੀ ਜੇਕਰ ਸਾਰੇ ਯੂ. ਆਈ. ਡੀ. ਨੰਬਰਾਂ ਨੂੰ ਟੈਕਸ ਰਿਕਾਰਡ ਨਾਲ ਜੋੜਿਆ ਨਹੀਂ ਜਾਂਦਾ ਤਾਂ ਆਉਣ ਵਾਲੇ ਸਮੇਂ ਵਿਚ ਸਰਕਾਰੀ ਖਜਾਨੇ ਨੂੰ ਚੂਨਾ ਲੱਗਦਾ ਰਹੇਗਾ। ਨਗਰ ਨਿਗਮ ਅਤੇ ਸਮਾਰਟ ਸਿਟੀ ਵੱਲੋਂ ਯੂ. ਆਈ. ਡੀ. ਨੰਬਰ ਪਲੇਟਾਂ ਲਾਉਣ ਅਤੇ ਜੀ. ਆਈ. ਐੱਸ. ਸਰਵੇ ਕਰਵਾਉਣ ਦੇ ਪ੍ਰਾਜੈਕਟ ਨੂੰ ਲੈ ਕੇ ਨਿਗਮ ਦੇ ਐਡੀਸ਼ਨਲ ਕਮਿਸ਼ਨਰ ਅਮਰਜੀਤ ਸਿੰਘ ਬੈਂਸ ਵੱਲੋਂ ਮੰਗਲਵਾਰ ਇਕ ਮੀਟਿੰਗ ਕੀਤੀ ਗਈ, ਜਿਸ ਦੌਰਾਨ ਟੈਕ ਇਨਫਰਾ ਸਲਿਊਸ਼ਨ ਕੰਪਨੀ ਦੇ ਪ੍ਰਤੀਨਿਧੀਆਂ ਦੇ ਇਲਾਵਾ ਸੁਪਰਿੰਟੈਂਡੈਂਟ ਮਹੀਪ ਸਰੀਨ, ਭੁਪਿੰਦਰ ਸਿੰਘ ਬੜਿੰਗ, ਰਾਜੀਵ ਰਿਸ਼ੀ, ਸਿਸਟਮ ਮੈਨੇਜਰ ਰਾਜੇਸ਼ ਸ਼ਰਮਾ, ਰੀਟਾ ਸ਼ਰਮਾ ਅਤੇ ਸਮਾਰਟ ਸਿਟੀ ਦੇ ਪ੍ਰਤੀਨਿਧੀ ਮੌਜੂਦ ਰਹੇ। ਮੀਟਿੰਗ ਦੌਰਾਨ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਸਰਵੇ ਟੀਮ ਨੂੰ ਬਿਜਲੀ, ਪਾਣੀ, ਟੈਕਸ, ਆਧਾਰ ਕਾਰਡ ਆਦਿ ਨਾਲ ਸਬੰਧਤ ਸਾਰੀ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਕਿ ਨਿਗਮ ਕੋਲ ਸਾਰੀਆਂ ਪ੍ਰਾਪਰਟੀਆਂ ਦਾ ਠੀਕ ਰਿਕਾਰਡ ਹੋਵੇ। ਮੀਟਿੰਗ ਦੌਰਾਨ ਕੰਪਨੀ ਦੇ ਕੰਮਕਾਜ ਦੀ ਸਮੀਖਿਆ ਕੀਤੀ ਗਈ ਅਤੇ ਪਾਇਆ ਗਿਆ ਕਿ ਸਰਵੇ ਟੀਮ ਦਾ ਕੰਮ ਕਾਫੀ ਲੇਟ ਚੱਲ ਰਿਹਾ ਹੈ। ਜੋ ਕੰਮ ਕੰਪਨੀ ਨੇ 31 ਦਸੰਬਰ ਤਕ ਪੂਰਾ ਕਰਨਾ ਸੀ, ਉਹ ਅਜੇ ਤਕ ਨਹੀਂ ਹੋਇਆ, ਇਸ ਕਾਰਨ ਦੂਜੀ ਕੰਪਨੀ ਪਲੇਟਾਂ ਨਹੀਂ ਲਾ ਪਾ ਰਹੀ। ਪ੍ਰਾਜੈਕਟ ਵਿਚ ਲੱਗੇ ਕੰਪਨੀ ਦੇ ਅਧਿਕਾਰੀਆਂ ਨੂੰ ਡੈੱਡਲਾਈਨ ਦਿੱਤੀ ਗਈ ਕਿ 31 ਅਗਸਤ ਤਕ ਹਰ ਹਾਲ ਵਿਚ ਕੰਮ ਪੂਰਾ ਕੀਤਾ ਜਾਵੇ ਤਾਂ ਕਿ ਇਸ ਸਰਵੇ ਨੂੰ ਟੈਕਸੇਸ਼ਨ ਸਿਸਟਮ ਨਾਲ ਜੋੜਿਆ ਜਾ ਸਕੇ।